ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 208| 31 Dec., 2025 to 6 Jan., 2026 | Ph.: (510) 240-5949 | Email: asrtimes@gmail.com

# ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਸ੍ਰੀ ਦਰਬਾਰ ਸਾਹਿਬ ਵਿੱਚ ਆਇਆ ਸ਼ਰਧਾਲੂਆਂ ਦਾ 'ਸੈਲਾਬ'

## ਸ੍ਰੀ ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਲਈ ਸ਼ਰਧਾਲੂਆਂ ਦੀਆਂ ਲੱਗੀਆਂ ਲੰਬੀਆਂ ਕਤਾਰਾਂ

## ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਪਵਿੱਤਰ ਸਰੋਵਰ ਵਿੱਚ ਲਗਾਈ ਸ਼ਰਧਾ ਦੀ ਡੁਬਕੀ

**ਜਗਮੋਹਨ ਸਿੰਘ 'ਲੱਕੀ'**



**ਗੁਰੂ ਘਰ ਦੇ ਆਸ਼ੀਰਵਾਦ ਨਾਲ ਨਵੇਂ ਸਾਲ ਦੀ ਸ਼ੁਰੂਆਤ ਕਰਨ ਲਈ ਦੇਸ਼ ਵਿਦੇਸ਼ ਦੇ ਕੋਨੇ-ਕੋਨੇ ਤੋਂ ਵੱਡੀ ਗਿਣਤੀ 'ਚ ਸੰਗਤ ਦਰਬਾਰ ਸਾਹਿਬ ਪੁੱਜੀ ਹੈ। ਮੱਥਾ ਟੇਕਣ ਲਈ ਸੰਗਤ ਦੀਆਂ ਕਤਾਰਾਂ ਪੂਰੀ ਪਰਿਕਰਮਾ ਵਿੱਚ ਫੈਲੀਆਂ ਹੋਈਆਂ ਹਨ। ਇਸ ਦੌਰਾਨ ਸੰਗਤ ਨੇ ਨਵੇਂ ਸਾਲ 'ਚ ਆਪਣੇ ਪਰਿਵਾਰਾਂ ਦੇ ਨਾਲ- ਨਾਲ ਸਮਾਜ ਤੇ ਪੰਜਾਬ ਦੀ ਖੁਸ਼ਹਾਲੀ ਦੇ ਨਾਲ ਆਪਸੀ ਭਾਈਚਾਰੇ ਲਈ ਅਰਦਾਸ ਕੀਤੀ।**

ਨਵੇਂ ਸਾਲ ਦੇ ਆਗਾਜ਼ ਮੌਕੇ ਅੱਜ ਇੱਕ ਦਿਨ ਪਹਿਲਾਂ ਹੀ ਲੱਖਾਂ ਸ਼ਰਧਾਲੂ ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੇ ਹਨ।ਸਵੇਰ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਵੀ ਪਰਿਕਰਮਾ ਲਈ ਸੰਗਤਾਂ ਦੀ ਭਾਰੀ ਭੀੜ ਦਿਖਾਈ ਦੇ ਰਹੀ ਹੈ। ਵੱਡੀ ਗਿਣਤੀ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਵੀ ਕੀਤਾ।

ਸ੍ਰੀ ਦਰਬਾਰ ਸਾਹਿਬ ਵਿੱਚ ਨਵੇਂ ਸਾਲ ਦੇ ਮੌਕੇ ਲੱਖਾਂ ਸ਼ਰਧਾਲੂਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ 1 ਜਨਵਰੀ 2026 ਨੂੰ ਕਰੀਬ 2.5 ਲੱਖ ਸ਼ਰਧਾਲੂ ਗੁਰੂ ਘਰ ਨਤਮਸਤਕ ਹੋਣ ਲਈ ਆ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਠਹਿਰਣ ਅਤੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਕੜਾਕੇ ਦੀ ਠੰਡ ਵਿਚਾਲੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਪਰਿਕਰਮਾ ਵਿੱਚ ਲੱਗੀਆਂ ਲੰਬੀਆਂ ਲਾਈਨਾਂ ਸ਼ਰਧਾਲੂਆਂ ਦੀ ਭਗਤੀ ਨੂੰ ਦਰਸਾ ਰਹੀਆਂ ਹਨ ।ਨਵੇਂ ਵਰ੍ਹੇ ਦੀ ਆਮਦ ਮੌਕੇ ਦੇਸ਼ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬਾਨਾਂ ਦਾ ਅਸ਼ੀਰਵਾਦ ਲੈ ਰਹੀਆਂ ਹਨ। ਹੱਡ ਚੀਰਵੀਂ ਠੰਡ ਅਤੇ ਸੰਘਣੀ ਧੁੰਦ ਦੇ ਬਾਵਜੂਦ ਸੰਗਤਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਪਾਵਨ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਕੇ 4 ਤੋਂ 7 ਘੰਟੇ ਤੱਕ ਕਤਾਰਾਂ 'ਚ ਇੰਤਜਾਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਲਈ ਗੁਰੂ ਘਰ ਦਾ ਅਸ਼ੀਰਵਾਦ ਲੈ ਰਹੀਆਂ ਹਨ। ਭਾਰੀ ਠੰਡ ਤੇ ਲੰਬੇ ਇੰਤਜਾਰ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ 'ਚ ਕੋਈ ਕਮੀ ਨਹੀਂ ਦੇਖਣ ਨੂੰ ਮਿਲੀ।ਇਸ ਦੌਰਾਨ ਸੰਗਤਾਂ ਆਪਣੇ ਆਪ ਨੂੰ ਭਾਗਾਂ ਵਾਲੀਆਂ ਸਮਝ ਰਹੀਆਂ ਹਨ ਕਿ ਉਨ੍ਹਾਂ ਨੂੰ ਇਸ ਮਹੱਤਵਪੂਰਨ ਦਿਹਾੜੇ ਸ੍ਰੀ ਗੁਰੂ ਰਾਮਦਾਸ ਦੇ ਦਰ ਤੋਂ ਅਸ਼ੀਰਵਾਦ ਲੈਣ ਦਾ ਮੌਕਾ ਮਿਲਿਆ ਹੈ।ਹੈਰੀਟੇਜ ਸਟ੍ਰੀਟ 'ਤੇ ਵੀ ਸ਼ਰਧਾਲੂਆਂ ਦੀ ਭਾਰੀ ਭੀੜ ਹੈ। ਦੇਸ਼ ਭਗਤੀ ਦਾ ਪ੍ਰਤੀਕ ਜੱਲਿਆਂਵਾਲਾ ਬਾਗ਼ ਵੀ ਸੈਲਾਨੀਆਂ ਲਈ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੈ। ਧਾਰਮਿਕ ਤੇ ਇਤਿਹਾਸਕ ਮਹੱਤਵ ਦੇ ਚੱਲਦੇ ਅੰਮ੍ਰਿਤਸਰ ਦੇਸ਼-ਵਿਦੇਸ਼ ਦੇ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਬਣ ਚੁੱਕਾ ਹੈ। ਸ੍ਰੀ ਹਰਿਮੰਦਰ ਸਾਹਿਬ, ਜੱਲਿਆਂਵਾਲਾ ਬਾਗ਼ ਅਤੇ ਭਾਰਤ-ਪਾਕਿਸਤਾਨ ਨੂੰ ਵੰਡਣ ਕੌਮਾਂਤਰੀ ਅਟਾਰੀ ਸਰਹੱਦ 'ਤੇ ਹੋਣ ਵਾਲੀ ਰਿਟ੍ਰੀਟ ਸੈਰੇਮਨੀ ਦੇਖਣ ਲਈ ਸੈਲਾਨੀਆਂ ਵਿੱਚ ਖ਼ਾਸਾ ਉਤਸ਼ਾਹ ਰਹਿੰਦਾ ਹੈ। ਇਹੀ ਵਜ੍ਹਾ ਹੈ ਕਿ ਸਾਲ ਦੇ ਅੰਤ ਦੀਆਂ ਛੁੱਟੀਆਂ ਤੇ ਨਵਾਂ ਸਾਲ ਮਨਾਉਣ ਲਈ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਇੱਕ ਲੱਖ ਤੋਂ ਵੱਧ ਸੈਲਾਨੀ ਅੰਮ੍ਰਿਤਸਰ ਪਹੁੰਚ ਰਹੇ ਹਨ।

ਨਵੇਂ ਸਾਲ ਨੂੰ ਜੀ ਆਇਆਂ ਕਹਿਣ ਦੇ ਪੱਛਮੀ ਢੰਗ ਤਰੀਕੇ ਦੇ ਵਧ ਰਹੇ ਰੁਝਾਨ ਵਿਚਾਲੇ ਲੋਕਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਦਾ ਰੁਝਾਨ ਵੀ ਵਧ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਵਰ੍ਹੇ 31 ਦਸੰਬਰ ਦੇ ਦਿਨ ਅਤੇ ਰਾਤ ਅਤੇ ਪਹਿਲੀ ਜਨਵਰੀ ਨੂੰ ਇੱਥੇ ਸੰਗਤ ਦੀ ਭਾਰੀ ਆਮਦ ਰਹਿੰਦੀ ਹੈ। 31 ਦਸੰਬਰ ਦੀ ਰਾਤ ਨੂੰ ਜਦੋਂ 12 ਵੱਜਦੇ ਹਨ ਤਾਂ ਇੱਥੇ ਪਰਿਕਰਮਾ ਵਿੱਚ ਸੰਗਤ ਦਾ ਹੜ੍ਹ ਆਇਆ ਹੁੰਦਾ ਹੈ। ਸੰਗਤਾਂ ਜੈਕਾਰੇ ਛੱਡ ਕੇ, ਮੂਲ ਮੰਤਰ ਦਾ ਪਾਠ ਕਰ ਕੇ ਅਤੇ ਗੁਰੂ ਘਰ ਵਿੱਚ ਨਤਮਸਤਕ ਹੁੰਦੇ ਹੋਏ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿੰਦੀਆਂ ਹਨ।

# ਅਮਰੀਕਾ ਵਿੱਚ ਸਿੱਖਾਂ ਵਿਰੁੱਧ ਵਧ ਰਹੀ ਨਫ਼ਰਤ ਨੂੰ ਰੋਕਣ ਲਈ ਨਵਾਂ ਬਿੱਲ ਪੇਸ਼

## ਇੱਕ ਵੱਡਾ ਕਦਮ ਧਾਰਮਿਕ ਆਜ਼ਾਦੀ ਵੱਲ

## ਅਮਰੀਕਾ ਦੇ ਕਾਂਗਰਸ ਮੈਂਬਰ ਜੋਸ਼ ਗੌਟਹਾਈਮਰ ਨੇ ਪੇਸ਼ ਕੀਤਾ ਬਿੱਲ




ਅਮਰੀਕਾ ਦੇ ਕਾਂਗਰਸ ਮੈਂਬਰ ਜੋਸ਼ ਗੌਟਹਾਈਮਰ (ਡੈਮੋਕ੍ਰੈਟ, ਨਿਊ ਜਰਸੀ) ਨੇ ਹਾਲ ਹੀ ਵਿੱਚ ਇੱਕ ਮਹੱਤਵਪੂਰਨ ਬਿੱਲ ਪੇਸ਼ ਕੀਤਾ ਹੈ, ਜਿਸ ਨੂੰ 'ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' ਕਿਹਾ ਜਾ ਰਿਹਾ ਹੈ। ਇਹ ਬਿੱਲ ਸਿੱਖ ਅਮਰੀਕੀਆਂ ਵਿਰੁੱਧ ਵਧ ਰਹੀ ਨਫ਼ਰਤ ਅਤੇ ਭੇਦਭਾਵ ਨੂੰ ਰੋਕਣ ਲਈ ਬਣਾਇਆ ਗਿਆ ਹੈ। ਗੌਟਹਾਈਮਰ ਨੇ ਇਹ ਬਿੱਲ 19 ਦਸੰਬਰ 2025 ਨੂੰ ਗਲੈਨ ਰੌਕ ਗੁਰਦੁਆਰੇ ਵਿੱਚ ਸਿੱਖ ਭਾਈਚਾਰੇ ਦੇ ਨੇਤਾਵਾਂ ਨਾਲ ਮਿਲ ਕੇ ਪੇਸ਼ ਕੀਤਾ। ਇਹ ਬਿੱਲ ਦੋਪਾਰਟੀਸਨ (ਬਾਈਪਾਰਟੀਸਨ) ਹੈ, ਭਾਵ ਦੋਵੇਂ ਪਾਰਟੀਆਂ ਦੇ ਮੈਂਬਰਾਂ ਦਾ ਸਮਰਥਨ ਹੈ।

ਗੌਟਹਾਈਮਰ ਅਮਰੀਕਨ ਸਿੱਖ ਕਾਂਗਰੈਸਨਲ ਕਾਕਸ ਦੇ ਮੈਂਬਰ ਹਨ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਨਫ਼ਰਤ ਦੇ ਹਮਲਿਆਂ ਦਾ ਤੀਜਾ ਸਭ ਤੋਂ ਵੱਡਾ ਨਿਸ਼ਾਨਾ ਬਣ ਰਿਹਾ ਹੈ।ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੀ 2024 ਦੀ ਰਿਪੋਰਟ ਅਨੁਸਾਰ, ਸਿੱਖਾਂ ਖ਼ਿਲਾਫ਼ 153 ਨਫ਼ਰਤੀ ਅਪਰਾਧ ਹੋਏ ਸਨ। ਇਹ ਅੰਕੜਾ ਯਹੂਦੀ ਅਤੇ ਮੁਸਲਿਮ ਭਾਈਚਾਰਿਆਂ ਤੋਂ ਬਾਅਦ ਤੀਜੇ ਨੰਬਰ 'ਤੇ ਹੈ। ਸਿੱਖ ਭਾਈਚਾਰੇ ਦੀ ਆਬਾਦੀ ਨੂੰ ਵੇਖਦੇ ਹੋਏ ਇਹ ਅੰਕੜਾ ਬਹੁਤ ਚਿੰਤਾਜਨਕ ਹੈ। ਪਿਛਲੇ ਸਾਲਾਂ ਵਿੱਚ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਵੇਂ ਕਿ ਪੱਗ ਵਾਲੇ ਵਿਅਕਤੀਆਂ ਨੂੰ ਜਿਹਾਦੀ ਸਮਝ ਕੇ ਹਮਲੇ ਕੀਤੇ ਜਾਂਦੇ ਰਹੇ ਹਨ।

ਗੌਟਹਾਈਮਰ ਨੇ ਆਪਣੇ ਬਿਆਨ ਵਿੱਚ ਕਿਹਾ, 'ਸੰਸਾਰ ਦੇ ਸਭ ਤੋਂ ਵਧੀਆ ਦੇਸ਼ ਅਮਰੀਕਾ ਵਿੱਚ ਨਫ਼ਰਤ ਜਾਂ ਅਸਹਿਣਸ਼ੀਲਤਾ ਲਈ ਕੋਈ ਥਾਂ ਨਹੀਂ ਹੈ। ਅਸੀਂ ਆਪਣੇ ਸਿੱਖ ਭਰਾਵਾਂ ਅਤੇ ਭੈਣਾਂ ਨੂੰ ਹਰ ਰੋਜ਼ ਹਮਲੇ ਹੁੰਦੇ ਵੇਖ ਕੇ ਚੁੱਪ ਨਹੀਂ ਰਹਿ ਸਕਦੇ।' ਉਨ੍ਹਾਂ ਨੇ ਅੱਗੇ ਕਿਹਾ, 'ਜੇ ਅਸੀਂ ਨਫ਼ਰਤ ਅਤੇ ਅਸਹਿਣਸ਼ੀਲਤਾ ਨੂੰ ਰੋਕ ਨਹੀਂ ਸਕੇ ਤਾਂ ਅਸੀਂ ਆਪਣੇ ਦੇਸ਼ ਦੇ ਬੁਨਿਆਦੀ ਸਿਧਾਂਤਾਂ ਨੂੰ ਛੱਡ ਦੇਵਾਂਗੇ। ਅਸੀਂ ਧਾਰਮਿਕ ਆਜ਼ਾਦੀ ਅਤੇ ਸਹਿਣਸ਼ੀਲਤਾ ਨੂੰ ਵਧਾਉਣ ਲਈ ਵਚਨਬੱਧ ਹਾਂ।'

ਇਸ ਬਿੱਲ ਅਨੁਸਾਰ ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਵਿੱਚ ਇੱਕ ਖਾਸ ਟਾਸਕ ਫੋਰਸ ਬਣਾਈ ਜਾਵੇਗੀ। ਇਹ ਟਾਸਕ ਫੋਰਸ ਸਿੱਖ ਵਿਰੋਧੀ ਨਫ਼ਰਤ ਦੀ ਸਹੀ ਪਰਿਭਾਸ਼ਾ ਤੈਅ ਕਰੇਗੀ। ਇਹ ਸਕੂਲਾਂ, ਕਾਲਜਾਂ ਅਤੇ ਪੁਲਿਸ ਨੂੰ ਸਿੱਖ ਵਿਰੋਧੀ ਨਫ਼ਰਤ ਨੂੰ ਸਮਝਣ ਅਤੇ ਰੋਕਣ ਲਈ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਬਣਾਏਗੀ। ਇਹ ਟਾਸਕ ਫੋਰਸ ਸਿੱਖ ਭਾਈਚਾਰੇ ਨਾਲ ਨਿਯਮਿਤ ਮੀਟਿੰਗਾਂ ਕਰੇਗੀ ਅਤੇ ਹਰ ਸਾਲ ਕਾਂਗਰਸ ਨੂੰ ਸਿੱਖਾਂ ਖਿਲਾਫ਼ ਹੋਣ ਵਾਲੇ ਨਫ਼ਰਤੀ ਅਪਰਾਧਾਂ ਬਾਰੇ ਵਿਸਤ੍ਰਿਤ ਰਿਪੋਰਟ ਦੇਵੇਗੀ।

ਇਸ ਬਿੱਲ ਦੇ ਪਾਸ ਹੋਣ ਨਾਲ ਸਿੱਖ ਅਮਰੀਕੀਆਂ ਨੂੰ ਵੱਡੀ ਰਾਹਤ ਮਿਲੇਗੀ। ਪਹਿਲਾਂ ਤਾਂ ਨਫ਼ਰਤੀ ਅਪਰਾਧਾਂ ਨੂੰ ਸਹੀ ਤਰ੍ਹਾਂ ਪਛਾਣਨ ਅਤੇ ਰਿਪੋਰਟ ਕਰਨ ਵਿੱਚ ਮਦਦ ਮਿਲੇਗੀ। ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਸਹੀ ਜਾਣਕਾਰੀ ਮਿਲੇਗੀ, ਜਿਸ ਨਾਲ ਗਲਤਫਹਿਮੀਆਂ ਘਟਣਗੀਆਂ। ਪੁਲਿਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਟ੍ਰੇਨਿੰਗ ਮਿਲੇਗੀ, ਜਿਸ ਨਾਲ ਸਿੱਖਾਂ ਖਿਲਾਫ਼ ਹਮਲਿਆਂ ਨੂੰ ਰੋਕਣ ਵਿੱਚ ਮਦਦ ਹੋਵੇਗੀ।

(ਬਾਕੀ ਸਫ਼ਾ 26 'ਤੇ)

# ਵਿਦੇਸ਼ਾਂ 'ਚ ਸਿੱਖ ਨਗਰ ਕੀਰਤਨ: ਏਕਤਾ, ਪਹਿਚਾਣ ਅਤੇ ਨਸਲਵਾਦ ਵਿਰੋਧੀ ਸੰਦੇਸ਼ ਦਾ ਜ਼ਬਰਦਸਤ ਮਾਧਿਅਮ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916






ਨਿਊਜ਼ੀਲੈਂਡ ਦੇ ਸਾਊਥ ਔਕਲੈਂਡ ਵਿੱਚ ਹਾਲ ਹੀ ਵਿੱਚ ਇੱਕ ਸਿੱਖ ਨਗਰ ਕੀਰਤਨ ਨੂੰ ਨਸਲਵਾਦੀ ਗਰੁੱਪ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਪੂਰੀ ਦੁਨੀਆ ਵਿੱਚ ਚਰਚਾ ਛਿੜ ਗਈ ਹੈ। ਇਹ ਨਗਰ ਕੀਰਤਨ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸੀ ਅਤੇ ਇਸ ਦਾ ਡੈਸਟਿਨੀ ਚਰਚ ਦੇ ਸੰਸਥਾਪਕ ਬ੍ਰਾਇਨ ਤਮਾਕੀ ਦੇ ਸਮਰਥਕਾਂ ਨੇ ਵਿਰੋਧ ਕੀਤਾ। ਉਨ੍ਹਾਂ ਨੇ ਹਾਕਾ ਡਾਂਸ ਕੀਤਾ ਅਤੇ ਬੈਨਰ ਲਹਿਰਾਏ ਜਿਨ੍ਹਾਂ ਉੱਤੇ ਲਿਖਿਆ ਸੀ 'ਇਹ ਨਿਊਜ਼ੀਲੈਂਡ ਹੈ, ਨਾ ਕਿ ਇੰਡੀਆ'। ਪੁਲਿਸ ਨੇ ਵਿਚਕਾਰ ਆ ਕੇ ਮਾਮਲੇ ਨੂੰ ਸੰਭਾਲ ਲਿਆ ਅਤੇ ਨਗਰ ਕੀਰਤਨ ਸ਼ਾਂਤੀ ਨਾਲ ਅੱਗੇ ਵਧਿਆ। ਨੈਸ਼ਨਲ ਪਾਰਟੀ ਦੀ ਐਮ.ਪੀ. ਨੇ ਤਮਾਕੀ ਦੀ ਨਸਲੀ ਕਾਰਵਾਈ ਨੂੰ ਦੁਖਦਾਈ ਕਰਾਰ ਦਿੱਤਾ ਸੀ ਅਤੇ ਫ਼੍ਰੀ ਸਪੀਚ ਯੂਨੀਅਨ ਨੇ ਵੀ ਨਿੰਦਾ ਕੀਤੀ।

ਇਸ ਘਟਨਾ ਨੇ ਇੱਕ ਵਾਰ ਫ਼ਿਰ ਸਿੱਖ ਭਾਈਚਾਰੇ ਨੂੰ ਵਿਦੇਸ਼ਾਂ ਵਿੱਚ ਨਸਲਵਾਦ ਨਾਲ ਨਜਿੱਠਣ ਦੀ ਚੁਣੌਤੀ ਨੂੰ ਉਜਾਗਰ ਕੀਤਾ ਹੈ। ਪਰ ਇਸ ਨੇ ਇਹ ਵੀ ਸਾਬਤ ਕੀਤਾ ਕਿ ਨਗਰ ਕੀਰਤਨ ਵਰਗੇ ਆਯੋਜਨ ਨਾ ਸਿਰਫ਼ ਧਾਰਮਿਕ ਮਹੱਤਵ ਰੱਖਦੇ ਹਨ ਬਲਕਿ ਏਕਤਾ, ਪਹਿਚਾਣ ਅਤੇ ਨਸਲਵਾਦ ਵਿਰੋਧੀ ਸੰਦੇਸ਼ ਨੂੰ ਫ਼ੈਲਾਉਣ ਦਾ ਜ਼ਬਰਦਸਤ ਮਾਧਿਅਮ ਬਣ ਚੁੱਕੇ ਹਨ।

ਵਿਦੇਸ਼ਾਂ ਵਿੱਚ ਨਗਰ ਕੀਰਤਨ ਦੀ ਸ਼ੁਰੂਆਤ ਅੰਗਰੇਜ਼ੀ ਰਾਜ ਵੇਲੇ ਤੋਂ ਹੋਈ ਸੀ, ਜਦੋਂ ਸਿੱਖ ਪੁਰਖਿਆਂ ਨੇ ਆਪਣੇ ਧਰਮ ਨੂੰ ਜਾਗ੍ਰਿਤ ਰੱਖਣ ਲਈ ਇਹ ਰਣਨੀਤੀ ਅਪਣਾਈ। ਅੱਜ ਇਹ ਆਧੁਨਿਕ ਰੂਪ ਵਿੱਚ ਯੂਰਪ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਆਯੋਜਿਤ ਹੁੰਦੇ ਹਨ। ਲੰਡਨ ਦੇ ਸਾਊਥਹਾਲ ਵਿੱਚ ਹਰ ਸਾਲ ਨਿਕਲਣ ਵਾਲਾ ਨਗਰ ਕੀਰਤਨ ਯੂਰਪ ਦਾ ਸਭ ਤੋਂ ਵੱਡਾ ਸਿੱਖ ਇਕੱਠ ਬਣ ਗਿਆ ਹੈ। ਨਿਊਯਾਰਕ ਦੇ ਟਾਈਮਜ਼ ਸਕੁਏਅਰ, ਟੋਰਾਂਟੋ ਦੀ ਯੂਨੀਵਰਸਿਟੀ ਐਵੇਨਿਊ, ਸਿਡਨੀ ਦੇ ਸੈਂਟਰਲ ਬਿਜ਼ਨੈੱਸ ਡਿਸਟ੍ਰਿਕਟ ਅਤੇ ਮੈਲਬਰਨ ਦੇ ਫ਼ੈਡਰੇਸ਼ਨ ਸਕੁਏਅਰ ਵਿੱਚ ਇਹ ਜਲਸੇ ਸਥਾਨਕ ਸਭਿਆਚਾਰ ਦਾ ਹਿਸਾ ਬਣ ਚੁੱਕੇ ਹਨ। ਇਹ ਨਾ ਸਿਰਫ਼ ਧਾਰਮਿਕ ਪ੍ਰਦਰਸ਼ਨ ਹਨ ਬਲਕਿ ਸਿੱਖ ਨੌਜਵਾਨਾਂ ਨੂੰ ਆਪਣੇ ਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਦੇ ਹਨ। ਇੱਕ ਖੋਜ ਮੁਤਾਬਕ, ਕੈਨੇਡਾ ਵਿੱਚ 18-35 ਸਾਲਾਂ ਦੇ 68 ਫ਼ੀਸਦੀ ਸਿੱਖ ਨੌਜਵਾਨਾਂ ਨੇ ਕਿਹਾ ਕਿ ਨਗਰ ਕੀਰਤਨ ਵਿੱਚ ਹਿੱਸਾ ਲੈਣ ਨਾਲ ਉਨ੍ਹਾਂ ਨੂੰ ਆਪਣੀ ਪਹਿਚਾਣ ਨਾਲ ਜੁੜੇ ਰਹਿਣ ਵਿੱਚ ਮੱਦਦ ਮਿਲਦੀ ਹੈ।

ਨਗਰ ਕੀਰਤਨ ਸਿੱਖ ਪਹਿਚਾਣ ਨੂੰ ਮਜ਼ਬੂਤ ਕਰਨ ਵਾਲਾ ਇੱਕ ਸੰਗੀਤਮਈ ਅਤੇ ਸਭਿਆਚਾਰਕ ਪ੍ਰਦਰਸ਼ਨ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਾਲ ਚੱਲਦੇ ਹੋਏ ਸੰਗਤ ਗੁਰਬਾਣੀ ਕੀਰਤਨ ਕਰਦੀ ਹੈ ਅਤੇ ਲੰਗਰ ਵੰਡ ਕੇ ਮਨੁੱਖਤਾ ਦੀ ਸੇਵਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ 'ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ' ਇਨ੍ਹਾਂ ਜਲਸਿਆਂ ਰਾਹੀਂ ਵਿਦੇਸ਼ੀ ਗਲੀਆਂ ਵਿੱਚ ਗੂੰਜਦਾ ਹੈ। ਸਿੱਖ ਧਰਮ ਦਾ ਮੂਲ ਸੰਦੇਸ਼ ਹੈ ਕਿ ਸਾਰੇ ਮਨੁੱਖ ਇੱਕ ਅਕਾਲ ਪੁਰਖ ਦੀ ਸੰਤਾਨ ਹਨ ਅਤੇ ਬਰਾਬਰੀ ਦੇ ਹੱਕਦਾਰ ਹਨ। ਇਸ ਸੰਦੇਸ਼ ਨੂੰ ਲੈ ਕੇ ਸਿੱਖ ਭਾਈਚਾਰਾ ਵਿਦੇਸ਼ਾਂ ਵਿੱਚ ਲੰਗਰ ਦੀ ਸੇਵਾ, ਬੇਘਰ ਲੋਕਾਂ ਲਈ ਭੋਜਨ ਵੰਡਣਾ, ਬਲੱਡ ਡੋਨੇਸ਼ਨ ਕੈਂਪ ਅਤੇ ਵਾਤਾਵਰਣ ਸੰਭਾਲ ਦੇ ਪ੍ਰੋਗਰਾਮ ਚਲਾਉਂਦਾ ਹੈ। 2023 ਵਿੱਚ ਲੰਡਨ ਨਗਰ ਕੀਰਤਨ ਵਿੱਚ ਸਿੱਖਾਂ ਨੇ 12,000 ਤੋਂ ਵੱਧ ਲੰਗਰ ਪੈਕੇਟ ਵੰਡੇ, ਜਿਨ੍ਹਾਂ ਵਿੱਚ ਬਹੁਤੇ ਗੈਰ-ਸਿੱਖ ਪਰਿਵਾਰਾਂ ਨੂੰ ਮਿਲੇ। ਇਸ ਤਰ੍ਹਾਂ ਨਗਰ ਕੀਰਤਨ ਧਾਰਮਿਕ ਨਹੀਂ ਬਲਕਿ ਮਨੁੱਖਤਾ ਦੀ ਸੇਵਾ ਦਾ ਮਾਧਿਅਮ ਬਣਦੇ ਹਨ।

ਨਸਲਵਾਦ ਵਿਰੁੱਧ ਸਿੱਖਾਂ ਦੀ ਲੜਾਈ 9/11 ਤੋਂ ਬਾਅਦ ਵਧੀ ਹੈ। ਪੱਗ ਅਤੇ ਦਾੜ੍ਹੀ ਕਾਰਨ ਸਿੱਖਾਂ ਨੂੰ ਗਲਤਫ਼ਹਿਮੀਆਂ ਨਾਲ ਨਜਿੱਠਣਾ ਪੈਂਦਾ ਹੈ। ਇਸ ਦੇ ਜਵਾਬ ਵਿੱਚ ਨਗਰ ਕੀਰਤਨ ਅਤੇ ਜਾਗਰੂਕਤਾ ਮੁਹਿੰਮਾਂ ਨੇ ਭੂਮਿਕਾ ਨਿਭਾਈ ਹੈ। 2024 ਵਿੱਚ ਅਮਰੀਕਾ ਵਿੱਚ ਸਿੱਖ ਕੋਲੀਸ਼ਨ ਫ਼ਾਰ ਸਿਵਲ ਰਾਈਟਸ ਨੇ 50 ਸਕੂਲਾਂ ਵਿੱਚ ਸਿੱਖ ਧਰਮ ਬਾਰੇ ਪ੍ਰੋਗਰਾਮ ਚਲਾਏ, ਜਿਸ ਨਾਲ ਬੁਲਿੰਗ ਘਟੀ ਹੈ। ਯੂਕੇ ਵਿੱਚ ਸਿੱਖ ਫ਼ੈਡਰੇਸ਼ਨ ਨੇ ਪੁਲਿਸ ਅਤੇ ਸਰਕਾਰ ਨਾਲ ਮਿਲ ਕੇ ਧਾਰਮਿਕ ਪ੍ਰਤੀਕਾਂ ਨੂੰ ਮਾਨਤਾ ਦਿਵਾਈ ਸੀ। ਨਗਰ ਕੀਰਤਨ ਵਿੱਚ ਹੁਣ ਸਿੱਖਾਂ ਦਾ ਹੋਰ ਘੱਟਗਿਣਤੀ ਗਰੁੱਪਾਂ ਨਾਲ ਗਠਜੋੜ ਵਧ ਰਿਹਾ ਹੈ। 2024 ਵਿੱਚ ਟੋਰਾਂਟੋ ਨਗਰ ਕੀਰਤਨ ਵਿੱਚ ਬਲੈਕ ਲਾਈਵਜ਼ ਮੈਟਰ ਅਤੇ ਇੰਡੀਜੀਨਸ ਭਾਈਚਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਨਗਰ ਕੀਰਤਨ ਨਸਲਵਾਦ ਵਿਰੋਧੀ ਲੜਾਈ ਵਿੱਚ ਏਕਤਾ ਦਾ ਪ੍ਰਤੀਕ ਬਣਦੇ ਹਨ।

ਡਾਇਸਪੋਰਾ ਵਿੱਚ ਸਿੱਖ ਧਰਮ ਦਾ ਭਵਿੱਖ ਡਿਜੀਟਲ ਪਲੇਟਫ਼ਾਰਮਾਂ ਨਾਲ ਜੁੜ ਰਿਹਾ ਹੈ। ਯੂਨਾਈਟਿਡ ਸਿੱਖਸ, ਸਿੱਖ ਰਾਈਟਸ ਗਰੁੱਪ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਰਗੀਆਂ ਸੰਸਥਾਵਾਂ ਆਨਲਾਈਨ ਸਿੱਖਿਆ, ਗੁਰਬਾਣੀ ਅਨੁਵਾਦ ਅਤੇ ਅੰਤਰ-ਧਰਮ ਸੰਵਾਦ ਚਲਾ ਰਹੀਆਂ ਹਨ। ਨਗਰ ਕੀਰਤਨ ਨੂੰ ਧਾਰਮਿਕ ਅਤੇ ਸਮਾਜ ਸੇਵਾ ਨਾਲ ਜੋੜਨਾ ਚਾਹੀਦਾ, ਨਾ ਕਿ ਸਿਆਸੀ ਮੁੱਦਿਆਂ ਨਾਲ। ਅੱਜ ਦੇ ਹਾਲਾਤ ਵਿੱਚ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਸਾਰੀਆਂ ਘੱਟਗਿਣਤੀਆਂ ਅਤੇ ਬਹੁਗਿਣਤੀ ਨਾਲ ਨੇੜਤਾ ਬਣਾਉਣੀ ਚਾਹੀਦੀ ਹੈ ਤਾਂ ਜੋ ਤਮਾਕੀ ਵਰਗੇ ਨਸਲਵਾਦੀ ਸਫ਼ਲ ਨਾ ਹੋਣ। ਨਗਰ ਕੀਰਤਨਾਂ ਦੀ ਥਾਂ ਗੁਰਦੁਆਰਿਆਂ ਵਿੱਚ ਸਾਰੇ ਧਰਮਾਂ ਦੇ ਲੀਡਰਾਂ ਨੂੰ ਬੁਲਾ ਕੇ ਸਨਮਾਨਿਤ ਕਰਨਾ ਅਤੇ ਅੰਤਰ-ਧਰਮ ਵਿਚਾਰ ਵਟਾਂਦਰੇ ਕਰਨੇ ਚਾਹੀਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ 'ਸਰਬੱਤ ਦੇ ਭਲੇ, ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ। ਮਨੁੱਖੀ ਅਧਿਕਾਰਾਂ ਦੇ ਰਾਖੇ ਨੂੰ ਧਰਮਾਂ ਅਤੇ ਨਸਲਾਂ ਤੋਂ ਉੱਪਰ ਉਠ ਕੇ ਸਨਮਾਨਿਤ ਕਰਨਾ ਚਾਹੀਦਾ ਤਾਂ ਜੋ ਸਿੱਖ ਪੰਥ ਦੀ ਸਾਂਝੀਵਾਲਤਾ ਦੀ ਲਹਿਰ ਅੱਗੇ ਵਧੇ।

**ਦਸਵੰਧ ਦੀ ਰਕਮ ਜ਼ਰੂਰਤਮੰਦ ਸਿੱਖਾਂ ਅਤੇ ਗੈਰ-ਸਿੱਖਾਂ ਉੱਤੇ ਖਰਚ ਕਰਨੀ ਚਾਹੀਦੀ ਹੈ।**

ਸਿੱਖਾਂ ਨੂੰ ਇੱਕ ਸਰਬ ਪ੍ਰਵਾਨਿਤ ਗਲੋਬਲ ਸਿੱਖ ਸੰਸਥਾ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਵਰਲਡ ਸਿੱਖ ਕੌਂਸਲ, ਸਿੱਖ ਕੋਲੀਸ਼ਨ ਅਤੇ ਹੋਰ ਕੌਮਾਂਤਰੀ ਜਥੇਬੰਦੀਆਂ ਨੂੰ ਜੋੜਨਾ ਚਾਹੀਦਾ ਹੈ। ਇਸ ਵਿੱਚ ਦੁਨੀਆ ਭਰ ਦੇ ਸਿੱਖ ਐੱਮਪੀਜ਼, ਵਿਧਾਇਕ, ਉੱਚ ਅਧਿਕਾਰੀ, ਧਨਾਢ ਸਿੱਖ, ਬੁੱਧੀਜੀਵੀ ਅਤੇ ਮੀਡੀਆ ਹਸਤੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇੱਕ ਅੰਤਰਰਾਸ਼ਟਰੀ ਫ਼ੰਡ ਵੀ ਬਣਾਉਣਾ ਚਾਹੀਦਾ ਹੈ ਜੋ ਦੁਨੀਆ ਵਿੱਚ ਕਿਸੇ ਵੀ ਧਰਮ ਦੇ ਲੋਕਾਂ ਦੀ ਮੁਸੀਬਤ ਵਿੱਚ ਪਹਿਲਾਂ ਮੱਦਦ ਕਰੇ। ਸਿੱਖ ਲੀਡਰਸ਼ਿਪ ਨੂੰ ਤਮਾਕੀ ਵਿਰੋਧੀਆਂ ਨਾਲ ਮਿਲ ਕੇ ਜਾਣਕਾਰੀ ਲੈਣੀ ਚਾਹੀਦੀ ਅਤੇ ਉਸ ਦੇ ਕਾਰਨਾਮਿਆਂ ਬਾਰੇ ਸਬੂਤ ਇਕਠੇ ਕਰਕੇ ਨਿਊਜ਼ੀਲੈਂਡ ਸਕਿਊਰਿਟੀ ਇੰਟੈਲੀਜੈਂਸ ਸਰਵਿਸ ਨੂੰ ਜਾਂਚ ਲਈ ਸ਼ਿਕਾਇਤ ਕਰਨੀ ਚਾਹੀਦੀ ਹੈ। ਜੇ ਸਰਕਾਰ ਸਬੂਤ ਘੱਟ ਮੰਨੇ ਤਾਂ ਪ੍ਰਾਈਵੇਟ ਏਜੰਸੀ ਤੋਂ ਜਾਂਚ ਕਰਵਾ ਕੇ ਸਬੂਤ ਇਕੱਠੇ ਕਰਨੇ ਚਾਹੀਦੇ ਹਨ। ਇਸ ਨਾਲ ਇਹ ਵੀ ਪਤਾ ਲੱਗੇਗਾ ਕਿ ਕਿਤੇ ਇਸ ਪਿੱਛੇ ਸਿੱਖਾਂ ਵਿਰੁੱਧ ਅੰਤਰਰਾਸ਼ਟਰੀ ਸਾਜ਼ਿਸ਼ ਤਾਂ ਨਹੀਂ ਚੱਲ ਰਹੀ।

ਕੀ ਸਿੱਖਾਂ ਨੂੰ ਨਗਰ ਕੀਰਤਨ ਬੰਦ ਕਰਨੇ ਚਾਹੀਦੇ ਹਨ ਜਾਂ ਇਸ ਦੀ ਰੂਪਰੇਖਾ ਬਦਲੀ ਜਾਵੇ? ਬਹੁਗਿਣਤੀ ਵਿਦਵਾਨਾਂ ਦੀ ਰਾਏ ਹੈ ਕਿ ਨਗਰ ਕੀਰਤਨ ਬੰਦ ਨਹੀਂ ਕਰਨੇ ਚਾਹੀਦੇ ਬਲਕਿ ਉਨ੍ਹਾਂ ਨੂੰ ਵਧੇਰੇ ਮਨੁੱਖਤਾ ਪੱਖੀ ਬਣਾਉਣਾ ਚਾਹੀਦਾ ਹੈ।

ਇਨ੍ਹਾਂ ਦੇ ਫ਼ਾਇਦੇ ਬਹੁਤ ਹਨ - ਏਕਤਾ ਵਧਾਉਣਾ, ਪਹਿਚਾਣ ਮਜ਼ਬੂਤ ਕਰਨਾ ਅਤੇ ਨਸਲਵਾਦ ਵਿਰੋਧੀ ਸੰਦੇਸ਼ ਫ਼ੈਲਾਉਣਾ। ਪਰ ਯੋਜਨਾਬੰਦੀ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ ਜਿਵੇਂ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨਾ, ਪੁਲਿਸ ਨਾਲ ਪਹਿਲਾਂ ਤੋਂ ਸਹਿਯੋਗ ਅਤੇ ਡਿਜੀਟਲ ਮੀਡੀਆ ਰਾਹੀਂ ਜਾਗਰੂਕਤਾ। ਵਰਲਡ ਲੈਵਲ ਦੀ ਜਥੇਬੰਦੀ ਬਣਾਉਣ ਲਈ ਸਿੱਖ ਆਗੂਆਂ ਨੂੰ ਇੱਕ ਮੰਚ 'ਤੇ ਆਉਣਾ ਚਾਹੀਦਾ ਹੈ ਅਤੇ ਨਸਲਵਾਦੀ ਗਰੁੱਪਾਂ ਵਿਰੁੱਧ ਕਾਨੂੰਨੀ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਨਗਰ ਕੀਰਤਨ ਸਿੱਖ ਧਰਮ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣਗੇ।

# ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਦਾ ਨਸਲਵਾਦੀ ਵਿਰੋਧ: ਸਿੱਖ ਪੰਥ ਵਿਰੁੱਧ ਖੁੱਲ੍ਹੀ ਚੁਣੌਤੀ : ਖ਼ਾਲਸਾ

## ਸਿੱਖ ਪੰਥ ਵਿਦੇਸ਼ਾਂ ਵਿੱਚ ਸੇਵਾ, ਨਿਆਂ, ਸ਼ਾਂਤੀ ਅਤੇ ਸਾਂਝੀਵਾਲਤਾ ਦੇ ਹੱਕ ਵਿੱਚ ਡਟਕੇ ਖਲੋਵੇ

## ਨਿਊਜ਼ੀਲੈਂਡ ਸਰਕਾਰ ਤੋਂ ਮੰਗ: ਨਫ਼ਰਤ ਫ਼ੈਲਾਉਣ ਵਾਲੇ ਗਰੁੱਪਾਂ ਵਿਰੁੱਧ ਸਖ਼ਤ ਕਾਰਵਾਈ ਹੋਵੇ

ਕਨੈਟੀਕਟ/ਏ.ਟੀ.ਨਿਊਜ਼: ਨਿਊਜ਼ੀਲੈਂਡ ਵਿੱਚ ਹਾਲ ਹੀ ਵਿੱਚ ਵਾਪਰੀ ਘਟਨਾ ਬਾਰੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਪੰਥਕ ਆਗੂ ਸਵਰਨਜੀਤ ਸਿੰਘ ਖ਼ਾਲਸਾ ਮੇਅਰ, ਨੌਰਵਿਚ, ਕਨੈਕਟੀਕਟ, ਅਮਰੀਕਾ ਨੇ ਕਿਹਾ ਕਿ ਪਿਛਲੇ ਦਿਨੀਂ ਨਿਊਜੀਲੈਂਡ ਵਿਖੇ ਨਾਨਕਸਰ ਸਿੱਖ ਟੈਂਪਲ ਵੱਲੋਂ ਆਯੋਜਿਤ ਨਗਰ ਕੀਰਤਨ ਨੂੰ 'ਟਰੂ ਪੈਟ੍ਰੀਓਟਸ ਆਫ਼ ਐੱਨਜ਼ੈੱਡ' ਨਾਂਅ ਦੇ ਨਸਲਵਾਦੀ ਗਰੁੱਪ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਰਵਾਇਤੀ ਹਾਕਾ ਨਾਚ ਕੀਤਾ ਅਤੇ ਬੈਨਰ ਲਾਏ ਜਿਸ ਉੱਤੇ ਲਿਖਿਆ ਸੀ: ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ ਜੋ ਕਿ ਨਾ ਸਿਰਫ਼ ਸਿੱਖ ਪੰਥ ਵਿਰੁੱਧ ਹਮਲਾ ਹੈ, ਸਗੋਂ ਮਨੁੱਖਤਾ ਵਿਰੁਧ ਗੰਭੀਰ ਵਾਇਰਸ ਨਸਲਵਾਦ ਹੈ ਅਤੇ ਬਹੁਸਭਿਆਚਾਰ ਤੇ ਮਨੁੱਖਤਾ ਵਿਰੁੱਧ ਖੁੱਲ੍ਹੀ ਚੁਣੌਤੀ ਹੈ।



ਖਾਲਸਾ ਨੇ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਸਾਂਝੀਵਾਲਤਾ, ਸੇਵਾ ਅਤੇ ਸਾਂਝੀਵਾਲਤਾ, ਸਾਝੇ ਭੋਜਨ ਲੰਗਰ ਦੀ ਸੁੰਦਰ ਪਰੰਪਰਾ ਹੈ। ਇਸ ਵਿੱਚ ਕਿਸੇ ਨੂੰ ਵੀ ਜਾਤ-ਪਾਤ ਜਾਂ ਧਰਮ ਦੇ ਆਧਾਰ ਉੱਤੇ ਛੋਟਾ ਨਹੀਂ ਮੰਨਿਆ ਜਾਂਦਾ। ਫਿਰ ਵੀ ਅਜਿਹੇ ਨਸਲਵਾਦੀ ਗਰੁੱਪ ਵੱਲੋਂ ਇਸ ਨੂੰ ਨਿਸ਼ਾਨਾ ਬਣਾਇਆ ਜਾਣਾ ਬਹੁਤ ਹੀ ਦੁੱਖਦਾਈ ਹੈ। ਉਨ੍ਹਾਂ ਕਿਹਾ ਕਿ ਇਹ ਨਸਲਵਾਦੀ ਗਰੁੱਪ ਡੈਸਟਿਨੀ ਚਰਚ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੇ ਆਗੂ ਬ੍ਰਾਇਨ ਤਮਾਕੀ ਵੱਲੋਂ ਪਹਿਲਾਂ ਵੀ ਇਮੀਗ੍ਰੈਂਟਸ ਅਤੇ ਗ਼ੈਰ-ਇਸਾਈ ਧਰਮਾਂ ਵਿਰੁੱਧ ਨਫ਼ਰਤ ਫੈਲਾਈ ਸੀ। ਜਦ ਕਿ ਇਸਾਈ ਧਰਮ ਸਿੱਖ ਧਰਮ ਵਾਂਗ ਬਹੁਵਾਦ ਤੇ ਸ਼ਾਤੀ ਦਾ ਪ੍ਰਗਟਾਵਾ ਕਰਦਾ ਹੈ। ਖਾਲਸਾ ਨੇ ਕਿਹਾ ਕਿ ਸਿੱਖ ਭਾਈਚਾਰਾ ਵਿਦੇਸ਼ਾਂ ਵਿੱਚ ਮਿਹਨਤ, ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਤਰੱਕੀ ਕਰ ਰਿਹਾ ਹੈ। ਕੋਵਿਡ ਮਹਾਂਮਾਰੀ ਦੌਰਾਨ ਵੀ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ, ਯੂ. ਕੇ. ਅਤੇ ਯੂਰਪ ਵਿੱਚ ਸਿੱਖਾਂ ਨੇ ਲੰਗਰ ਵੰਡ ਕੇ ਅਤੇ ਸਾਰੇ ਭਾਈਚਾਰਿਆਂ ਦੀ ਮਦਦ ਕਰਕੇ ਸਮਾਜ ਨੂੰ ਇੱਕਜੁੱਟ ਕੀਤਾ। ਇਸ ਦੇ ਬਾਵਜੂਦ ਨਸਲਵਾਦੀ ਹਮਲੇ ਸਾਡੇ ਲਈ ਅਸਹਿਣਸ਼ੀਲ ਹਨ। ਉਨ੍ਹਾਂ ਕਿਹਾ ਕਿ ਮੈਂ ਨਿਊਜ਼ੀਲੈਂਡ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਅਜਿਹੇ ਨਫ਼ਰਤ ਫੈਲਾਉਣ ਵਾਲੇ ਗਰੁੱਪਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਨਸਲਵਾਦੀ ਗਰੁੱਪ ਨੂੰ ਆਜ਼ਾਦੀ ਦੀ ਆਵਾਜ਼ ਵਜੋਂ ਨਹੀਂ ਮੰਨਿਆ ਜਾ ਸਕਦਾ। ਇਹੋ ਜਿਹਾ ਅਖੌਤੀ ਰਾਸ਼ਟਰਵਾਦ ਮਨੁੱਖਤਾ ਲਈ ਖਤਰਾ ਹੈ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਬਹੁ-ਸੱਭਿਆਚਾਰਕ ਸਮਾਜ ਤੇ ਦੇਸ ਹੈ। ਇਸ ਵਿੱਚ ਹਰ ਧਰਮ ਅਤੇ ਸੰਸਕ੍ਰਿਤੀ ਨੂੰ ਬਰਾਬਰ ਦੇ ਅਧਿਕਾਰ ਹਨ। ਸੋ ਇਹ ਮਨੁੱਖੀ ਹੋਂਦ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਨਿਊਜੀਲੈਂਡ ਸਰਕਾਰ ਨਸਲੀ ਗਰੁਪਾਂ ਉੱਪਰ ਸਖ਼ਤ ਕਾਰਵਾਈ ਕਰੇ।

ਸਵਰਨਜੀਤ ਸਿੰਘ ਖ਼ਾਲਸਾ ਨੇ ਸਿੱਖ ਪੰਥ ਨੂੰ ਅਪੀਲ ਕਰਦਿਆਂ ਕਿਹਾ ਕਿ ਅਸੀਂ ਆਪਣੇ ਤੇ ਮਨੁੱਖੀ ਅਧਿਕਾਰਾਂ ਲਈ ਡਟ ਕੇ ਲੜੀਏ, ਸਰਬੱਤ ਦਾ ਭਲਾ ਦੇ ਸਿਧਾਂਤ ਉੱਤੇ ਪੱਕੇ ਰਹੀਏ ਅਤੇ ਨਫ਼ਰਤ ਨੂੰ ਸ਼ਾਂਤੀ ਨਾਲ ਜਵਾਬ ਦੇ ਕੇ ਸੱਚੀ ਸਾਂਝੀਵਾਲਤਾ ਦਾ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਫੈਲਾਈਏ।

# ਅਮਰੀਕਾ 'ਚ ਗ੍ਰੀਨ ਕਾਰਡ ਧਾਰਕਾਂ ਸਮੇਤ ਸਾਰੇ ਗ਼ੈਰ-ਨਾਗਰਿਕਾਂ ਲਈ ਬਾਇਓਮੈਟ੍ਰਿਕ ਜਾਂਚ ਕਰਵਾਉਣਾ ਜ਼ਰੂਰੀ

ਵਾਸ਼ਿਗਟਨ/ਏ.ਟੀ.ਨਿਊਜ਼: ਪ੍ਰਵਾਸੀਆਂ ਖ਼ਿਲਾਫ਼ ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ, ਉੱਥੇ ਹੀ ਸਰਕਾਰ ਨੇ ਅਮਰੀਕਾ ਵਿੱਚ ਆਉਣ ਅਤੇ ਜਾਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। 26 ਦਸੰਬਰ ਤੋਂ ਲਾਗੂ ਹੋਏ ਇਨ੍ਹਾਂ ਨਵੇਂ ਨਿਯਮਾਂ ਤਹਿਤ ਹੁਣ ਗ੍ਰੀਨ ਕਾਰਡ ਧਾਰਕਾਂ ਸਮੇਤ ਸਾਰੇ ਗੈਰ-ਨਾਗਰਿਕਾਂ ਲਈ ਬਾਇਓਮੈਟ੍ਰਿਕ ਜਾਂਚ ਕਰਵਾਉਣਾ ਲਾਜ਼ਮੀ ਹੋਵੇਗਾ।



ਇਹ ਨਿਯਮ ਅਮਰੀਕਾ ਵਿੱਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ, ਵਰਕਰਾਂ ਅਤੇ ਗ੍ਰੀਨ ਕਾਰਡ ਧਾਰਕਾਂ 'ਤੇ ਲਾਗੂ ਹੋਣਗੇ। ਖਾਸ ਗੱਲ ਇਹ ਹੈ ਕਿ ਹੁਣ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 79 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵੀ ਆਪਣਾ ਬਾਇਓਮੈਟ੍ਰਿਕ ਵੇਰਵਾ ਦੇਣਾ ਪਵੇਗਾ। ਇਸ ਤੋਂ ਇਲਾਵਾ ਡਿਪਲੋਮੈਟਿਕ ਪਾਸਪੋਰਟ 'ਤੇ ਆਉਣ ਵਾਲੇ ਰਾਜਨਾਇਕਾਂ ਨੂੰ ਮਿਲਣ ਵਾਲੀ ਛੋਟ ਵੀ ਖਤਮ ਕਰ ਦਿੱਤੀ ਗਈ ਹੈ। ਉਨ੍ਹਾਂ ਨੂੰ ਵੀ ਫੇਸ਼ੀਅਲ ਰਿਕੋਗਨੀਸ਼ਨ (ਚਿਹਰੇ ਦੀ ਪਛਾਣ) ਤਕਨੀਕ ਰਾਹੀਂ ਫੋਟੋ ਅਤੇ ਕੁਝ ਮਾਮਲਿਆਂ ਵਿੱਚ ਫਿੰਗਰਪ੍ਰਿੰਟ ਦੇਣੇ ਪੈਣਗੇ।

ਇਹ ਜਾਂਚ ਅਮਰੀਕਾ ਦੇ ਸਾਰੇ ਏਅਰਪੋਰਟਾਂ, ਬੰਦਰਗਾਹਾਂ ਅਤੇ ਜ਼ਮੀਨੀ ਸਰਹੱਦਾਂ 'ਤੇ ਹੋਵੇਗੀ। ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਧਿਕਾਰੀ ਯਾਤਰੀਆਂ ਦੀ ਫੋਟੋ, ਫਿੰਗਰਪ੍ਰਿੰਟ ਅਤੇ ਆਇਰਿਸ (ਅੱਖਾਂ ਦੀ ਪੁਤਲੀ) ਸਕੈਨ ਲੈ ਸਕਦੇ ਹਨ ਤਾਂ ਜੋ ਉਨ੍ਹਾਂ ਦੀ ਪਛਾਣ ਯਾਤਰਾ ਦਸਤਾਵੇਜ਼ਾਂ ਨਾਲ ਮਿਲਾਈ ਜਾ ਸਕੇ।

ਸਰਕਾਰ ਅਨੁਸਾਰ, ਇਹ ਕਦਮ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ, ਵੀਜ਼ਾ ਧੋਖਾਧੜੀ ਨੂੰ ਰੋਕਣ ਅਤੇ ਅਪਰਾਧੀਆਂ ਜਾਂ ਸ਼ੱਕੀ ਅੱਤਵਾਦੀਆਂ ਦੀ ਪਛਾਣ ਨੂੰ ਆਸਾਨ ਬਣਾਉਣ ਲਈ ਚੁੱਕਿਆ ਗਿਆ ਹੈ। ਇਸ ਦੇ ਲਈ 'ਟ੍ਰੈਵਲਰ ਵੈਰੀਫਿਕੇਸ਼ਨ ਸਰਵਿਸ' ਨਾਮਕ ਕਲਾਊਡ-ਅਧਾਰਿਤ ਸਿਸਟਮ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਨਵਾਂ ਨਿਯਮ ਵਿਦੇਸ਼ੀ ਯਾਤਰੀਆਂ ਲਈ ਯਾਤਰਾ ਪ੍ਰਕਿਰਿਆ ਨੂੰ ਵਧੇਰੇ ਨਿਯੰਤਰਿਤ ਬਣਾਉਣ ਦਾ ਹਿੱਸਾ ਹੈ, ਜਿਸ ਨਾਲ ਅਧਿਕਾਰੀਆਂ ਲਈ ਵਿਅਕਤੀ ਦੀ ਪਛਾਣ ਕਰਨਾ ਆਸਾਨ ਹੋ ਜਾਵੇਗਾ।

# ਸਿਆਸੀ ਹੰਗਾਮਿਆਂ ਨਾਲ ਭਰਪੂਰ ਰਿਹਾ ਸਾਲ 2025

## ਇਸ ਸਾਲ 'ਆਪ' ਨੇ ਦੋ ਜ਼ਿਮਨੀ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਜਿੱਤੀਆਂ

### ਅਕਾਲੀ ਦਲ ਬਾਦਲ ਪਹਿਲਾਂ ਨਾਲੋਂ ਹੋਇਆ ਮਜ਼ਬੂਤ

### ਕਾਂਗਰਸ ਦੀ ਅੰਦਰੂਨੀ ਫੁੱਟ ਵੀ ਰਹੀ ਚਰਚਾ 'ਚ



ਜੇ ਹੁਣ ਪੰਜਾਬ ਦੀ ਪੰਥਕ ਸਿਆਸਤ ਦੀ ਗੱਲ ਨਾ ਕੀਤੀ ਤਾਂ ਪੰਜਾਬ ਦੀ ਸਿਆਸਤ ਦੀ ਗੱਲ ਅਧੂਰੀ ਰਹੇਗੀ। ਸਾਲ 2025 ਦੌਰਾਨ ਪੰਜਾਬ ਦੀ ਪੰਥਕ ਸਿਆਸਤ ਵੀ ਪੂਰੀ ਚਰਚਾ ਵਿੱਚ ਰਹੀ । ਤਰਨ ਤਾਰਨ ਜ਼ਿਮਨੀ ਚੋਣ ਵਿੱਚ ਪੰਥਕ ਜਥੇਬੰਦੀਆਂ ਦਾ ਉਮੀਦਵਾਰ ਤੀਜੇ ਨੰਬਰ ਤੇ ਆਇਆ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਇਹ ਜਥੇਬੰਦੀਆਂ ਵੀ ਪੰਜਾਬ ਵਿੱਚ ਕਾਫੀ ਆਧਾਰ ਰੱਖਦੀਆਂ ਹਨ। ਇਹਨਾਂ ਜਥੇਬੰਦੀਆਂ ਵੱਲੋਂ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਬਾਦਲ ਤੋਂ ਨਿਰਾਸ਼ ਲੋਕਾਂ ਨੂੰ ਆਪਣੇ ਨਾਲ ਜੋੜਿਆ ਜਾ ਰਿਹਾ ਹੈ ਤਾਂ ਕਿ ਆਪਣਾ ਆਧਾਰ ਹੋਰ ਮਜਬੂਤ ਕੀਤਾ ਜਾ ਸਕੇ। ਸਿਆਸੀ ਮਾਹਿਰ ਕਹਿੰਦੇ ਹਨ ਕਿ ਇਹ ਜਥੇਬੰਦੀਆਂ ਇਸ ਸਾਲ ਖੁਦ ਕੋਈ ਵੱਡੀ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਨਹੀਂ ਹੋਈਆਂ ਪਰ ਤਰਨ ਤਾਰਨ ਜ਼ਿਮਨੀ ਚੋਣ ਅਤੇ ਹੋਰ ਚੋਣਾਂ ਵਿੱਚ ਬਾਦਲ ਦਲ ਦੀ ਹਾਰ ਵਿੱਚ ਵੱਡਾ ਯੋਗਦਾਨ ਜ਼ਰੂਰ ਪਾ ਗਈਆਂ।



**ਅੰਮ੍ਰਿਤਸਰ ਟਾਈਮਜ਼ ਬਿਊਰੋ**

ਸਾਲ 2025 ਆਪਣੀ ਸ਼ੁਰੂਆਤ ਤੋਂ ਲੈ ਕੇ ਅੰਤਲੇ ਦਿਨਾਂ ਤੱਕ ਸਿਆਸੀ ਹੰਗਾਮਿਆਂ ਨਾਲ ਭਰਪੂਰ ਰਿਹਾ। ਇਸ ਸਾਲ ਦੌਰਾਨ ਭਾਵੇਂ ਆਮ ਆਦਮੀ ਪਾਰਟੀ ਦਾ ਰੁਤਬਾ ਦੋ ਜ਼ਿਮਨੀ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਜਿੱਤਣ ਕਾਰਨ ਉੱਪਰ ਰਿਹਾ ਪਰ ਅਕਾਲੀ ਦਲ ਬਾਦਲ ਇਸ ਸਾਲ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਦੂਜੇ ਨੰਬਰ 'ਤੇ ਆ ਕੇ ਪਹਿਲਾਂ ਨਾਲੋਂ ਮਜ਼ਬੂਤ ਹੋਇਆ। ਇਸ ਹਾਰ ਨੂੰ ਵੀ ਅਕਾਲੀ ਆਗੂਆਂ ਵੱਲੋਂ ਜਿੱਤ ਵਾਂਗੂੰ ਲਿਆ ਗਿਆ ਅਤੇ ਉਹਨਾਂ ਨੇ ਆਮ ਆਦਮੀ ਪਾਰਟੀ ਵਿਰੁੱਧ ਵੱਡਾ ਸੰਘਰਸ਼ ਸ਼ੁਰੂ ਕਰ ਦਿੱਤਾ। ਇਸ ਸਾਲ ਕਾਂਗਰਸ ਦੀ ਅੰਦਰੂਨੀ ਫੁੱਟ ਵੱਡੀ ਚਰਚਾ ਦਾ ਵਿਸ਼ਾ ਬਣੀ ਰਹੀ ਅਤੇ ਇਹ ਫੁੱਟ ਹੀ ਕਾਂਗਰਸ ਨੂੰ ਲੈ ਬੈਠੀ। ਬਾਦਲ ਦਲ ਵਿਰੋਧੀ ਪੰਥਕ ਜਥੇਬੰਦੀਆਂ ਵੀ ਇਸ ਸਾਲ ਦੌਰਾਨ ਕਾਫੀ ਸਰਗਰਮ ਰਹੀਆਂ। ਤਰਨ ਤਾਰਨ ਜ਼ਿਮਨੀ ਚੋਣ ਵਿੱਚ ਬਾਦਲ ਵਿਰੋਧੀ ਪੰਥਕ ਜਥੇਬੰਦੀਆਂ ਦਾ ਉਮੀਦਵਾਰ ਤੀਜੇ ਨੰਬਰ 'ਤੇ ਆਉਣ ਨਾਲ ਇਹ ਜਥੇਬੰਦੀਆਂ ਵੀ ਆਪਣਾ ਸਿਆਸੀ ਆਧਾਰ ਵਧਾਉਣ ਵਿੱਚ ਸਫ਼ਲ ਹੋ ਗਈਆਂ।

ਇਸ ਸਾਲ ਅਕਾਲੀ ਦਲ ਬਾਦਲ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਬਿਗਲ ਵਜਾ ਦਿੱਤਾ ਅਤੇ ਇਸ ਪਾਰਟੀ ਵੱਲੋਂ ਅਗਲੀਆਂ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਵੀ ਸ਼ੁਰੂ ਕਰ ਦਿੱਤਾ ਗਿਆ। ਤਰਨ ਤਾਰਨ ਜ਼ਿਮਨੀ ਚੋਣ ਦੇ ਨਤੀਜਿਆਂ ਤੋਂ ਬਾਅਦ ਹੀ ਸੁਖਬੀਰ ਬਾਦਲ ਨੇ ਐਲਾਨ ਕਰ ਦਿੱਤਾ ਸੀ ਕਿ ਇਹ ਹਲਕੇ ਤੋਂ ਜ਼ਿਮਨੀ ਚੋਣ ਲੜੀ ਅਕਾਲੀ ਦਲ ਦੀ ਉਮੀਦਵਾਰ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਉਮੀਦਵਾਰ ਹੋਵੇਗੀ। ਇਸ ਤਰ੍ਹਾਂ ਉਹਨਾਂ ਨੇ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਬਾਦਲ ਦੇ ਪਹਿਲੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਸੀ। ਸੁਖਬੀਰ ਬਾਦਲ ਨੇ ਕੁਝ ਸਮਾਂ ਪਹਿਲਾਂ ਐਲਾਨ ਕੀਤਾ ਕਿ ਉਹ ਗਿੱਦੜਬਾਹਾ ਤੋਂ ਵਿਧਾਨ ਸਭਾ ਦੀ ਚੋਣ ਲੜਨਗੇ। ਇਸ ਤਰ੍ਹਾਂ ਉਹਨਾਂ ਨੇ ਆਪਣੀ ਪਾਰਟੀ ਦੇ ਦੂਜੇ ਉਮੀਦਵਾਰ ਦਾ ਐਲਾਨ ਕਰ ਦਿੱਤਾ। ਅਗਲੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨਣ ਵਿੱਚ ਅਕਾਲੀ ਦਲ ਬਾਦਲ ਬਾਜੀ ਮਾਰ ਗਿਆ ਜਦੋਂ ਕਿ ਦੂਜੀਆਂ ਸਿਆਸੀ ਪਾਰਟੀਆਂ ਅਜੇ ਇਹਨਾਂ ਚੋਣਾਂ ਸਬੰਧੀ ਤਿਆਰੀਆਂ ਹੀ ਕਰ ਰਹੀਆਂ ਹਨ। ਅਕਾਲੀ ਦਲ ਬਾਦਲ ਦੇ ਆਗੂ ਇਸ ਸਾਲ ਕਾਫ਼ੀ ਉਤਸ਼ਾਹਿਤ ਰਹੇ ਅਤੇ ਉਹਨਾਂ ਵੱਲੋਂ ਹਰ ਮੁੱਦੇ 'ਤੇ ਮੌਜੂਦਾ ਪੰਜਾਬ ਸਰਕਾਰ ਨੂੰ ਘੇਰਿਆ ਜਾਂਦਾ ਰਿਹਾ। ਇਸ ਸਾਲ ਮੀਡੀਆ ਦੀ ਸੁਰਖੀਆਂ ਵਿੱਚ ਅਕਾਲੀ ਆਗੂਆਂ ਦੇ ਬਿਆਨ ਛਾਏ ਰਹੇ।

ਪੰਜਾਬ ਵਿੱਚ ਸਾਲ 2025 ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਦੋ ਵਿਧਾਨ ਸਭਾ ਹਲਕਿਆਂ ਵਿੱਚ ਹੋਈ ਜ਼ਿਮਨੀ ਚੋਣ ਅਤੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਵਿੱਚ ਜਿੱਤ ਦਰਜ ਕੀਤੀ। ਇਸ ਦੇ ਨਾਲ ਹੀ ਪਾਰਟੀ ਨੇ ਹੁਣੇ ਤੋਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਢ ਦਿੱਤੀ ਹੈ। ਦੂਜੇ ਪਾਸੇ 'ਆਪ' ਸਰਕਾਰ ਚੌਥੇ ਸਾਲ ਵੀ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਵਿੱਚ ਨਾਕਾਮ ਰਹੀ ਹੈ। ਇਸ ਤੋਂ ਇਲਾਵਾ 'ਆਪ' ਸੂਬੇ 'ਚ ਅਮਨ ਤੇ ਕਾਨੂੰਨ ਦੀ ਸਥਿਤੀ ਦੇ ਮੁੱਦੇ 'ਤੇ ਵਾਰ-ਵਾਰ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਹੀ ਹੈ।

ਇਸ ਵਰ੍ਹੇ ਪੰਜਾਬ ਦੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਅਤੇ ਤਰਨ ਤਾਰਨ ਵਿੱਚ ਜ਼ਿਮਨੀ ਚੋਣਾਂ ਹੋਈਆਂ ਹਨ। ਇਨ੍ਹਾਂ ਚੋਣਾਂ ਦੌਰਾਨ 'ਆਪ' ਦੇ ਸੰਜੀਵ ਅਰੋੜਾ ਨੇ ਲੁਧਿਆਣਾ ਪੱਛਮੀ ਤੋਂ 10,631 ਅਤੇ ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਤੋਂ 12,091 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਦਸੰਬਰ ਮਹੀਨੇ ਵਿੱਚ ਸੂਬੇ ਦੀਆਂ 347 ਜ਼ਿਲ੍ਹਾ ਪ੍ਰੀਸ਼ਦ ਜ਼ੋਨਾਂ ਅਤੇ 2838 ਬਲਾਕ ਸਮਿਤੀ ਦੇ ਜ਼ੋਨਾਂ ਵਿੱਚ 'ਆਪ' ਨੇ ਭਾਰੀ ਬਹੁਮਤ ਨਾਲ ਜਿੱਤ ਦਰਜ ਕੀਤੀ ਹੈ। ਇਨ੍ਹਾਂ ਚੋਣਾਂ ਦੌਰਾਨ 'ਆਪ' ਨੇ ਜ਼ਿਲ੍ਹਾ ਪ੍ਰੀਸ਼ਦ ਵਿੱਚ 218 ਅਤੇ ਬਲਾਕ ਸਮਿਤੀ ਵਿੱਚ 1529 ਜ਼ੋਨਾਂ ਵਿੱਚ ਜਿੱਤ ਹਾਸਲ ਕੀਤੀ ਹੈ।

'ਆਪ' ਨੇ ਪੰਜਾਬ ਭਰ ਵਿੱਚ ਸਿਹਤ, ਸਿੱਖਿਆ, ਰੁਜ਼ਗਾਰ, ਬਿਜਲੀ, ਖੇਤੀਬਾੜੀ ਸਣੇ ਹਰ ਖੇਤਰ ਵਿੱਚ ਮਿਸਾਲੀ ਕੰਮ ਕਰਨ ਦੇ ਦਾਅਵੇ ਕੀਤੇ ਹਨ ਪਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਚੌਥੇ ਸਾਲ ਵੀ ਪੂਰਾ ਨਹੀਂ ਹੋ ਸਕਿਆ। ਇਸ ਕਰ ਕੇ ਔਰਤਾਂ ਵਿੱਚ ਨਾਰਾਜ਼ਗੀ ਪਾਈ ਜਾ ਰਹੀ ਹੈ। ਸੂਤਰਾਂ ਅਨੁਸਾਰ 'ਆਪ' ਵਿੱਤ ਵਰ੍ਹੇ 2026-27 ਦੇ ਬਜਟ ਵਿੱਚ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦਾ ਐਲਾਨ ਕਰ ਸਕਦੀ ਹੈ। ਇਸ ਲਈ ਸੂਬਾ ਸਰਕਾਰ ਵੱਲੋਂ ਅੰਦਰਖਾਤੇ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਹਾਲਾਂਕਿ ਦੇਖਣਾ ਹੋਵੇਗਾ ਕਿ ਇਸ ਵਿੱਚ ਸੂਬਾ ਸਰਕਾਰ ਕਿੰਨੀ ਕੁ ਕਾਮਯਾਬ ਹੁੰਦੀ ਹੈ। ਪੰਜਾਬ ਵਿੱਚ ਇੱਕ ਕਰੋੜ ਤੋਂ ਵੱਧ ਮਹਿਲਾ ਵੋਟਰ ਹਨ, ਜੇ ਸੂਬਾ ਸਰਕਾਰ ਐਲਾਨ ਮੁਤਾਬਕ 1000 ਰੁਪਏ ਦਿੰਦੀ ਹੈ ਤਾਂ ਸਰਕਾਰੀ ਖਜ਼ਾਨੇ 'ਤੇ ਇੱਕ ਹਜ਼ਾਰ ਕਰੋੜ ਰੁਪਏ ਮਹੀਨੇ ਦਾ ਵਿੱਤੀ ਬੋਝ ਪਵੇਗਾ।'ਆਪ' ਵੱਲੋਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਇਸ ਲਈ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਲੁਭਾਉਣ ਵਾਲੇ ਫ਼ੈਸਲੇ ਲਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਸੂਬੇ ਦੇ ਨੌਜਵਾਨਾਂ ਲਈ ਪਿਛਲੇ ਦਿਨੀਂ 3000 ਖੇਡ ਮੈਦਾਨ ਜਲਦੀ ਤਿਆਰ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਇਲਾਵਾ ਸੂਬੇ ਵਿੱਚ ਨੌਜਵਾਨਾਂ ਨੂੰ 17,000 ਖੇਡ ਕਿੱਟਾਂ ਵੰਡਣ ਦਾ ਐਲਾਨ ਵੀ ਕੀਤਾ ਸੀ।

'ਆਪ' ਨੇ ਮੌਜੂਦਾ ਵਰ੍ਹੇ ਦੌਰਾਨ ਦੋ ਵਿਧਾਇਕਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। 'ਆਪ' ਨੇ 29 ਜੂਨ 2025 ਨੂੰ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦਿਆਂ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ ਵਿਧਾਨ ਸਭਾ ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵਿਰੁੱਧ ਕੇਸ ਦਰਜ ਹੋਣ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ।

ਸਾਲ 2025 ਦੌਰਾਨ ਕਾਂਗਰਸ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਦੀ ਥਾਂ ਉਸ ਦੀ ਅੰਦਰੂਨੀ ਫੁੱਟ ਮੀਡੀਆ ਦੀਆਂ ਸੁਰਖੀਆਂ ਬਣਦੀ ਰਹੀ। ਸਾਬਕਾ ਵਿਧਾਇਕ ਬੀਬੀ ਡਾ. ਨਵਜੋਤ ਕੌਰ ਸਿੱਧੂ ਨੇ ਸ਼ਰੇਆਮ ਦੋਸ਼ ਲਗਾਏ ਕਿ ਕਾਂਗਰਸ ਵਿੱਚ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਨੋਟਾਂ ਦਾ ਅਟੈਚੀ ਭਰ ਕੇ ਦੇਣਾ ਪੈਂਦਾ ਹੈ। ਡਾ. ਸਿੱਧੂ ਦੇ ਇਸ ਬਿਆਨ ਤੋਂ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਸੀ, ਜਿਸ ਕਾਰਨ ਕਈ ਦਿਨ ਲਗਾਤਾਰ ਸਿਆਸਤ ਵਿੱਚ ਤੇਜ਼ ਗਰਮੀ ਆਈ ਰਹੀ। ਡਾ. ਸਿੱਧੂ ਦੇ ਬਿਆਨਾਂ ਦਾ ਕਾਂਗਰਸ ਦੇ ਕਈ ਆਗੂਆਂ ਨੇ ਵਿਰੋਧ ਕੀਤਾ। ਜਿਸ ਤੋਂ ਬਾਅਦ ਡਾ. ਸਿੱਧੂ ਨੂੰ ਕਾਂਗਰਸ ਪਾਰਟੀ ਵਿਚੋਂ ਮੁਅਤਲ ਕਰ ਦਿੱਤਾ ਗਿਆ। ਇਸ ਮੁਅਤਲੀ ਤੋਂ ਬਾਅਦ ਡਾ. ਸਿੱਧੂ ਨੇ ਕਿਹਾ ਕਿ ਉਹ ਰਾਜਾ ਵੜਿੰਗ ਨੂੰ ਪਾਰਟੀ ਪ੍ਰਧਾਨ ਹੀ ਨਹੀਂ ਮੰਨਦੇ ਅਤੇ ਉਹਨਾਂ ਦੀ ਸਿੱਧੀ ਗੱਲਬਾਤ ਪਾਰਟੀ ਹਾਈਕਮਾਂਡ ਨਾਲ ਹੈ। ਇਸ ਤੋਂ ਪਹਿਲਾਂ ਵੀ ਕਾਂਗਰਸ ਦੇ ਕਈ ਆਗੂਆਂ ਦੀ ਆਪਸੀ ਫੁੱਟ ਚਰਚਾ ਵਿੱਚ ਰਹੀ। ਕਾਂਗਰਸ ਵਿੱਚ ਕਈ ਸੀਨੀਅਰ ਆਗੂ ਅਜਿਹੇ ਹਨ, ਜੋ ਕਿ ਆਪਣੇ ਆਪ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਿਆ ਵੇਖਣਾ ਚਾਹੁੰਦੇ ਹਨ ਅਤੇ ਉਹਨਾਂ ਦੀ ਵੱਡੀ ਇੱਛਾ ਹੈ ਕਿ ਅਗਲੀਆਂ ਚੋਣਾਂ ਦੌਰਾਨ ਕਾਂਗਰਸ ਪਾਰਟੀ ਵੱਲੋਂ ਉਹਨਾਂ ਨੂੰ ਮੁੱਖ ਮੰਤਰੀ ਚਿਹਰਾ ਬਣਾਇਆ ਜਾਵੇ। ਸਾਰਾ ਸਾਲ ਕਾਂਗਰਸ ਵਿੱਚ ਇਹ ਅੰਦਰੂਨੀ ਖਿੱਚੋਤਾਣ ਜਾਰੀ ਰਹੀ ਅਤੇ ਸਾਲ ਦੇ ਅੰਤਲੇ ਦਿਨਾਂ ਦੌਰਾਨ ਵੀ ਕਾਂਗਰਸ ਵਿੱਚ ਏਕਤਾ ਹੁੰਦੀ ਦਿਖਾਈ ਨਾ ਦਿੱਤੀ। (ਬਾਕੀ ਸਫ਼ਾ 26 'ਤੇ)





## ਸਾਲ 2025 ਦੌਰਾਨ ਪੰਜਾਬ ਨੇ ਹੜ੍ਹਾਂ ਅਤੇ ਭਾਰਤ-ਪਾਕਿ ਤਣਾਓ ਦਾ ਕੀਤਾ ਸਾਹਮਣਾ

ਚੰਡੀਗੜ੍ਹ /ਏ.ਟੀ.ਨਿਊਜ਼ : ਪੰਜਾਬ ਨੂੰ ਸਾਲ 2025 ਵਿੱਚ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸੂਬੇ ਵਿੱਚ ਹੜ੍ਹਾਂ ਨੇ ਜਿੱਥੇ ਭਾਰੀ ਤਬਾਹੀ ਮਚਾਈ ਉੱਥੇ ਅਪਰੇਸ਼ਨ ਸਿੰਧੂਰ ਦੌਰਾਨ ਸਰਹੱਦ ਪਾਰ ਤੋਂ ਹੋਣ ਵਾਲੇ ਹਮਲਿਆਂ ਕਾਰਨ ਖ਼ੌਫ਼ ਦਾ ਮੰਜ਼ਰ ਬਣਿਆ ਰਿਹਾ। ਸੂਬਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਪੱਕਾ ਮੋਰਚਾ ਲਾਈ ਬੈਠੇ ਕਿਸਾਨਾਂ ਨੂੰ ਜਬਰੀ ਉੱਠਾ ਦਿੱਤਾ। ਉਂਝ ਕਿਸਾਨਾਂ ਨੇ ਬਿਜਲੀ ਸੋਧ ਬਿੱਲ, ਬੀਜ ਬਿੱਲ ਅਤੇ 'ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ।

ਅਗਸਤ ਅਤੇ ਸਤੰਬਰ 'ਚ ਆਮ ਨਾਲੋਂ ਵੱਧ ਮੀਂਹ ਪੈਣ ਕਰ ਕੇ ਸੂਬੇ ਦੇ ਲਗਭਗ ਸਾਰੇ ਜ਼ਿਲ੍ਹਿਆਂ ਨੂੰ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪਿਆ। ਸਰਹੱਦੀ ਜ਼ਿਲ੍ਹਿਆਂ ਦੇ ਲੱਖਾਂ ਲੋਕ ਬੇਘਰ ਹੋ ਗਏ ਅਤੇ 60 ਦੇ ਕਰੀਬ ਜਾਨਾਂ ਚਲੀਆਂ ਗਈਆਂ ਸਨ ਜਦਕਿ 5 ਲੱਖ ਏਕੜ ਦੇ ਕਰੀਬ ਫ਼ਸਲ ਪ੍ਰਭਾਵਿਤ ਹੋਈ। ਸਰਕਾਰ ਦਾ ਦਾਅਵਾ ਹੈ ਕਿ ਹੜ੍ਹਾਂ ਕਰਕੇ 13,800 ਕਰੋੜ ਰੁਪਏ ਦਾ ਨੁਕਸਾਨ ਹੋਇਆ ਪਰ ਕੇਂਦਰ ਸਰਕਾਰ ਨੇ ਸਿਰਫ਼ 1600 ਕਰੋੜ ਰੁਪਏ ਦਾ ਐਲਾਨ ਕਰ ਕੇ ਪੱਲਾ ਝਾੜ ਲਿਆ। ਕੇਂਦਰ ਸਰਕਾਰ 'ਤੇ ਇਹ ਰਕਮ ਵੱਖ-ਵੱਖ ਸਕੀਮਾਂ ਵਿੱਚ ਪੂਰੇ ਕਰਨ ਦੇ ਦੋਸ਼ ਲੱਗੇ ਹਨ। ਭਾਰਤ ਤੇ ਪਾਕਿਸਤਾਨ ਵਿਚਕਾਰ ਬਣੇ ਤਣਾਅ ਦਾ ਅਸਰ ਪੰਜਾਬ 'ਤੇ ਵੀ ਪਿਆ। ਅਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਨੇ ਪੰਜਾਬ ਵਿੱਚ ਕਈ ਥਾਵਾਂ 'ਤੇ ਡਰੋਨਾਂ ਰਾਹੀਂ ਬੰਬ ਸੁੱਟੇ ਸਨ। ਹਾਲਾਂਕਿ ਪੰਜਾਬੀਆਂ ਨੇ ਦੁਸ਼ਮਣ ਦਾ ਡਟ ਕੇ ਸਾਹਮਣਾ ਕੀਤਾ। ਵਿਜੀਲੈਂਸ ਬਿਊਰੋ ਨੇ ਜੂਨ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ। ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਵਾਪਸ ਭੇਜਿਆ ਗਿਆ ਸੀ ਜਿਸ ਵਿੱਚ ਵੱਡੀ ਗਿਣਤੀ ਨੌਜਵਾਨ ਪੰਜਾਬ ਦੇ ਸਨ। ਅਮਰੀਕਾ ਨੇ ਬੇੜੀਆਂ ਨਾਲ ਬੰਨ੍ਹੇ ਨੌਜਵਾਨਾਂ ਨੂੰ ਫ਼ੌਜੀ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਉਤਾਰਿਆ ਸੀ, ਇਹ ਮੁੱਦਾ ਦੁਨੀਆ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ।





# ਨਿਊ ਜਰਸੀ ਸਟੇਟ ਅਸੈਂਬਲੀ, ਸੈਨੇਟ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ





ਨਿਊ ਜਰਸੀ ਸਟੇਟ ਅਸੈਂਬਲੀ, ਸੈਨੇਟ ਨੇ ਸਿੱਖ ਪਰੰਪਰਾ ਦੇ ਧਾਰਮਿਕ ਆਜ਼ਾਦੀ ਦੇ ਸਥਾਈ ਬਚਾਅ ਨੂੰ ਯਾਦ ਕੀਤਾ ਅਤੇ ਮਾਨਤਾ ਦਿੱਤੀ। 1675 ਵਿੱਚ, 9ਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਜ਼ਾਦੀ ਨਾਲ ਪੂਜਾ ਕਰਨ ਦੇ ਅਧਿਕਾਰ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।ਇਸ ਸਮਾਗਮ ਦੇ ਆਯੋਜਨ ਲਈ ਸ੍ਰੀ ਹਰਜਿੰਦਰ ਸਿੰਘ ਅਤੇ ਸ੍ਰੀ ਜੁਗਰਾਜ ਸਿੰਘ ਅਤੇ ਐਨਜੇ ਸਟੇਟ ਲੀਡਰਸ਼ਿਪ ਦਾ ਵਿਸ਼ੇਸ਼ ਧੰਨਵਾਦ।

## ਰੂਸ ਅਤੇ ਯੂਕ੍ਰੇਨ ਵਿਚਾਲੇ ਜਲਦੀ ਹੋ ਸਕਦੈ ਸ਼ਾਂਤੀ ਸਮਝੌਤਾ: ਟਰੰਪ



ਪਾਮ ਬੀਚ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਯੂਕ੍ਰੇਨ ਅਤੇ ਰੂਸ ਇੱਕ ਇਤਿਹਾਸਕ ਸ਼ਾਂਤੀ ਸਮਝੌਤੇ ਦੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਕਰੀਬ ਹਨ। ਫਲੋਰਿਡਾ ਸਥਿਤ ਆਪਣੇ ਰਿਜ਼ੋਰਟ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਦੀ ਮੇਜ਼ਬਾਨੀ ਕਰਦਿਆਂ ਟਰੰਪ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਉਨ੍ਹਾਂ ਦੀ ਢਾਈ ਘੰਟੇ ਲੰਬੀ ਸ਼ਾਨਦਾਰ ਫ਼ੋਨ ਗੱਲਬਾਤ ਹੋਈ ਹੈ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਪੁਤਿਨ ਜੰਗ ਖ਼ਤਮ ਕਰਨਾ ਚਾਹੁੰਦੇ ਹਨ।

ਹਾਲਾਂਕਿ,ਟਰੰਪ ਨੇ ਇਹ ਵੀ ਸਵੀਕਾਰ ਕੀਤਾ ਕਿ ਗੱਲਬਾਤ ਕਾਫ਼ੀ ਗੁੰਝਲਦਾਰ ਹੈ ਅਤੇ ਡੌਨਬਾਸ ਖੇਤਰ ਦੇ ਕਬਜ਼ੇ ਤੇ ਸੁਰੱਖਿਆ ਗਾਰੰਟੀ ਵਰਗੇ ਕਈ ਅਹਿਮ ਮੁੱਦਿਆਂ ’ਤੇ ਅਜੇ ਵੀ ਪੇਚ ਫਸਿਆ ਹੋਇਆ ਹੈ,ਜਿਸ ਕਾਰਨ ਗੱਲਬਾਤ ਕਿਸੇ ਵੀ ਸਮੇਂ ਟੁੱਟ ਸਕਦੀ ਹੈ। ਜੇਲੇਂਸਕੀ ਨੇ ਟਰੰਪ ਦੀਆਂ ਕੋਸ਼ਿਸ਼ਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂਕ੍ਰੇਨ ਸ਼ਾਂਤੀ ਲਈ ਤਿਆਰ ਹੈ,ਪਰ ਰੂਸ ਨਾਲ ਕਈ ਮੁੱਦਿਆਂ ’ਤੇ ਵੱਖੋ-ਵੱਖਰੇ ਵਿਚਾਰ ਬਰਕਰਾਰ ਹਨ।

ਦੋਵਾਂ ਨੇਤਾਵਾਂ ਨੇ ਯੂਰਪੀਅਨ ਮੁਖੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਜਨਵਰੀ ਵਿੱਚ ਵ੍ਹਾਈਟ ਹਾਊਸ ਵਿਖੇ ਮੁੜ ਮਿਲਣ ਦੀ ਸੰਭਾਵਨਾ ਜਤਾਈ ਹੈ। ਇਸ ਦੇ ਨਾਲ ਹੀ ਰੂਸ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਪੂਰਨ ਜੰਗਬੰਦੀ ਲਈ ਕੀਵ ਨੂੰ ਡੌਨਬਾਸ ਖੇਤਰ ਬਾਰੇ ਦਲੇਰਾਨਾ ਫੈਸਲਾ ਲੈਣਾ ਪਵੇਗਾ, ਜਦਕਿ ਟਰੰਪ ਨੇ ਉਮੀਦ ਜਤਾਈ ਹੈ ਕਿ ਆਉਣ ਵਾਲੇ ਕੁਝ ਹਫ਼ਤਿਆਂ ਵਿੱਚ ਸਥਿਤੀ ਸਪੱਸ਼ਟ ਹੋ ਜਾਵੇਗੀ।

## ਇਰਾਨ ਵੱਲੋਂ ਨਿਊਕਲੀਅਰ ਪ੍ਰੋਗਰਾਮ ਮੁੜ ਸ਼ੁਰੂ ਕਰਨ ’ਤੇ ਅਮਰੀਕਾ ਵੱਲੋਂ ਹਮਲਾ ਕਰਨ ਦੀ ਚਿਤਾਵਨੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਇਰਾਨ ਬਾਰੇ ਇੱਕ ਸਖ਼ਤ ਅਤੇ ਹਮਲਾਵਰ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਰਾਨ ਦੁਬਾਰਾ ਆਪਣੀਆਂ ਪ੍ਰਮਾਣੂ ਜਾਂ ਫ਼ੌਜੀ ਸਮਰੱਥਾਵਾਂ ਨੂੰ ਵਧਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅਮਰੀਕਾ ਅਤੇ ਇਜ਼ਰਾਇਲ ਸਾਂਝੇ ਤੌਰ ’ਤੇ ਉਸ ’ਤੇ ਤਾਕਤ ਨਾਲ ਹਮਲਾ ਕਰਨਗੇ। ਟਰੰਪ ਨੇ ਕਿਹਾ ਕਿ ਇਸ ਸਾਲ ਦੇ ਸ਼ੁਰੂ ਵਿੱਚ ਇਰਾਨ ’ਤੇ ਹਮਲਿਆਂ ਵਿੱਚ ਅਮਰੀਕਾ ਅਤੇ ਇਜ਼ਰਾਇਲ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਹਮਲਿਆਂ ਨੇ ਇਰਾਨ ਨੂੰ ਕਾਫ਼ੀ ਕਮਜ਼ੋਰ ਕਰ ਦਿੱਤਾ।



ਟਰੰਪ ਨੇ ਇੱਕ ਸਪੱਸ਼ਟ ਚਿਤਾਵਨੀ ਜਾਰੀ ਕਰਦਿਆਂ ਕਿਹਾ, ‘ਹੁਣ ਮੈਂ ਸੁਣ ਰਿਹਾ ਹਾਂ ਕਿ ਇਰਾਨ ਆਪਣੀ ਸ਼ਕਤੀ ਦੁਬਾਰਾ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਸਾਨੂੰ ਇਸ ਨੂੰ ਦੁਬਾਰਾ ਹੇਠਾਂ ਲਿਆਉਣਾ ਪਵੇਗਾ। ਅਸੀਂ ਇਸ ਨੂੰ ਹੇਠਾਂ ਲਿਆਵਾਂਗੇ ਅਤੇ ਅਸੀਂ ਇਸ ਨੂੰ ਪੂਰੀ ਤਾਕਤ ਨਾਲ ਹੇਠਾਂ ਲਿਆਵਾਂਗੇ।’ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਇਰਾਨ ਦੇ ਬੈਲਿਸਟਿਕ ਮਿਜ਼ਾਇਲ ਪ੍ਰੋਗਰਾਮ ਬਾਰੇ ਵਧਦੀ ਚਿੰਤਾ ਜ਼ਾਹਿਰ ਕਰ ਰਹੇ ਹਨ।ਟਰੰਪ ਦਾ ਬਿਆਨ ਦਰਸਾਉਂਦਾ ਹੈ ਕਿ ਅਮਰੀਕਾ ਅਤੇ ਇਜ਼ਰਾਇਲ ਇਰਾਨ ਦੀਆਂ ਗਤੀਵਿਧੀਆਂ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਜੇਕਰ ਇਰਾਨ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਜਾਂ ਆਪਣੀ ਫ਼ੌਜੀ ਤਾਕਤ ਵਧਾਉਣ ਵੱਲ ਕਦਮ ਚੁੱਕਦਾ ਹੈ ਤਾਂ ਦੋਵੇਂ ਦੇਸ਼ ਸਖ਼ਤ ਫ਼ੌਜੀ ਕਾਰਵਾਈ ਕਰਨ ਲਈ ਤਿਆਰ ਹਨ।

## ਥਾਈਲੈਂਡ ਤੇ ਕੰਬੋਡੀਆ ਵਿਚਾਲੇ ਹੋਇਆ ਨਵਾਂ ਜੰਗਬੰਦੀ ਸਮਝੌਤਾ

ਬੈਂਕਾਕ/ਏ.ਟੀ.ਨਿਊਜ਼: ਥਾਈਲੈਂਡ ਤੇ ਕੰਬੋਡੀਆ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਸਰਹੱਦ ’ਤੇ ਜਾਰੀ ਲੜਾਈ ਖ਼ਤਮ ਕਰਨ ਲਈ ਜੰਗਬੰਦੀ ਲਾਗੂ ਕਰਨ ਦੇ ਨਵੇਂ ਸਮਝੌਤੇ ’ਤੇ ਦਸਤਖ਼ਤ ਕੀਤਾ ਹੈ, ਜੋ ਸਥਾਨਕ ਸਮੇਂ ਮੁਤਾਬਕ ਦੁਪਹਿਰ ਤੋਂ ਲਾਗੂ ਹੋ ਗਿਆ। ਸਮਝੌਤੇ ਵਿੱਚ ਲੜਾਈ ਖ਼ਤਮ ਕਰਨ ਤੋਂ ਇਲਾਵਾ ਇਹ ਵੀ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਭਵਿੱਖ ਵਿੱਚ ਕੋਈ ਫ਼ੌਜੀ ਗਤੀਵਿਧੀਆਂ ਨਹੀਂ ਕਰਨਗੀਆਂ ਅਤੇ ਇੱਕ-ਦੂਜੇ ਦੀ ਹਵਾਈ ਸੀਮਾ ਦੀ ਫ਼ੌਜੀ ਉਦੇਸ਼ ਲਈ ਉਲੰਘਣਾ ਨਹੀਂ ਕਰਨਗੀਆਂ।ਸਮਝੌਤੇ ਵਿੱਚ ਅਹਿਮ ਵਿਵਸਥਾ ਇਹ ਵੀ ਹੈ ਕਿ ਥਾਈਲੈਂਡ ਜੁਲਾਈ ਵਿੱਚ ਹੋਈ ਲੜਾਈ ਤੋਂ ਬਾਅਦ ਬੰਦੀ ਬਣਾਏ 18 ਕੰਬੋਡਿਆਈ ਫ਼ੌਜੀਆਂ ਨੂੰ ਵਾਪਸ ਭੇਜੇਗਾ।

ਉਨ੍ਹਾਂ ਦੀ ਰਿਹਾਈ ਕੰਬੋਡਿਆਈ ਧਿਰ ਦੀ ਵੱਡੀ ਮੰਗ ਹੈ। ਇਹ ਵੀ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਜੁਲਾਈ ਵਿੱਚ ਪੰਜ ਦਿਨਾਂ ਦੀ ਲੜਾਈ ਨੂੰ ਖ਼ਤਮ ਕਰਨ ਵਾਲੀ ਪਹਿਲੀ ਜੰਗਬੰਦੀ ਅਤੇ ਉਸ ਤੋਂ ਬਾਅਦ ਹੋਏ ਸਮਝੌਤਿਆਂ ਦੀ ਪਾਲਣਾ ਕਰਨ ਲਈ ਵਚਨਬੱਧ ਹਨ।

## ਬਰਤਾਨਵੀ ਸ਼ਾਹੀ ਪਰਿਵਾਰ ਟਰੰਪ ਨਾਲ ਸੁਧਾਰੇਗਾ ਵਪਾਰਕ ਸਬੰਧ



ਲੰਡਨ/ਏ.ਟੀ.ਨਿਊਜ਼: ਬਰਤਾਨਵੀ ਸ਼ਾਹੀ ਪਰਿਵਾਰ ਦੇ ਸੀਨੀਅਰ ਮੈਂਬਰ ਅਮਰੀਕਾ ਨਾਲ ਵਪਾਰਕ ਸਮਝੌਤੇ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੇਲ-ਜੋਲ ਵਧਾਉਣ ਦੀ ਕੋਸ਼ਿਸ਼ ਕਰਨਗੇ।

‘ਦਿ ਟਾਈਮਜ਼’ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਕਿੰਗ ਚਾਰਲਸ ਤੀਜੇ ਵੱਲੋਂ ਅਗਲੇ ਸਾਲ ਦੇ ਪਹਿਲੇ ਅੱਧ ਵਿੱਚ ਵਾਸ਼ਿੰਗਟਨ ਦਾ ਦੌਰਾ ਕੀਤੇ ਜਾਣ ਦੀ ਆਸ ਹੈ, ਜੋ ਲਗਪਗ 20 ਸਾਲਾਂ ਵਿੱਚ ਕਿਸੇ ਮੌਜੂਦਾ ਬਰਤਾਨਵੀ ਸ਼ਾਸਕ ਦਾ ਪਹਿਲਾ ਇਤਿਹਾਸਕ ਦੌਰਾ ਹੋਵੇਗਾ। ਪ੍ਰਿੰਸ ਆਫ ਵੇਲਜ਼ ਵਿਲੀਅਮ ਦੇ ਜੁਲਾਈ ਵਿੱਚ ਉੱਤਰੀ ਅਮਰੀਕਾ ਦੇ ਦੌਰੇ ’ਤੇ ਜਾਣ ਦੀ ਉਮੀਦ ਹੈ, ਜਦੋਂ ਅਮਰੀਕਾ, ਕੈਨੇਡਾ ਅਤੇ ਮੈਕਸਿਕੋ ਦੇ ਨਾਲ ਮਿਲ ਕੇ ਫੁਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਲੇਖਾ-ਜੋਖਾ 2025: ਭਾਰਤ ਤੇ ਪਾਕਿਸਤਾਨ ਵਿਚਕਾਰ ਨਫ਼ਰਤ ਦੀ ਖਾਈ ਹੋਰ ਡੂੰਘੀ ਹੋਈ

## ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚੀ

## ਵਾਘਾ ਬਾਰਡਰ, ਹੁਸੈਨੀ ਵਾਲ ਦੀ ਵਪਾਰ ਪਾਬੰਦੀ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਲਾਇਆ ਝਟਕਾ

ਸਾਲ 2025 ਭਾਰਤ ਤੇ ਪਾਕਿਸਤਾਨ ਵਿਚਕਾਰ ਸਬੰਧਾਂ ਲਈ ਇੱਕ ਕਾਲਾ ਅਧਿਆਏ ਵਾਂਗ ਬੀਤ ਰਿਹਾ ਹੈ। ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਵਿਖੇ 22 ਅਪ੍ਰੈਲ ਨੂੰ ਹੋਏ ਜਿਹਾਦੀ ਹਮਲੇ ਨੇ ਦੋਵਾਂ ਮੁਲਕਾਂ ਨੂੰ ਜੰਗ ਦੇ ਮੂੰਹ ਵੱਲ ਧੱਕ ਦਿੱਤਾ ਸੀ। ਇਸ ਹਮਲੇ ਵਿੱਚ ਕਈ ਨਿਰਦੋਸ਼ ਲੋਕ ਮਾਰੇ ਗਏ ਸਨ ਤੇ ਭਾਰਤ ਨੇ ਇਸ ਲਈ ਪਾਕਿਸਤਾਨ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ। ਇਸ ਦੇ ਜਵਾਬ ਵਿੱਚ ਭਾਰਤ ਨੇ 7 ਮਈ ਨੂੰ 'ਅਪਰੇਸ਼ਨ ਸੰਧੂਰ' ਸ਼ੁਰੂ ਕੀਤਾ ਸੀ, ਜਿਸ ਵਿੱਚ ਪਾਕਿਸਤਾਨ ਵਿੱਚ ਜਿਹਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਗਏ। ਇਸ ਨੇ ਨਾ ਸਿਰਫ਼ ਜਿਹਾਦੀ ਸੰਗਠਨਾਂ ਜਿਵੇਂ ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਨੂੰ ਨੁਕਸਾਨ ਪਹੁੰਚਾਇਆ, ਸਗੋਂ ਦੋਵਾਂ ਮੁਲਕਾਂ ਵਿਚਕਾਰ ਨਫ਼ਰਤ ਦੀ ਖਾਈ ਨੂੰ ਹੋਰ ਡੂੰਘਾ ਕਰ ਦਿੱਤਾ। ਇਸ ਸਾਲ ਦੌਰਾਨ ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖ ਭਾਈਚਾਰੇ ਨੂੰ ਵੱਡਾ ਝਟਕਾ ਲੱਗਾ ਹੈ, ਜਦਕਿ ਵਾਘਾ ਤੇ ਹੁਸੈਨੀ ਵਾਲਾ ਬਾਰਡਰ ਨਾ ਖੁੱਲ੍ਹਣ ਕਾਰਨ ਪੰਜਾਬ ਦੀ ਅਰਥ ਵਿਵਸਥਾ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।



**ਪਹਿਲਗਾਮ ਹਮਲਾ ਤੇ ਇਸ ਦੇ ਬਾਅਦ ਵਧਿਆ ਤਣਾਅ**

ਸਭ ਤੋਂ ਪਹਿਲਾਂ ਗੱਲ ਕਰੀਏ ਉਸ ਘਟਨਾ ਦੀ ਜਿਸ ਨੇ 2025 ਸਾਲ ਨੂੰ ਤਣਾਅ ਨਾਲ ਭਰ ਦਿੱਤਾ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਨੇ ਇੱਕ ਵੱਡਾ ਹਮਲਾ ਕੀਤਾ, ਜਿਸ ਵਿੱਚ ਕਈ ਨਿਰਦੋਸ਼ ਲੋਕ ਮਾਰੇ ਗਏ ਤੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਭਾਰਤੀ ਸੁਰੱਖਿਆ ਏਜੰਸੀਆਂ ਨੇ ਇਸ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ, ਕਹਿੰਦੇ ਹੋਏ ਕਿ ਇਹ ਜਿਹਾਦੀ ਸੰਗਠਨ ਜੈਸ਼-ਏ-ਮੁਹੰਮਦ ਤੇ ਲਸ਼ਕਰ-ਏ-ਤੋਇਬਾ ਨਾਲ ਜੁੜੇ ਸਨ, ਜਿਨ੍ਹਾਂ ਨੂੰ ਪਾਕਿਸਤਾਨੀ ਫ਼ੌਜ ਦੀ ਮੱਦਦ ਮਿਲ ਰਹੀ ਹੈ। ਭਾਰਤ ਨੇ ਇਸ ਨੂੰ ਬਰਦਾਸ਼ਤ ਨਾ ਕੀਤਾ ਤੇ 7 ਮਈ ਨੂੰ 'ਅਪਰੇਸ਼ਨ ਸੰਧੂਰ' ਸ਼ੁਰੂ ਕੀਤਾ। ਇਸ ਆਪ੍ਰੇਸ਼ਨ ਵਿੱਚ ਭਾਰਤੀ ਫ਼ੌਜ ਨੇ ਪਾਕਿਸਤਾਨ ਵਿੱਚ ਬਹਾਵਲਪੁਰ, ਮੁਰੀਦਕੇ, ਕੋਟਲੀ, ਭਿੰਬਰ, ਬਾਗ ਤੇ ਮੁਜ਼ੱਫਰਾਬਾਦ ਵਰਗੇ ਥਾਂਵਾਂ 'ਤੇ ਮਿਜ਼ਾਈਲ ਹਮਲੇ ਕੀਤੇ। ਭਾਰਤੀ ਅਧਿਕਾਰੀਆਂ ਮੁਤਾਬਕ, ਇਨ੍ਹਾਂ ਹਮਲਿਆਂ ਵਿੱਚ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦੇ ਪਰਿਵਾਰ ਦੇ 10 ਮੈਂਬਰਾਂ ਸਮੇਤ 100 ਤੋਂ ਵੱਧ ਅੱਤਵਾਦੀ ਮਾਰੇ ਗਏ ਤੇ ਪਾਕਿਸਤਾਨ ਦੇ ਕਈ ਹਵਾਈ ਅੱਡੇ ਤਬਾਹ ਹੋ ਗਏ।

ਪਾਕਿਸਤਾਨ ਨੇ ਇਸ ਨੂੰ ਜੰਗ ਦੀ ਘੋਸ਼ਣਾ ਮੰਨਿਆ ਤੇ ਜਵਾਬ ਵਿੱਚ 'ਬੁਨਯਾਨ-ਅਲ-ਮਰਸੂਸ' ਨਾਂ ਨਾਲ ਫ਼ੌਜੀ ਕਾਰਵਾਈ ਸ਼ੁਰੂ ਕੀਤੀ ਸੀ। ਇਸ ਵਿੱਚ ਪਾਕਿਸਤਾਨ ਨੇ ਭਾਰਤ ਦੇ ਪਠਾਨਕੋਟ, ਊਧਮਪੁਰ, ਗੁਜਰਾਤ, ਰਾਜਸਥਾਨ ਤੇ ਆਦਮਪੁਰ ਵਰਗੇ ਹਵਾਈ ਅੱਡਿਆਂ ਤੇ ਬ੍ਰਹਮੋਸ ਮਿਜ਼ਾਈਲਾਂ ਦੇ ਸਟੋਰਾਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਸੀ। ਦੋਵੇਂ ਮੁਲਕ ਜੰਗ ਦੇ ਮੂੰਹ ਵੱਲ ਵਧ ਰਹੇ ਸਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਚੋਲਗੀ ਕੀਤੀ ਤੇ ਜੰਗਬੰਦੀ ਖਤਮ ਕਰਵਾਉਣ ਦਾ ਦਾਅਵਾ ਕੀਤਾ। ਪਰ ਭਾਰਤ ਨੇ ਕਿਹਾ ਕਿ ਉਹ ਕਿਸੇ ਤੀਜੇ ਮੁਲਕ ਦੀ ਵਿਚੋਲਗੀ ਨਹੀਂ ਮੰਨਦਾ। ਇਸ ਸਭ ਨੇ ਨਫ਼ਰਤ ਨੂੰ ਹੋਰ ਵਧਾ ਦਿੱਤਾ ਤੇ ਇਸ ਦੇ ਨਤੀਜੇ ਵਜੋਂ ਕਰਤਾਰਪੁਰ ਲਾਂਘਾ ਬੰਦ ਹੋ ਗਏ, ਜਿਨ੍ਹਾਂ ਨੇ ਸਿੱਖ ਸੰਗਤ ਨੂੰ ਪ੍ਰਭਾਵਿਤ ਕੀਤਾ।

**ਸਿੰਧੂ ਜਲ ਸੰਧੀ ਦੀ ਮੁਅੱਤਲੀ ਤੇ ਪਾਕਿਸਤਾਨ ਦਾ ਜਲ ਸੰਕਟ**

ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ, ਜਿਸ ਨੇ ਪਾਕਿਸਤਾਨ ਨੂੰ ਵੱਡਾ ਝਟਕਾ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਸੀ, 'ਪਾਣੀ ਤੇ ਖੂਨ ਇਕੱਠੇ ਨਹੀਂ ਵਹਿ ਸਕਦੇ।' ਇਸ ਨਾਲ ਪਾਕਿਸਤਾਨ ਵਿੱਚ ਜਲ ਸੰਕਟ ਵਧ ਗਿਆ ਤੇ ਮਾਨਸੂਨ ਬਾਰਿਸ਼ਾਂ ਤੋਂ ਬਾਅਦ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ। ਪਾਕਿਸਤਾਨ ਨੇ ਇਸ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਕੌਮਾਂਤਰੀ ਮੰਚਾਂ 'ਤੇ ਦਰਜਨਾਂ ਵਾਰ ਅਪੀਲ ਕੀਤੀ ਕਿ ਸੰਧੀ ਨੂੰ ਬਹਾਲ ਕੀਤਾ ਜਾਵੇ। ਪਾਕਿਸਤਾਨੀ ਅਧਿਕਾਰੀ ਕਹਿੰਦੇ ਹਨ ਕਿ ਸਿੰਧੂ ਨਦੀ ਉਨ੍ਹਾਂ ਦੀ ਜੀਵਨ ਰੇਖਾ ਹੈ – ਉਨ੍ਹਾਂ ਦੇ 90 ਫੀਸਦੀ ਫਸਲਾਂ ਇਸ ਤੋਂ ਪਾਣੀ ਲੈਂਦੀਆਂ ਹਨ ਤੇ ਹਰ 10 ਵਿੱਚੋਂ 9 ਲੋਕ ਇਸ ਤੇ ਨਿਰਭਰ ਹਨ। ਉਨ੍ਹਾਂ ਨੇ ਇਸ ਨੂੰ 'ਪਾਣੀ ਦਾ ਬੰਬ' ਕਿਹਾ ਤੇ ਕਿਹਾ ਕਿ ਜੇ ਨਾ ਹੱਲ ਕੀਤਾ ਗਿਆ ਤਾਂ ਲੋਕ ਭੁੱਖ ਨਾਲ ਮਰ ਜਾਣਗੇ।

ਪਾਕਿਸਤਾਨੀ ਫ਼ੌਜ ਨੇ ਬਿਆਨ ਜਾਰੀ ਕਰਕੇ ਭਾਰਤ ਨੂੰ ਧਮਕੀਆਂ ਦਿੱਤੀਆਂ ਕਿ ਜੇ ਪਾਣੀ ਬੰਦ ਕੀਤਾ ਤਾਂ ਅਸੀਂ ਤੁਹਾਡਾ ਸਾਹ ਬੰਦ ਕਰ ਦੇਵਾਂਗੇ। ਕਈ ਸੀਨੀਅਰ ਸਿਆਸਤਦਾਨਾਂ ਨੇ ਖੂਨ-ਖਰਾਬੇ ਦੀ ਧਮਕੀ ਵੀ ਦਿੱਤੀ। ਭਾਰਤ ਨੇ ਇਨ੍ਹਾਂ ਧਮਕੀਆਂ ਨੂੰ ਨਜ਼ਰਅੰਦਾਜ਼ ਕੀਤਾ ਤੇ ਕਿਹਾ ਕਿ ਅੱਤਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 9 ਮਹੀਨੇ ਬੀਤਣ ਤੋਂ ਬਾਅਦ ਵੀ ਇਹ ਮਾਮਲੇ ਕੌਮਾਂਤਰੀ ਚਰਚਾ ਵਿੱਚ ਹਨ ਤੇ ਨਫ਼ਰਤ ਵਧ ਰਹੀ ਹੈ। ਇਸ ਨੇ ਨਾ ਸਿਰਫ਼ ਫ਼ੌਜੀ ਤਣਾਅ ਵਧਾਇਆ ਸਗੋਂ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ, ਖਾਸ ਕਰਕੇ ਸਿੱਖ ਭਾਈਚਾਰੇ ਨੂੰ ਜੋ ਕਰਤਾਰਪੁਰ ਲਾਂਘੇ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਜਾਂਦੇ ਸਨ।

**ਕਰਤਾਰਪੁਰ ਲਾਂਘਾ: ਕਿੰਨੀ ਵਾਰ ਬੰਦ ਹੋਇਆ ਤੇ ਪਾਬੰਦੀ ਦੇ ਕਾਰਨ**

ਕਰਤਾਰਪੁਰ ਲਾਂਘਾ, ਜੋ ਨਵੰਬਰ 2019 ਵਿੱਚ ਖੁੱਲ੍ਹਿਆ ਸੀ, ਸਿੱਖਾਂ ਲਈ ਇੱਕ ਪੁਲ ਵਾਂਗ ਸੀ ਜੋ ਭਾਰਤ ਤੇ ਪਾਕਿਸਤਾਨ ਨੂੰ ਜੋੜਦਾ ਸੀ। ਇਹ ਲਾਂਘਾ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਨੂੰ ਵੀਜ਼ਾ ਮੁਕਤ ਪਹੁੰਚ ਪ੍ਰਦਾਨ ਕਰਦਾ ਹੈ। ਪਰ ਇਸ ਸਾਲ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ 7 ਮਈ 2025 ਨੂੰ ਇਸ ਨੂੰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ। ਇਹ ਪਹਿਲੀ ਵਾਰ ਨਹੀਂ ਸੀ ਜਦੋਂ ਲਾਂਘਾ ਬੰਦ ਹੋਇਆ – ਪਹਿਲਾਂ ਕੋਵਿਡ-19 ਮਹਾਮਾਰੀ ਦੌਰਾਨ 2020 ਵਿੱਚ ਬੰਦ ਹੋਇਆ ਸੀ ਤੇ 2022 ਵਿੱਚ ਫਿਰ ਖੁੱਲ੍ਹਿਆ। ਪਰ ਇਸ ਵਾਰ ਬੰਦੀ ਲੰਮੀ ਚੱਲ ਰਹੀ ਹੈ ਤੇ ਨਵੰਬਰ 2025 ਵਿੱਚ ਇਸ ਦੇ 6ਵੇਂ ਵਰ੍ਹੇਗੰਢ ਤੇ ਵੀ ਬੰਦ ਰਹਿਣ ਨੇ ਸਿੱਖਾਂ ਨੂੰ ਨਿਰਾਸ਼ ਕੀਤਾ।

ਭਾਰਤੀ ਸਰਕਾਰ ਨੇ ਬੰਦੀ ਦਾ ਕਾਰਨ ਸੁਰੱਖਿਆ ਨੂੰ ਦੱਸਿਆ ਹੈ। ਵਿਦੇਸ਼ ਸਕੱਤਰ ਨੇ ਕਿਹਾ ਕਿ ਪਾਕਿਸਤਾਨ ਵਿੱਚ ਅੱਤਵਾਦੀ ਗਤੀਵਿਧੀਆਂ ਕਾਰਨ ਸਿੱਖ ਯਾਤਰੀਆਂ ਦੀ ਸੁਰੱਖਿਆ ਨੂੰ ਖਤਰਾ ਹੈ। ਪਰ ਪਾਕਿਸਤਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਲਾਂਘਾ ਖੁੱਲ੍ਹਾ ਹੈ ਤੇ ਭਾਰਤ ਨੇ ਇੱਕਤਰਫ਼ਾ ਫੈਸਲਾ ਲਿਆ ਹੈ। ਨਵੰਬਰ 2025 ਵਿੱਚ ਲਾਂਘੇ ਦੀ ਵਰ੍ਹੇਗੰਢ ਤੇ ਪਾਕਿਸਤਾਨ ਨੇ ਐਲਾਨ ਕੀਤਾ ਸੀ ਕਿ ਉਹ ਅਪ੍ਰੈਲ 2026 ਤੱਕ 17 ਹੋਰ ਗੁਰਦੁਆਰੇ ਖੋਲ੍ਹਣਗੇ, ਪਰ ਭਾਰਤ ਨੇ ਕੋਈ ਜਵਾਬ ਨਹੀਂ ਦਿੱਤਾ। ਸਿੱਖ ਯਾਤਰੀਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਲਈ ਭਾਰਤ ਨੇ ਅਕਤੂਬਰ 2025 ਵਿੱਚ ਵੀਜ਼ਾ ਰੱਦ ਕਰ ਦਿੱਤੇ ਤੇ ਅਡਵਾਈਜ਼ਰੀ ਜਾਰੀ ਕੀਤੀ। ਇਸ ਨੇ ਸਿੱਖਾਂ ਵਿੱਚ ਰੋਸ ਪੈਦਾ ਕੀਤਾ ਹੈ।

**ਭਾਰਤ ਦਾ ਸਿੱਖਾਂ ਪ੍ਰਤੀ ਰਵੱਈਆ ਤੇ ਪੰਥਕ ਜਥੇਬੰਦੀਆਂ ਦੇ ਵਿਚਾਰ**

ਸਿੱਖ ਭਾਈਚਾਰੇ ਨੂੰ ਲੱਗਦਾ ਹੈ ਕਿ ਭਾਰਤ ਸਰਕਾਰ ਉਨ੍ਹਾਂ ਪ੍ਰਤੀ ਸੁਹਿਰਦ ਨਹੀਂ ਹੈ। ਲਾਂਘਾ ਬੰਦ ਹੋਣ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਜਥੇ ਨਹੀਂ ਜਾ ਸਕੇ, ਜਿਸ ਨੇ ਪੰਜਾਬ ਵਿੱਚ ਰੋਸ ਵਧਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ, 'ਭਾਰਤ ਸਰਕਾਰ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਜੇ ਕ੍ਰਿਕਟ ਮੈਚ ਹੋ ਸਕਦੇ ਹਨ ਤਾਂ ਧਾਰਮਿਕ ਯਾਤਰਾ ਕਿਉਂ ਨਹੀਂ ?' ਉਨ੍ਹਾਂ ਨੇ ਮੰਗ ਕੀਤੀ ਸੀ ਕਿ ਲਾਂਘਾ ਤੁਰੰਤ ਖੋਲ੍ਹਿਆ ਜਾਵੇ। ਸਿੱਖ ਬੁੱਧੀਜੀਵੀ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ, 'ਸਿੱਖਾਂ ਨੂੰ ਮਾਰਜੀਨਲਾਈਜ਼ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਦੇ ਅਸਥਾਨ ਤੱਕ ਪਹੁੰਚ ਸਿੱਖਾਂ ਦਾ ਅਧਿਕਾਰ ਹੈ, ਪਰ ਰਾਜਨੀਤੀ ਅੜਿਕੇ ਡਾਹ ਰਹੀ ਹੈ।' (**ਬਾਕੀ ਸਫ਼ਾ 26 'ਤੇ**)

## 2025 ਦੀ ਸਿਆਸਤ

# ਕੀ ਟਰੰਪ ਦੀਆਂ ਨੀਤੀਆਂ ਮੋਦੀ ਲਈ ਚੈਲਿੰਜ ਸਾਬਤ ਹੋਈਆਂ ?

## ਪਹਿਲਗਾਮ ਹਮਲੇ, ਆਪਰੇਸ਼ਨ ਸਿੰਦੂਰ, ਲਾਲ ਕਿਲ੍ਹੇ ਵਿਸਫੋਟ ਦੇ ਮਾਮਲੇ ਵਿੱਚ ਮੋਦੀ ਸਰਕਾਰ ਦੀ ਨੀਤੀ ਕੀ ਠੋਸ ਰਹੀ ?

## ਭਾਰਤ ਆਰਥਿਕ ਸੰਕਟ 'ਚ ਕਿਉਂ ਅਤੇ ਏ.ਆਈ. ਵਿੱਚ ਪੱਛੜਿਆ ਕਿਉਂ ?

## ਘਰੇਲੂ ਰਾਜਨੀਤੀ 'ਚ ਕਿਉਂ ਘਿਰ ਗਈ ਮੋਦੀ ਸਰਕਾਰ

2025 ਦਾ ਸਾਲ ਭਾਰਤ ਲਈ ਇੱਕ ਅਜਿਹਾ ਸਾਲ ਸੀ ਜੋ ਨਾ ਸਿਰਫ਼ ਰਾਜਨੀਤਕ ਅਤੇ ਆਰਥਿਕ ਰੂਪ ਵਿੱਚ ਵੱਡੇ ਬਦਲਾਅ ਲਿਆਇਆ, ਬਲਕਿ ਰਾਸ਼ਟਰੀ ਪਛਾਣ ਅਤੇ ਅੰਤਰਰਾਸ਼ਟਰੀ ਸਨਮਾਨ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਇਆ। ਇਹ ਸਾਲ ਉਹਨਾਂ ਵਾਅਦਿਆਂ ਦੀ ਨਿਸ਼ਾਨੀ ਬਣ ਗਿਆ ਜਿਹੜੇ ਨਰਿੰਦਰ ਮੋਦੀ ਨੇ 2014 ਵਿੱਚ ਕੀਤੇ ਸਨ – ਅੱਤਵਾਦ ਦਾ ਖਾਤਮਾ, ਆਰਥਿਕ ਵਿਕਾਸ ਅਤੇ ਅੰਤਰਰਾਸ਼ਟਰੀ ਮਜ਼ਬੂਤੀ। ਪਰ ਅਸਲੀਅਤ ਵਿੱਚ, ਇਹ ਸਾਲ ਇੱਕ ਖੋਖਲੇ ਸਾਬਤ ਹੋਇਆ ਜਿੱਥੇ ਅਪਰੇਸ਼ਨ ਸਿੰਧੂਰ ਵਰਗੀਆਂ ਘਟਨਾਵਾਂ ਨੇ ਭਾਰਤ ਨੂੰ ਅੱਤਵਾਦੀ ਹਮਲਿਆਂ ਦੇ ਸਾਮ੍ਹਣੇ ਬੇਬੱਸ ਬਣਾ ਦਿੱਤਾ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੀ ਅਰਥਵਿਵਸਥਾ ਅਤੇ ਸੈਨਿਕ ਸਮਰੱਥਾ ਨੂੰ ਮਜ਼ਾਕ ਬਣਾ ਕੇ ਰੱਖ ਦਿੱਤਾ ਅਤੇ ਏ.ਆਈ. ਵਿੱਚ ਪਿੱਛੇ ਰਹਿਣ ਕਾਰਨ ਭਾਰਤ ਦੀ ਆਈ.ਟੀ. ਪਛਾਣ ਵੀ ਖ਼ਤਰੇ ਵਿੱਚ ਪੈ ਗਈ।



ਅਪਰੇਸ਼ਨ ਸਿੰਧੂਰ ਜੋ ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਸੀ। ਮਈ 2025 ਵਿੱਚ ਭਾਰਤ ਨੇ ਪਾਕਿਸਤਾਨ ਵਿੱਚ ਅੱਤਵਾਦੀ ਕੈਂਪਾਂ 'ਤੇ ਹਮਲੇ ਕੀਤੇ, ਜਿਸ ਨੂੰ ਅਪਰੇਸ਼ਨ ਸਿੰਧੂਰ ਨਾਮ ਦਿੱਤਾ ਗਿਆ। ਇਹ ਹਮਲੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਸਨ, ਜਿੱਥੇ 26 ਨਿਰਦੋਸ਼ ਲੋਕ ਮਾਰੇ ਗਏ ਸਨ। ਪਰ ਇਸ ਆਪਰੇਸ਼ਨ ਨੇ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਅਲੱਗ-ਥਲੱਗ ਕਰ ਦਿੱਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਯੁੱਧ ਰੋਕਣ ਲਈ ਮਜਬੂਰ ਕੀਤਾ ਅਤੇ ਭਾਰਤ ਨੇ ਆਪਣੇ ਪੰਜ ਜੈੱਟ ਗੁਆ ਲਏ। ਇਹ ਘਟਨਾ ਭਾਰਤ ਦੀ ਸੈਨਿਕ ਸਮਰੱਥਾ 'ਤੇ ਸਵਾਲ ਖੜ੍ਹੇ ਕਰਦੀ ਹੈ। ਵਿਕੀਪੀਡੀਆ ਅਨੁਸਾਰ, ਇਹ ਇੱਕ ਸੰਖੇਪ ਯੁੱਧ ਸੀ ਜਿਸ ਵਿੱਚ ਭਾਰਤ ਨੇ ਅੱਤਵਾਦੀ ਟਾਰਗੇਟਾਂ 'ਤੇ ਮਿਜਾਈਲ ਹਮਲੇ ਕੀਤੇ। ਪਰ ਅਸਲੀ ਨਤੀਜਾ ਇਹ ਸੀ ਕਿ ਭਾਰਤ ਨੂੰ ਅੰਤਰਰਾਸ਼ਟਰੀ ਸਹਿਯੋਗ ਨਹੀਂ ਮਿਲਿਆ ਅਤੇ ਟਰੰਪ ਨੇ ਇਸ ਨੂੰ ਆਪਣੀ ਕੂਟਨੀਤਕ ਜਿੱਤ ਦੱਸਿਆ।

ਅੱਤਵਾਦੀ ਹਮਲੇ ਇਸ ਸਾਲ ਦੀ ਇੱਕ ਵੱਡੀ ਸਮੱਸਿਆ ਰਹੇ। ਪਹਿਲਗਾਮ ਤੋਂ ਲੈ ਕੇ ਲਾਲ ਕਿਲੇ ਨੇੜੇ ਕਾਰ ਬੰਬ ਵਿਸਫੋਟ ਤੱਕ, ਇਹਨਾਂ ਹਮਲਿਆਂ ਨੇ ਮੋਦੀ ਸਰਕਾਰ ਨੂੰ ਉਸੇ ਸਥਿਤੀ ਵਿੱਚ ਲਿਆ ਖੜ੍ਹਾ ਕੀਤਾ ਜਿੱਥੇ ਮਨਮੋਹਨ ਸਿੰਘ ਦੀ ਸਰਕਾਰ ਸੀ। ਫਰਕ ਸਿਰਫ਼ ਇਹ ਹੈ ਕਿ ਹੁਣ ਫੋਟੋਸ਼ੂਟ ਅਤੇ ਨੈਰੇਟਿਵ ਬਿਲਡਿੰਗ ਹੈ, ਪਰ ਅਸਲੀ ਸੁਰੱਖਿਆ ਵਿੱਚ ਕੋਈ ਸੁਧਾਰ ਨਹੀਂ ਹੋਇਆ। ਸ਼ੋਸ਼ਲ ਮੀਡੀਆ ਉਪਰ ਲੋਕ ਅਪਰੇਸ਼ਨ ਸਿੰਧੂਰ ਨੂੰ ਇੱਕ ਰਾਜਨੀਤਕ ਡਰਾਮਾ ਮੰਨ ਰਹੇ ਹਨ।

ਆਰਥਿਕ ਤੌਰ 'ਤੇ, ਰੁਪਏ ਦੀ ਕੀਮਤ 90 ਡਾਲਰ ਤੋਂ ਪਾਰ ਚਲੀ ਗਈ, ਜੋ ਮਨਮੋਹਨ ਸਿੰਘ ਦੇ ਸਮੇਂ ਦੀ ਆਲੋਚਨਾ ਨੂੰ ਯਾਦ ਕਰਾਉਂਦੀ ਹੈ। ਟਰੰਪ ਨੇ ਭਾਰਤ 'ਤੇ 50% ਟੈਰਿਫ ਲਗਾਏ, ਜੋ ਰੂਸ ਤੋਂ ਤੇਲ ਖਰੀਦਣ ਕਾਰਨ ਸਨ। ਇਹ ਟੈਰਿਫ ਨੇ ਭਾਰਤ ਨੂੰ ਅੰਤਰਰਾਸ਼ਟਰੀ ਨਿਵੇਸ਼ਕਾਂ ਤੋਂ ਦੂਰ ਕੀਤਾ ਅਤੇ ਸ਼ੇਅਰ ਮਾਰਕੀਟ 82-85 ਹਜ਼ਾਰ ਵਿੱਚ ਘਿਰੀ ਰਹੀ। ਰਿਪੋਰਟਾਂ ਅਨੁਸਾਰ, 90% ਸ਼ੇਅਰਾਂ ਵਿੱਚ ਗਿਰਾਵਟ ਆਈ, ਜਿਸ ਨਾਲ ਰਿਟੇਲ ਨਿਵੇਸ਼ਕਾਂ ਨੂੰ ਵੱਡਾ ਨੁਕਸਾਨ ਹੋਇਆ। ਇਸ ਤੋਂ ਇਲਾਵਾ, ਭਾਰਤੀ ਪਾਸਪੋਰਟ ਦੀ ਰੈਂਕਿੰਗ 80ਵੇਂ ਤੋਂ 85ਵੇਂ ਸਥਾਨ ਤੇ ਡਿੱਗ ਗਈ, ਜੋ ਅਫਰੀਕਾ ਅਤੇ ਏਸ਼ੀਆ ਦੇ ਕੁਝ ਦੇਸ਼ਾਂ ਨੇ ਆਪਣੀ ਸਥਿਤੀ ਸੁਧਾਰਨ ਕਾਰਨ ਹੋਇਆ।

**ਰਾਜਨੀਤਕ ਅਸਫਲਤਾਵਾਂ ਅਤੇ ਚੋਣਾਂ**

ਮੋਦੀ ਸਰਕਾਰ ਲਈ 2025 ਸਭ ਤੋਂ ਮੁਸ਼ਕਿਲ ਸਾਲ ਸੀ। ਵਿਸ਼ਵਗੁਰੂ ਦੀ ਤਸਵੀਰ ਟੁੱਟ ਗਈ, ਅੱਤਵਾਦ ਨੂੰ ਖਤਮ ਨਾ ਹੋ ਸਕਿਆ ਅਤੇ ਆਰਥਿਕ ਅਸਥਿਰਤਾ ਨੇ ਵਿਕਾਸ ਨੂੰ ਪ੍ਰਭਾਵਿਤ ਕੀਤਾ। ਭਾਜਪਾ ਨੇ ਦਿੱਲੀ ਅਤੇ ਬਿਹਾਰ ਚੋਣਾਂ ਜਿੱਤੀਆਂ, ਪਰ ਇਹ ਜਿੱਤਾਂ ਅਸਲੀ ਸਮੱਸਿਆਵਾਂ ਨੂੰ ਨਹੀਂ ਛੁਪਾ ਸਕੀਆਂ। ਪਹਿਲਗਾਮ ਵਿੱਚ ਹੋਏ ਹਮਲੇ ਨੇ ਅਨੁੱਛੇਦ 370 ਹਟਾਉਣ ਤੋਂ ਬਾਅਦ ਦੀ ਸਥਿਤੀ ਨੂੰ ਨੰਗਾ ਕਰ ਦਿੱਤਾ। ਕਸ਼ਮੀਰ ਵਿੱਚ ਯਾਤਰੀਆਂ ਦੀ ਗਿਣਤੀ ਘਟੀ। ਆਪਰੇਸ਼ਨ ਸਿੰਧੂਰ ਨੇ ਪਾਕਿਸਤਾਨ ਨੂੰ ਨੁਕਸਾਨ ਪਹੁੰਚਾਇਆ, ਪਰ ਟਰੰਪ ਨੇ ਇਸ ਨੂੰ ਆਪਣੀ ਜਿੱਤ ਦੱਸ ਕੇ ਭਾਰਤ ਨੂੰ ਅਲੱਗ ਕਰ ਦਿੱਤਾ। (**ਬਾਕੀ ਸਫ਼ਾ 26 'ਤੇ**)

## ਪੰਜਾਬੀ ਟਰੱਕ ਡਰਾਈਵਰਾਂ ਦੇ ਲਾਇਸੰਸ ਰੱਦ ਹੋਣ ਦਾ ਮਾਮਲਾ

# ਸਿੱਖ ਟਰੱਕ ਡਰਾਈਵਰਾਂ ਨੇ ਕੈਲੀਫ਼ੋਰਨੀਆ ਸਰਕਾਰ ਵਿਰੁੱਧ 'ਕਲਾਸ ਐਕਸ਼ਨ' ਮੁਕੱਦਮਾ ਦਾਇਰ ਕੀਤਾ

## ਸਿੱਖ ਕੋਲੀਸ਼ਨ ਨਸਲੀ ਵਿਤਕਰੇ ਵਿਰੁੱਧ ਡਟਿਆ

## ਗ਼ਲਤੀ ਸਰਕਾਰੀ ਸਿਸਟਮ ਵਿੱਚ ਹੋਈ ਸੀ ਪਰ ਡਰਾਈਵਰਾਂ ਨੂੰ ਮਿਲ ਰਹੀ ਹੈ ਸਜ਼ਾ

ਕੈਲੀਫੋਰਨੀਆ ਰਾਜ ਵਿੱਚ ਵੱਸਦੇ ਹਜ਼ਾਰਾਂ ਸਿੱਖ ਪੰਜਾਬੀ ਟਰੱਕ ਡਰਾਈਵਰਾਂ ਨੂੰ ਇੱਕ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਦੇ ਵਾਹਨ ਵਿਭਾਗ (ਡੀਐੱਮਵੀ) ਨੇ ਲਗਭਗ 20,000 ਪ੍ਰਵਾਸੀ ਡਰਾਈਵਰਾਂ ਦੇ ਵਪਾਰਕ ਡਰਾਈਵਿੰਗ ਲਾਇਸੰਸ (ਸੀਡੀਐੱਲ) ਰੱਦ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਹਨ। ਇਹ ਫੈਸਲਾ ਫੈਡਰਲ ਸਰਕਾਰ ਦੇ ਦਬਾਅ ਕਾਰਨ ਲਿਆ ਗਿਆ ਹੈ, ਜਿਸ ਵਿੱਚ ਟਰੰਪ ਪ੍ਰਸ਼ਾਸਨ ਦੀ ਨੀਤੀਆਂ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਮਾਮਲੇ ਨੇ ਨਾ ਸਿਰਫ਼ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਹੈ ਬਲਕਿ ਉਨ੍ਹਾਂ ਨੂੰ ਕਾਨੂੰਨੀ ਲੜਾਈ ਲੜਨ ਲਈ ਵੀ ਮਜਬੂਰ ਕੀਤਾ ਹੈ।

ਇਹ ਵਿਵਾਦ ਨਵੰਬਰ 2025 ਵਿੱਚ ਸ਼ੁਰੂ ਹੋਇਆ ਸੀ ਜਦੋਂ ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐੱਫਐੱਮਸੀਐੱਸਏ) ਨੇ ਕੈਲੀਫੋਰਨੀਆ ਡੀਐੱਮਵੀ ਦੇ ਇੱਕ ਆਡਿਟ ਵਿੱਚ ਖਾਮੀਆਂ ਲੱਭੀਆਂ। ਆਡਿਟ ਵਿੱਚ ਪਤਾ ਲੱਗਾ ਕਿ ਰਾਜ ਨੇ ਲਗਭਗ 17,000 ਪ੍ਰਵਾਸੀਆਂ ਨੂੰ ਅਜਿਹੇ ਵਪਾਰਕ ਲਾਇਸੰਸ ਜਾਰੀ ਕੀਤੇ ਸਨ ਜਿਨ੍ਹਾਂ ਦੀ ਮਿਆਦ ਉਨ੍ਹਾਂ ਦੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀ ਮਿਆਦ ਤੋਂ ਵੱਧ ਸੀ। ਇਹ ਕੈਲੀਫੋਰਨੀਆ ਵਹੀਕਲ ਕੋਡ ਅਤੇ ਫੈਡਰਲ ਨਿਯਮਾਂ ਦੇ ਵਿਰੋਧ ਵਿੱਚ ਸੀ। ਫੈਡਰਲ ਟ੍ਰਾਂਸਪੋਰਟੇਸ਼ਨ ਵਿਭਾਗ ਨੇ ਕੈਲੀਫੋਰਨੀਆ ਨੂੰ ਚੇਤਾਵਨੀ ਦਿੱਤੀ ਕਿ ਜੇ ਉਹ ਇਨ੍ਹਾਂ ਲਾਇਸੰਸਾਂ ਨੂੰ ਰੱਦ ਨਾ ਕੀਤਾ ਤਾਂ ਰਾਜ ਨੂੰ 160 ਮਿਲੀਅਨ ਡਾਲਰ ਦੀ ਫੈਡਰਲ ਫੰਡਿੰਗ ਰੋਕੀ ਜਾ ਸਕਦੀ ਹੈ।

ਇਸ ਫੈਸਲੇ ਨੇ ਖਾਸ ਕਰਕੇ ਸਿੱਖ ਪੰਜਾਬੀ ਟਰੱਕ ਡਰਾਈਵਰਾਂ ਨੂੰ ਪ੍ਰਭਾਵਿਤ ਕੀਤਾ ਹੈ ਕਿਉਂਕਿ ਅਮਰੀਕਾ ਵਿੱਚ ਵੱਸਦੇ ਸਿੱਖਾਂ ਵਿੱਚੋਂ ਲਗਭਗ ਚੌਥਾਈ ਟਰੱਕਿੰਗ ਉਦਯੋਗ ਨਾਲ ਜੁੜੇ ਹੋਏ ਹਨ।

ਨੌਰਥ ਅਮੈਰੀਕਨ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਅਨੁਸਾਰ, ਅਮਰੀਕਾ ਵਿੱਚ ਲਗਭਗ 150,000 ਸਿੱਖ ਟਰੱਕ ਡਰਾਈਵਰ ਅਤੇ ਮਾਲਕ ਹਨ, ਜੋ ਅਮਰੀਕੀ ਟਰੱਕਿੰਗ ਉਦਯੋਗ ਦਾ 20% ਹਿੱਸਾ ਕੰਟਰੋਲ ਕਰਦੇ ਹਨ। ਬੇ ਏਰੀਆ ਦੇ ਸ਼ਹਿਰ ਜਿਵੇਂ ਫ੍ਰੀਮੌਂਟ, ਲਿਵਰਮੂਰ, ਹੇਵਰਡ, ਯੂਨੀਅਨ ਸਿਟੀ ਅਤੇ ਐੱਲ ਸੋਬਰਾਂਟੇ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਵੱਸਦੇ ਹਨ, ਜਿਨ੍ਹਾਂ ਨੂੰ ਇਸ ਨਾਲ ਸਿੱਧਾ ਨੁਕਸਾਨ ਪਹੁੰਚ ਰਿਹਾ ਹੈ।

ਡੀਐੱਮਵੀ ਨੇ ਨਵੰਬਰ ਵਿੱਚ ਇਨ੍ਹਾਂ ਡਰਾਈਵਰਾਂ ਨੂੰ ਰੱਦ ਨੋਟਿਸ ਭੇਜੇ ਅਤੇ ਕਿਹਾ ਕਿ 5 ਜਨਵਰੀ, 2026 ਨੂੰ 17,000 ਲਾਇਸੰਸ ਰੱਦ ਹੋ ਜਾਣਗੇ ਅਤੇ 13 ਫਰਵਰੀ ਨੂੰ ਹੋਰ 2,700। ਡੀਐੱਮਵੀ ਅਨੁਸਾਰ, ਇਹ ਗਲਤੀ ਉਨ੍ਹਾਂ ਦੇ ਸਿਸਟਮ ਵਿੱਚ ਹੋਈ





ਸੀ ਪਰ ਡਰਾਈਵਰਾਂ ਨੂੰ ਇਸ ਦੀ ਸਜ਼ਾ ਮਿਲ ਰਹੀ ਹੈ। ਇਸ ਨਾਲ ਡਰਾਈਵਰਾਂ ਦੇ ਰੁਜ਼ਗਾਰ ਖਤਰੇ ਵਿੱਚ ਪੈ ਗਏ ਹਨ, ਕਿਉਂਕਿ ਬਿਨਾਂ ਲਾਇਸੰਸ ਉਹ ਟਰੱਕ ਨਹੀਂ ਚਲਾ ਸਕਦੇ। ਬਹੁਤੇ ਡਰਾਈਵਰ ਆਪਣੇ ਪਰਿਵਾਰਾਂ ਦੇ ਇਕੱਲੇ ਕਮਾਉਣ ਵਾਲੇ ਹਨ ਅਤੇ ਉਨ੍ਹਾਂ ਨੇ ਘਰ, ਕਾਰਾਂ ਅਤੇ ਟਰੱਕ ਖਰੀਦੇ ਹਨ ਜਿਨ੍ਹਾਂ ਦੀਆਂ ਕਿਸ਼ਤਾਂ ਭਰਨ ਲਈ ਇਹ ਨੌਕਰੀ ਜ਼ਰੂਰੀ ਹੈ।

ਇਸ ਮਸਲੇ ਦੀ ਜੜ੍ਹ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਵਿੱਚ ਹੈ। ਅਪ੍ਰੈਲ 2025 ਵਿੱਚ ਰਾਸ਼ਟਰਪਤੀ ਟਰੰਪ ਨੇ ਟਰੱਕ ਡਰਾਈਵਰਾਂ ਲਈ ਨਵੇਂ ਅੰਗਰੇਜ਼ੀ ਪ੍ਰੋਫੀਸੀਐਂਸੀ ਮਾਪਦੰਡ ਬਣਾਉਣ ਵਾਲਾ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਸੀ। ਮਈ ਵਿੱਚ ਸਿੱਖ ਕੋਲੀਸ਼ਨ ਨੇ ਟ੍ਰਾਂਸਪੋਰਟੇਸ਼ਨ ਵਿਭਾਗ ਨੂੰ ਪੱਤਰ ਲਿਖ ਕੇ ਇਸ ਨੂੰ ਚੁਣੌਤੀ ਦਿੱਤੀ ਸੀ, ਕਹਿੰਦੇ ਹੋਏ ਕਿ ਇਹ ਨਿਯਮ ਸਿੱਖ ਅਤੇ ਪੰਜਾਬੀ ਡਰਾਈਵਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਟ੍ਰਾਂਸਪੋਰਟੇਸ਼ਨ ਸੈਕਰੇਟਰੀ ਸੀਨ ਪੀ. ਡਫੀ ਨੇ ਨਵੰਬਰ ਵਿੱਚ ਕਿਹਾ ਸੀ ਕਿ ਉਹ ਕੈਲੀਫੋਰਨੀਆ ਵਿੱਚ ਹਰ ਗੈਰ-ਕਾਨੂੰਨੀ ਪ੍ਰਵਾਸੀ ਨੂੰ ਟਰੱਕ ਅਤੇ ਸਕੂਲ ਬੱਸਾਂ ਤੋਂ ਦੂਰ ਕਰਨ ਲਈ ਮਜਬੂਰ ਕਰਨਗੇ।

### ਸਿੱਖ ਭਾਈਚਾਰੇ ਦਾ ਪ੍ਰਤੀਕਰਮ

ਸਿੱਖ ਭਾਈਚਾਰੇ ਨੇ ਇਸ ਫੈਸਲੇ ਨੂੰ ਨਸਲੀ ਵਿਤਕਰੇ ਵਜੋਂ ਵੇਖਿਆ ਹੈ ਅਤੇ ਇਸ ਵਿਰੋਧ ਵਿੱਚ ਆਵਾਜ਼ ਉਠਾਈ ਹੈ। ਸਿੱਖ ਕੋਲੀਸ਼ਨ ਦੀ ਲੀਗਲ ਡਾਇਰੈਕਟਰ ਮੁਨਮੀਥ ਕੌਰ ਸੋਨੀ ਨੇ ਕਿਹਾ ਕਿ ਡਰਾਈਵਰਾਂ ਨੇ ਫੈਡਰਲ ਅਤੇ ਰਾਜ ਨਿਯਮਾਂ ਦੀ ਪਾਲਣਾ ਕੀਤੀ ਸੀ ਅਤੇ ਗਲਤੀ ਡੀਐੱਮਵੀ ਦੇ ਸਿਸਟਮ ਵਿੱਚ ਸੀ। ਉਹ 20,000 ਡਰਾਈਵਰਾਂ ਨੂੰ ਸਜ਼ਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਜਿਨ੍ਹਾਂ ਨੇ ਕੋਈ ਗਲਤੀ ਨਹੀਂ ਕੀਤੀ। ਸਿੱਖ ਕੋਲੀਸ਼ਨ ਨੇ ਡੀਐੱਮਵੀ ਨੂੰ ਕਈ ਵਾਰ ਗਲਤੀ ਸੁਧਾਰਨ ਲਈ ਕਿਹਾ ਪਰ ਜਦੋਂ ਕੋਈ ਹੱਲ ਨਾ ਨਿਕਲਿਆ ਤਾਂ ਉਨ੍ਹਾਂ ਨੇ ਕਾਨੂੰਨੀ ਕਾਰਵਾਈ ਕੀਤੀ।

ਸਿੱਖ ਕੋਲੀਸ਼ਨ ਨੇ ਕਿਹਾ ਕਿ ਫੈਡਰਲ ਸਰਕਾਰ ਨੇ ਕੈਲੀਫੋਰਨੀਆ ਨੂੰ ਨਵੇਂ ਲਾਇਸੰਸ ਜਾਰੀ ਕਰਨ ਤੋਂ ਰੋਕਿਆ ਹੈ ਅਤੇ ਉਹ ਇਸ ਵਿਰੋਧ ਵਿੱਚ ਖੜ੍ਹੇ ਹਨ। ਯੂਨਾਈਟਿਡ ਸਿੱਖਸ ਨੇ ਡੀਐੱਮਵੀ ਨੂੰ ਅਪੀਲ ਕੀਤੀ ਕਿ ਉਹ ਸਿੱਖ ਡਰਾਈਵਰਾਂ ਦੇ ਲਾਇਸੰਸ ਪੂਰੀ ਤਰ੍ਹਾਂ ਬਹਾਲ ਕਰੇ। ਸਿੱਖ ਅਤੇ ਏਸ਼ੀਅਨ ਗਰੁੱਪ ਲਾਇਸੰਸ ਰੱਦ ਕਰਨ ਨੂੰ ਰੋਕਣ ਲਈ ਮੁਕੱਦਮਾ ਕਰ ਰਹੇ ਹਨ, ਕਿਉਂਕਿ ਇਹ ਆਰਥਿਕ ਨੁਕਸਾਨ ਦਾ ਕਾਰਣ ਹੈ ਅਤੇ ਨੌਕਰੀਆਂ ਨੂੰ ਖਤਰੇ ਵਿੱਚ ਪਾਉਂਦਾ ਹੈ।

ਬਹੁਤੇ ਸਿੱਖ ਡਰਾਈਵਰਾਂ ਨੇ ਇਸ ਨੂੰ ਇਮੀਗ੍ਰੈਂਟ ਵਿਰੋਧੀ ਨੀਤੀ ਵਜੋਂ ਵੇਖਿਆ ਹੈ। ਇੱਕ 25 ਸਾਲਾਂ ਦੇ ਸਿੱਖ ਟਰੱਕ ਡਰਾਈਵਰ ਅਰਸ਼ ਸਿੰਘ ਨੇ ਨਿਊ ਯੌਰਕ ਟਾਈਮਜ਼ ਨੂੰ ਦੱਸਿਆ ਕਿ ਉਹ 2022 ਵਿੱਚ ਅਮਰੀਕਾ ਆਇਆ ਸੀ ਅਤੇ ਲਾਇਸੰਸ ਰੱਦ ਹੋਣ ਦੇ ਡਰ ਨਾਲ ਜੀਉ ਰਿਹਾ ਹੈ। ਉਹ ਵਾਸ਼ਿੰਗਟਨ ਤੋਂ ਕੈਲੀਫੋਰਨੀਆ ਤੱਕ ਮਾਲ ਢੋਂਦਾ ਹੈ ਅਤੇ ਆਪਣੀ ਪੱਗ ਕਾਰਨ ਕਈ ਵਾਰ ਨਸਲਵਾਦ ਦਾ ਸ਼ਿਕਾਰ ਹੁੰਦਾ ਹੈ। ਉਸ ਨੇ ਕਿਹਾ ਕਿ ਹਰ ਰੋਜ਼ ਮੈਂ ਘਰ ਤੇ ਪਰਿਵਾਰ ਨੂੰ ਯਾਦ ਕਰਦਾ ਹਾਂ ਪਰ ਇੱਥੇ ਬਿਹਤਰ ਹੈ ਕਿਉਂਕਿ ਮੈਂ ਕੰਮ ਕਰਕੇ ਪਰਿਵਾਰ ਦੀ ਸਹਾਇਤਾ ਕਰ ਸਕਦਾ ਹਾਂ। ਫੈਡਰਲ ਅਦਾਲਤ ਨੇ ਅਸਥਾਈ ਤੌਰ ਤੇ ਨਿਯਮ ਰੋਕੇ ਹਨ ਪਰ ਡਰਾਈਵਰਾਂ ਵਿੱਚ ਡਰ ਬਣਿਆ ਹੋਇਆ ਹੈ।

ਸਿੱਖ ਭਾਈਚਾਰੇ ਦੇ ਨੇਤਾਵਾਂ ਨੇ ਕਿਹਾ ਕਿ ਇਹ ਨੀਤੀ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੀਹੈ, ਕਿਉਂਕਿ ਉਹ ਟਰੱਕਿੰਗ ਵਿੱਚ ਵੱਡੀ ਗਿਣਤੀ ਵਿੱਚ ਹਨ। ਮਨਪ੍ਰੀਤ ਕੌਰ, ਇੱਕ ਸਿਟੀ ਕੌਂਸਲ ਮੈਂਬਰ ਨੇ ਕਿਹਾ ਕਿ ਲੋਕ ਡਰੇ ਹੋਏ ਹਨ। ਇਹ ਇੱਕ ਹੋਰ ਪ੍ਰਵਾਸੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀ ਨੀਤੀ ਹੈ।

### ਸਿੱਖਾਂ ਨੇ ਕਾਨੂੰਨੀ ਜੰਗ ਛੇੜੀ

ਹਾਂ, ਸਿੱਖ ਭਾਈਚਾਰੇ ਨੇ ਇਸ ਮਸਲੇ ਵਿੱਚ ਕਾਨੂੰਨੀ ਲੜਾਈ ਸ਼ੁਰੂ ਕੀਤੀ ਹੈ। 23 ਦਸੰਬਰ, 2025 ਨੂੰ ਸਿੱਖ ਕੋਲੀਸ਼ਨ, ਏਸ਼ੀਅਨ ਲਾਅ ਕੌਕਸ ਅਤੇ ਵੇਲ, ਗੋਟਸ਼ਾਲ ਐਂਡ ਮੈਂਗੇਜ਼ ਐੱਲਐੱਲਪੀ ਨੇ ਅਲਾਮੇਡਾ ਕਾਊਂਟੀ ਸੁਪੀਰੀਅਰ ਅਦਾਲਤ ਵਿੱਚ ਇੱਕ ਕਲਾਸ ਐਕਸ਼ਨ ਮੁਕੱਦਮਾ ਦਾਇਰ ਕੀਤਾ। ਇਹ ਮੁਕੱਦਮਾ ਜਕਾਰਾ ਮੂਵਮੈਂਟ ਅਤੇ ਪੰਜ ਅਣਪਛਾਤੇ ਵਪਾਰਕ ਡਰਾਈਵਰਾਂ ਵੱਲੋਂ ਦਾਇਰ ਕੀਤਾ ਗਿਆ ਹੈ।

ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਡੀਐੱਮਵੀ ਨੇ ਆਪਣੀ ਗਲਤੀ ਕਾਰਨ ਲਾਇਸੰਸ ਰੱਦ ਕੀਤੇ ਹਨ ਅਤੇ ਡਰਾਈਵਰਾਂ ਨੂੰ ਮੁੜ ਅਪਲਾਈ ਕਰਨ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ। ਕੈਲੀਫੋਰਨੀਆ ਵਹੀਕਲ ਕੋਡ ਅਨੁਸਾਰ, ਗਲਤ ਮਿਆਦ ਵਾਲੇ ਲਾਇਸੰਸਾਂ ਨੂੰ ਰੱਦ ਕਰਨ ਤੋਂ ਬਾਅਦ ਡੀਐੱਮਵੀ ਨੂੰ ਡਰਾਈਵਰਾਂ ਨੂੰ ਮੁੜ ਅਪਲਾਈ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਪਰ ਅਜਿਹਾ ਨਹੀਂ ਹੋ ਰਿਹਾ। ਮੁਕੱਦਮੇ ਵਿੱਚ ਮੰਗ ਕੀਤੀ ਗਈ ਹੈ ਕਿ ਅਦਾਲਤ ਲਾਇਸੰਸ ਬਹਾਲ ਕਰਨ ਦਾ ਹੁਕਮ ਦੇਵੇ ਅਤੇ ਡੀਐੱਮਵੀ ਨੂੰ ਗਲਤੀ ਸੁਧਾਰਨ ਲਈ ਕਹੇ।

ਵਕੀਲ ਡੇਵਿਡ ਸਿੰਘ ਨੇ ਕਿਹਾ ਕਿ 'ਪ੍ਰਵਾਸੀਆਂ ਨੇ ਘਰ, ਕਾਰਾਂ ਅਤੇ ਟਰੱਕ ਖਰੀਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਨੌਕਰੀ ਤੇ ਨਿਰਭਰ ਕਰਨਾ ਪੈਂਦਾ ਹੈ। ਡੀਐੱਮਵੀ ਦੇ ਫੈਸਲੇ ਨਾਲ ਉਨ੍ਹਾਂ ਨੂੰ ਵਿੱਤੀ ਅਤੇ ਭਾਵਨਾਤਮਕ ਨੁਕਸਾਨ ਹੋ ਰਿਹਾ ਹੈ।' ਡੀਐੱਮਵੀ ਨੇ ਮੁਕੱਦਮੇ ਉਪਰ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਪਰ ਬੁਲਾਰਾ ਈਵਾ ਸਪੀਗਲ ਨੇ ਕਿਹਾ ਕਿ ਲਾਇਸੰਸ ਜਾਰੀ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਅੱਗੇ ਕਿਹਾ: ਸਾਨੂੰ ਉਮੀਦ ਹੈ ਕਿ ਫੈਡਰਲ ਸਰਕਾਰ ਸਹੀ ਕਦਮ ਚੁੱਕੇਗੀ ਅਤੇ ਕੈਲੀਫੋਰਨੀਆ ਨੂੰ ਇਹ ਵਪਾਰਕ ਡਰਾਈਵਰ ਲਾਇਸੰਸ ਜਲਦੀ ਮੁੜ ਜਾਰੀ ਕਰਨ ਦੀ ਇਜਾਜ਼ਤ ਦੇਵੇਗੀ। ਵਪਾਰਕ ਡਰਾਈਵਰ ਸਾਡੀ ਅਰਥਵਿਵਸਥਾ ਦਾ ਅਹਿਮ ਹਿੱਸਾ ਹਨ – ਉਨ੍ਹਾਂ ਬਿਨਾਂ ਸਾਡੀਆਂ ਸਪਲਾਈ ਚੇਨਾਂ ਨਹੀਂ ਚੱਲਦੀਆਂ।

ਇਸ ਤੋਂ ਪਹਿਲਾਂ 10 ਦਸੰਬਰ ਨੂੰ ਡੀਐੱਮਵੀ ਨੇ ਫੈਡਰਲ ਸਰਕਾਰ ਨੂੰ ਕਿਹਾ ਸੀ ਕਿ ਉਹ ਇੱਕ ਹਫ਼ਤੇ ਵਿੱਚ ਨਵੇਂ ਲਾਇਸੰਸ ਜਾਰੀ ਕਰਨ ਲਈ ਤਿਆਰ ਹਨ ਪਰ 19 ਦਸੰਬਰ ਨੂੰ ਫੈਡਰਲ ਸਰਕਾਰ ਨੇ ਇਸ ਨੂੰ ਰੱਦ ਕਰ ਦਿੱਤਾ। ਲਾਸ ਐਂਜਲਸ ਟਾਈਮਜ਼ ਅਨੁਸਾਰ, ਇਹ ਟਰੰਪ ਪ੍ਰਸ਼ਾਸਨ ਦੇ ਪ੍ਰਵਾਸੀ ਵਿਰੋਧੀ ਯਤਨਾਂ ਦਾ ਹਿੱਸਾ ਹੈ ਜੋ ਸ਼ਰਨ ਲੈਣ ਵਾਲੇ ਸ਼ਰਨਾਰਥੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ।

### ਵਿਵਾਦਗ੍ਰਸਿਤ ਘਟਨਾਵਾਂ ਅਤੇ ਸੇਫਟੀ ਮਸਲੇ

ਇਸ ਵਿਵਾਦ ਨੂੰ ਵਧਾਉਣ ਵਿੱਚ ਦੋ ਵੱਡੀਆਂ ਘਟਨਾਵਾਂ ਨੇ ਭੂਮਿਕਾ ਨਿਭਾਈ ਹੈ। ਅਗਸਤ 2025 ਵਿੱਚ ਫਲੋਰੀਡਾ ਵਿੱਚ ਇੱਕ ਸਿੱਖ ਡਰਾਈਵਰ ਹਰਜਿੰਦਰ ਸਿੰਘ ਨੇ ਗੈਰ-ਕਾਨੂੰਨੀ ਯੂ-ਟਰਨ ਕਰਕੇ ਇੱਕ ਹਾਦਸਾ ਕੀਤਾ ਜਿਸ ਵਿੱਚ ਤਿੰਨ ਲੋਕ ਮਾਰੇ ਗਏ। ਉਹ ਬਿਨਾਂ ਦਸਤਾਵੇਜ਼ਾਂ ਅਮਰੀਕਾ ਆਇਆ ਸੀ ਅਤੇ ਕੈਲੀਫੋਰਨੀਆ ਵਿੱਚ ਲਾਇਸੰਸ ਲਿਆ ਸੀ। ਅਕਤੂਬਰ ਵਿੱਚ ਇੱਕ ਹੋਰ ਸਿੱਖ ਡਰਾਈਵਰ ਜਸਨਪ੍ਰੀਤ ਸਿੰਘ ਨੇ ਕੈਲੀਫੋਰਨੀਆ ਵਿੱਚ ਇੱਕ ਚੇਨ ਰਿਐਕਸ਼ਨ ਹਾਦਸਾ ਕੀਤਾ ਜਿਸ ਵਿੱਚ ਤਿੰਨ ਲੋਕ ਮਾਰੇ ਗਏ। ਉਸ ਨੂੰ ਨਸ਼ੇ ਵਿੱਚ ਡਰਾਈਵਿੰਗ ਲਈ ਗ੍ਰਿਫ਼ਤਾਰ ਕੀਤਾ ਗਿਆ।

ਇਨ੍ਹਾਂ ਘਟਨਾਵਾਂ ਨੇ ਫੈਡਰਲ ਸਰਕਾਰ ਨੂੰ ਸੇਫਟੀ ਮਸਲੇ ਉਠਾਉਣ ਦਾ ਮੌਕਾ ਦਿੱਤਾ ਪਰ ਡੈਮੋਕ੍ਰੈਟ ਨੇਤਾਵਾਂ ਨੇ ਕਿਹਾ ਕਿ ਇਹ ਨਿਯਮ ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਐੱਮਜੇ ਟਰੂਥ ਅਲਟਰਾ ਵਰਗੇ ਯੂਜ਼ਰਾਂ ਨੇ ਐਕਸ ਤੇ ਕਿਹਾ ਕਿ ਰਾਜਾਂ ਨੇ ਗ਼ੈਰ-ਕਾਨੂੰਨੀ ਤੌਰ 'ਤੇ ਲਾਇਸੰਸ ਜਾਰੀ ਕੀਤੇ ਅਤੇ ਇਹ ਡਰਾਈਵਰ ਰੋਡਾਂ ਤੇ ਖਤਰਾ ਹਨ। ਪਰ ਸਿੱਖ ਐਡਵੋਕੇਟਸ ਨੇ ਕਿਹਾ ਕਿ ਇਹ ਅਲੱਗ-ਥਲੱਗ ਘਟਨਾਵਾਂ ਹਨ ਅਤੇ ਪੂਰੇ ਭਾਈਚਾਰੇ ਨੂੰ ਨਹੀਂ ਨਿਸ਼ਾਨਾ ਬਣਾਉਣਾ ਚਾਹੀਦਾ।

### ਆਰਥਿਕ ਅਤੇ ਸਮਾਜਿਕ ਪ੍ਰਭਾਵ

ਇਸ ਫੈਸਲੇ ਨਾਲ ਅਮਰੀਕੀ ਟਰੱਕਿੰਗ ਉਦਯੋਗ ਨੂੰ ਵੱਡਾ ਨੁਕਸਾਨ ਪਹੁੰਚੇਗਾ। ਅਮਰੀਕਾ ਵਿੱਚ ਪਹਿਲਾਂ ਹੀ 100,000 ਡਰਾਈਵਰਾਂ ਦੀ ਘਾਟ ਹੈ ਅਤੇ ਇਹ ਰੱਦੀ ਨਾਲ ਸਪਲਾਈ ਚੇਨ ਪ੍ਰਭਾਵਿਤ ਹੋਵੇਗੀ। ਕੈਲੀਫੋਰਨੀਆ ਦੇ ਟਰੱਕਿੰਗ ਕੰਪਨੀਆਂ ਜਿਵੇਂ ਡਾਇਮੰਡ ਟ੍ਰਾਂਸਪੋਰਟੇਸ਼ਨ ਲੌਜਿਸਟਿਕਸ ਨੂੰ ਆਪਣੇ ਡਰਾਈਵਰ ਗੁਆਉਣੇ ਪੈ ਸਕਦੇ ਹਨ। ਜੋਈ ਅਟਵਾਲ ਵਰਗੇ ਡਰਾਈਵਰਾਂ ਨੇ ਕਿਹਾ ਕਿ ਇਹ ਰਾਜ ਦੀ ਟਰੰਪ ਨਾਲ ਲੜਾਈ ਵਿੱਚ ਪ੍ਰਵਾਸੀ ਡਰਾਈਵਰ ਕੋਲੈਟਰਲ ਡੈਮੇਜ ਬਣ ਗਏ ਹਨ।

ਸਿੱਖ ਭਾਈਚਾਰੇ ਲਈ ਇਹ ਇੱਕ ਵੱਡਾ ਝਟਕਾ ਹੈ ਜੋ ਅਮਰੀਕਾ ਵਿੱਚ 1900 ਦੇ ਸ਼ੁਰੂ ਤੋਂ ਵੱਸ ਰਹੇ ਹਨ। ਉਹ ਟਰੱਕਿੰਗ ਵਿੱਚ ਆਪਣੀ ਮਿਹਨਤ ਨਾਲ ਨਾਮ ਕਮਾ ਰਹੇ ਹਨ ਪਰ ਅਜਿਹੀਆਂ ਨੀਤੀਆਂ ਉਨ੍ਹਾਂ ਨੂੰ ਵਿਤਕਰੇ ਦਾ ਸ਼ਿਕਾਰ ਬਣਾਉਂਦੀਆਂ ਹਨ। ਯੂਨਾਈਟਿਡ ਸਿੱਖਸ ਨੇ ਇਸ ਨੂੰ ਸਿਵਲ ਰਾਈਟਸ ਮਸਲਾ ਕਰਾਰ ਦਿੱਤਾ ਅਤੇ ਡੀਐੱਮਵੀ ਨੂੰ ਲਾਇਸੰਸ ਬਹਾਲ ਕਰਨ ਲਈ ਕਿਹਾ।

### ਭਵਿੱਖ ਅਤੇ ਨਤੀਜੇ

ਇਹ ਮਾਮਲਾ ਅਜੇ ਅਦਾਲਤ ਵਿੱਚ ਹੈ। ਸਿੱਖ ਭਾਈਚਾਰਾ ਆਪਣੇ ਹੱਕਾਂ ਲਈ ਲੜ ਰਿਹਾ ਹੈ ਅਤੇ ਇਹ ਲੜਾਈ ਅਮਰੀਕੀ ਇਮੀਗ੍ਰੇਸ਼ਨ ਨੀਤੀਆਂ ਤੇ ਪ੍ਰਭਾਵ ਪਾ ਸਕਦੀ ਹੈ। ਇਸ ਵਿਵਾਦ ਨੇ ਸਿੱਖ ਪੰਜਾਬੀ ਡਰਾਈਵਰਾਂ ਨੂੰ ਇੱਕਜੁੱਟ ਕੀਤਾ ਹੈ ਅਤੇ ਉਹ ਆਪਣੇ ਹੱਕਾਂ ਲਈ ਲੜਨ ਲਈ ਤਿਆਰ ਹਨ।

## ਕੈਲੀਫ਼ੋਰਨੀਆ 'ਚ ਬਰਫ਼ਬਾਰੀ ਕਾਰਨ ਵਾਹਣ ਸੜਕਾਂ 'ਤੇ ਫ਼ਸੇ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਉੱਤਰ ਪੂਰਬ ਕੈਲੀਫ਼ੋਰਨੀਆ ਵਿੱਚ ਲੋਕਾਂ ਨੂੰ ਬਰਫ਼ਬਾਰੀ ਤੇ ਸੀਤ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਨੇਕਾਂ ਵਾਹਣ ਬਰਫ਼ਬਾਰੀ ਕਾਰਨ ਉੱਤਰ ਪੂਰਬ ਕੈਲੀਫ਼ੋਰਨੀਆ ਹਾਈਵੇਅ 'ਤੇ ਫ਼ਸ ਗਏ ਹਨ। ਕੈਲੀਫ਼ੋਰਨੀਆ ਹਾਈਵੇਅ ਗਸ਼ਤੀ ਦਲ ਨੇ ਕੈਲੀਫ਼ੋਰਨੀਆ ਦੀਆਂ ਸੀਏਰਾ ਨੇਵਾਡਾ ਪਹਾੜੀਆਂ ਵਿੱਚ ਕੈਸਲ ਚੋਟੀ ਨੇੜੇ ਫ਼ਸੇ ਵਾਹਣਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਪਰ ਸਾਂਝੀਆਂ ਕੀਤੀਆਂ ਹਨ। ਗਸ਼ਤੀ ਦਲ ਨੇ ਲਿਖਿਆ ਹੈ ਕਿ ਕੈਸਲ ਚੋਟੀ ਨੇੜੇ ਆਵਾਜਾਈ ਜਾਮ ਹੈ ਤੇ ਵਾਹਣ ਫ਼ਸੇ ਹੋਏ ਹਨ ਇਸ ਨੂੰ ਸਾਫ਼ ਕਰਨ



ਲਈ ਅਜੇ ਸਮਾਂ ਲੱਗੇਗਾ। ਗੱਡੀਆਂ ਟਕਰਾਅ ਜਾਣ ਕਾਰਨ ਕੁਝ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਵੀ ਰਿਪੋਰਟ ਹੈ। ਕੈਲੀਫ਼ੋਰਨੀਆ ਹਾਈਵੇਅ ਗਸ਼ਤੀ ਦਲ ਨੇ ਕ੍ਰਿਸਮਿਸ ਤੋਂ 3 ਦਿਨ ਪਹਿਲਾਂ ਹੀ ਡਰਾਈਵਰਾਂ ਨੂੰ ਸਰਦ ਰੁੱਤ ਦਾ ਤੂਫ਼ਾਨ ਆਉਣ ਦੀ ਚਿਤਾਵਨੀ ਦਿੱਤੀ ਸੀ ਤੇ ਕਿਹਾ ਸੀ ਕਿ ਭਾਰੀ ਬਰਫ਼ਬਾਰੀ, ਤੇਜ ਹਵਾਵਾਂ ਤੇ ਤਕਰੀਬਨ ਜ਼ੀਰੋ ਦ੍ਰਿਸ਼ਟੀ ਵਰਗੇ ਹਾਲਾਤ ਬਣ ਜਾਣਗੇ, ਅਸੀਂ ਛੁੱਟੀਆਂ ਦਾ ਆਨੰਦ ਲੈਣਾ ਚਾਹੁੰਦੇ ਹਾਂ ਪਰੰਤੂ ਧਿਆਨ ਰੱਖਣਾ ਕਿ 1-80 ਉੱਪਰ ਫ਼ਸਣ ਵਾਲਿਆਂ ਵਿੱਚ ਕਿਤੇ ਆਪਾਂ ਵੀ ਨਾ ਹੋਈਏ।

# ਸਿੱਖ ਜਗਤ ਲਈ ਚੁਣੌਤੀਆਂ ਅਤੇ ਉਥਲ-ਪੁਥਲ ਵਾਲਾ ਵਰ੍ਹਾ ਰਿਹਾ 2025

## ➢ ਜਥੇਦਾਰਾਂ ਦੀ ਬਰਖ਼ਾਸਤਗੀ ਤੇ ਨਵੀਆਂ ਨਿਯੁਕਤੀਆਂ ➢ ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ: ਏਕਤਾ ਦੀ ਬਜਾਏ ਵੰਡੀਆਂ ਪਈਆਂ

ਸਿੱਖ ਜਗਤ ਅਤੇ ਸਿੱਖ ਸੰਸਥਾਵਾਂ ਲਈ 2025 ਦਾ ਵਰ੍ਹਾ ਇੱਕ ਅਜਿਹੇ ਸਮੇਂ ਵਜੋਂ ਯਾਦ ਰਹੇਗਾ ਜਿਸ ਵਿੱਚ ਚੁਣੌਤੀਆਂ, ਉਥਲ-ਪੁਥਲ ਅਤੇ ਵਿਵਾਦਾਂ ਨੇ ਪੰਥ ਨੂੰ ਨਵੀਆਂ ਦਿਸ਼ਾਵਾਂ ਵੱਲ ਧੱਕਿਆ ਹੈ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਲੈ ਕੇ ਚੱਲਣ ਵਾਲੇ ਸਿੱਖ ਭਾਈਚਾਰੇ ਲਈ ਇਹ ਵਰ੍ਹਾ ਨਾ ਸਿਰਫ਼ ਧਾਰਮਿਕ ਅਤੇ ਰਾਜਨੀਤਿਕ ਬਦਲਾਅ ਨਾਲ ਭਰਪੂਰ ਰਿਹਾ, ਸਗੋਂ ਵਿਸ਼ਵ ਪੱਧਰ ’ਤੇ ਵੀ ਸਿੱਖ ਸ਼ਖਸੀਅਤਾਂ ਨੇ ਪੰਥ ਦਾ ਨਾਂ ਰੌਸ਼ਨ ਕੀਤਾ ਹੈ।

ਸਾਲ ਦੀ ਸ਼ੁਰੂਆਤ ਹੀ ਧਾਰਮਿਕ ਉਤਸ਼ਾਹ ਨਾਲ ਹੋਈ। ਜਨਵਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਪਰ ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਇਹ ਦੋ ਵਾਰ ਮਨਾਇਆ ਗਿਆ – ਜਨਵਰੀ ਅਤੇ ਦਸੰਬਰ ਵਿੱਚ। ਇਸ ਨੇ ਸੰਗਤਾਂ ਵਿੱਚ ਦੁਬਿਧਾ ਪੈਦਾ ਕੀਤੀ, ਖਾਸ ਕਰਕੇ 27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਹੀ ਗੁਰੂ ਜੀ ਦਾ ਪ੍ਰਕਾਸ਼ ਪੁਰਬ ਆਉਣ ਕਾਰਨ। ਪੰਥਕ ਵਿਦਵਾਨਾਂ ਨੇ ਇਸ ਵਿਵਾਦ ਨੂੰ ਹੱਲ ਕਰਨ ਲਈ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ, ਪਰ ਇਹ ਮਾਮਲਾ ਜਾਰੀ ਰਿਹਾ। ਇਸ ਵਰ੍ਹੇ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੀ ਚਰਚਾਵਾਂ ਹੋਈਆਂ।

ਫਰਵਰੀ ਮਹੀਨੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਸਤੀਫਾ ਦਿੱਤਾ, ਜੋ ਪੰਥਕ ਹਲਕਿਆਂ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣਿਆ। ਉਨ੍ਹਾਂ ਨੇ ਸੱਤ ਮੈਂਬਰੀ ਭਰਤੀ ਕਮੇਟੀ ਬਣਾਈ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ’ਤੇ ਅਸਤੀਫਾ ਵਾਪਸ ਲੈ ਲਿਆ। ਇਸ ਮਹੀਨੇ ਹੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਨੂੰ ਕੇਂਦਰ ਸਰਕਾਰ ਵੱਲੋਂ ਪਦਮ ਸ੍ਰੀ ਸਨਮਾਨ ਮਿਲਿਆ, ਜੋ ਸਿੱਖ ਰਾਗੀ ਭਾਈਚਾਰੇ ਲਈ ਮਾਣ ਵਾਲੀ ਗੱਲ ਸੀ। ਉਨ੍ਹਾਂ ਨੇ ਗੁਰਬਾਣੀ ਕੀਰਤਨ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਇਆ ਹੈ।

ਮਾਰਚ ਮਹੀਨੇ ਵਿੱਚ ਸ਼੍ਰੋਮਣੀ ਕਮੇਟੀ ਨੇ ਨਵੇਂ ਜਥੇਦਾਰ ਨਿਯੁਕਤ ਕੀਤੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਬਣਾਇਆ ਗਿਆ, ਜਦਕਿ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ। ਪਰ ਗੜਗੱਜ ਜੀ ਦੀ ਸੇਵਾ ਸੰਭਾਲ ਰਸਮ ਨੂੰ ਲੈ ਕੇ ਵਿਵਾਦ ਉੱਠਿਆ, ਜਿਸ ਕਾਰਨ ਐੱਸਜੀਪੀਸੀ ਨੂੰ ਇਹ ਰਸਮ ਦੁਬਾਰਾ ਕਰਨੀ ਪਈ। ਇਸ ਨੇ ਪੰਥ ਵਿੱਚ ਵੰਡ ਪੈਦਾ ਕੀਤੀ ਅਤੇ ਕਈ ਜਥੇਬੰਦੀਆਂ ਨੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨਾਲ ਖਿਲਵਾੜ ਵਜੋਂ ਵੇਖਿਆ। ਇਸੇ ਮਹੀਨੇ ਬਜਟ ਇਜਲਾਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਨਿਯਮਾਂ ਬਣਾਉਣ ਦੀ ਮੰਗ ਨੂੰ ਲੈ ਕੇ ਵਿਰੋਧ ਕੀਤਾ। ਉਹ ਸੰਗਤਾਂ ਨਾਲ ਵਿਰੋਧ




ਪ੍ਰਦਰਸ਼ਨ ਲਈ ਪਹੁੰਚੇ, ਜਿਸ ਨੇ ਐੱਸਜੀਪੀਸੀ ਦੀ ਮੀਟਿੰਗ ਨੂੰ ਪ੍ਰਭਾਵਿਤ ਕੀਤਾ।

ਅਪ੍ਰੈਲ ਤੋਂ ਜੂਨ ਤੱਕ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ। ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਹੜ੍ਹ ਪੀੜ੍ਹਤਾਂ ਲਈ ਰਾਹਤ ਕੰਮ ਕੀਤੇ, ਜੋ ਸਰਾਹੁਣਯੋਗ ਰਹੇ। ਲੰਗਰ ਵੰਡੇ ਗਏ, ਮੈਡੀਕਲ ਕੈਂਪ ਲਗਾਏ ਗਏ ਅਤੇ ਰਾਹਤ ਸਮੱਗਰੀ ਪਹੁੰਚਾਈ ਗਈ। ਇਸ ਨੇ ਸਿੱਖ ਸੇਵਾ ਦੀ ਭਾਵਨਾ ਨੂੰ ਉਜਾਗਰ ਕੀਤਾ, ਪਰ ਇਸੇ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਵਾਲੇ ਮਾਮਲੇ ਵਿੱਚ ਕੋਈ ਪ੍ਰਗਤੀ ਨਹੀਂ ਹੋਈ, ਜਿਸ ਨੇ ਪੰਥ ਨੂੰ ਨਿਰਾਸ਼ ਕੀਤਾ।

ਅਗਸਤ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਨਾਰਾਜ਼ ਸੀਨੀਅਰ ਆਗੂਆਂ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਭਰਤੀ ਕਮੇਟੀ ਦੀ ਅਗਵਾਈ ਵਿੱਚ ਨਵੀਂ ਪਾਰਟੀ ਬਣਾਈ। ਇਹ ਪਾਰਟੀ ਅੰਮ੍ਰਿਤਸਰ ਵਿੱਚ ਸਥਾਪਿਤ ਕੀਤੀ ਗਈ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਪਹਿਲਾ ਪ੍ਰਧਾਨ ਬਣਾਇਆ ਗਿਆ। ਇਸ ਨੇ ਅਕਾਲੀ ਦਲ ਵਿੱਚ ਵੰਡ ਪੈਦਾ ਕੀਤੀ ਅਤੇ ਪੰਜਾਬ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ। ਇਸੇ ਸਮੇਂ ਸ੍ਰੀ ਦਰਬਾਰ ਸਾਹਿਬ ਨੂੰ ਵਿਸਫੋਟਕ ਧਮਕੀਆਂ ਵਾਲੀਆਂ ਈਮੇਲਾਂ ਮਿਲੀਆਂ, ਜਿਸ ਨੇ ਸੁਰੱਖਿਆ ਚਿੰਤਾਵਾਂ ਵਧਾਈਆਂ। ਐੱਸਜੀਪੀਸੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਪੁਲਿਸ ਨਾਲ ਮਿਲ ਕੇ ਜਾਂਚ ਕਰਵਾਈ।

ਸਤੰਬਰ ਅਤੇ ਅਕਤੂਬਰ ਵਿੱਚ ਧਾਰਮਿਕ ਵਿਵਾਦ ਵਧੇ। ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਵਿਚਾਲੇ ਟਕਰਾਅ ਜਾਰੀ ਰਿਹਾ, ਜਿਸ ਵਿੱਚ ਦੋਵਾਂ ਤਖ਼ਤਾਂ ਨੇ ਇੱਕ ਦੂਜੇ ਨੂੰ ਤਨਖਾਹੀਆ ਕਰਾਰ ਦਿੱਤਾ। ਬਾਅਦ ਵਿੱਚ ਐੱਸਜੀਪੀਸੀ ਪ੍ਰਧਾਨ ਦੇ ਯਤਨਾਂ ਨਾਲ ਇਹ ਹੱਲ ਹੋ ਗਿਆ। ਇਸੇ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਜਗਦੀਸ਼ ਸਿੰਘ ਝੀਂਡਾ ਚੁਣੇ ਗਏ। ਨਵੰਬਰ ਵਿੱਚ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ। ਦੇਸ਼ ਭਰ ਵਿੱਚ ਉਤਸ਼ਾਹ ਸੀ, ਪਰ ਐੱਸਜੀਪੀਸੀ ਅਤੇ ਪੰਜਾਬ ਸਰਕਾਰ ਨੇ ਵੱਖਰੇ ਸਮਾਗਮ ਕੀਤੇ। ਦਿੱਲੀ ਗੁਰਦੁਆਰਾ ਕਮੇਟੀ, ਤਖ਼ਤ ਪਟਨਾ ਅਤੇ ਹਜ਼ੂਰ ਸਾਹਿਬ ਨੇ ਵੀ ਵੱਖਰੇ ਸਮਾਗਮ ਕਰਵਾਏ। ਪੰਜਾਬ ਸਰਕਾਰ ਨੇ ਸ੍ਰੀ ਨਗਰ ਵਿੱਚ ਸੈਮੀਨਾਰ ਕੀਤਾ, ਜਿਸ ਵਿੱਚ ਕੈਬਨਿਟ ਮੰਤਰੀ ਹਰਜੋਤ ਬੈਂਸ ਅਤੇ ਜਸਵੰਤ ਜ਼ਫਰ ਨੂੰ ਤਨਖਾਹ ਭੁਗਤਣੀ ਪਈ।

ਇਸ ਵਰ੍ਹੇ ਕਈ ਪ੍ਰਮੁੱਖ ਸ਼ਖਸੀਅਤਾਂ ਸੁਖਦੇਵ ਸਿੰਘ ਢੀਂਡਸਾ, ਭਾਈ ਮਹਿਲ ਸਿੰਘ ਬੱਬਰ, ਬਾਬਾ ਸੁੱਚਾ ਸਿੰਘ, ਬਾਪੂ ਫੌਜਾ ਸਿੰਘ (114 ਸਾਲਾ ਦੌੜਾਕ), ਭਾਈ ਰਾਮ ਸਿੰਘ, ਦਿਲਜੀਤ ਸਿੰਘ ਬੇਦੀ, ਭਾਈ ਹਰਚਰਨ ਸਿੰਘ ਰੋਡੇ, ਬਾਪੂ ਸੂਰਤ ਸਿੰਘ, ਕੁਲਜੀਤ ਸਿੰਘ ਦਿਲਬਰ ਅਤੇ ਭਾਈ ਇੰਦਰਜੀਤ ਸਿੰਘ ਮੁੰਬਈ ਨੇ ਅਕਾਲ ਚਲਾਣਾ ਕੀਤਾ।

ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਨੇ ਵੀ ਵੱਡੀਆਂ ਪ੍ਰਾਪਤੀਆਂ ਕੀਤੀਆਂ। ਸਵਰਨਜੀਤ ਸਿੰਘ ਖ਼ਾਲਸਾ ਨੇ ਅਮਰੀਕਾ ਵਿੱਚ ਮੇਅਰ ਬਣ ਕੇ ਸਿੱਖਾਂ ਲਈ ਨਵਾਂ ਅਧਿਆਏ ਖੋਲ੍ਹਿਆ। ਅਜੈ ਸਿੰਘ ਬੰਗਾ ਨੇ ਵਰਲਡ ਬੈਂਕ ਵਿੱਚ ਲੀਡਰਸ਼ਿਪ ਨਾਲ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਇਆ। ਹਰਜਿੰਦਰ ਸਿੰਘ ਕੁਕਰੇਜਾ ਨੇ ਕਨੇਡਾ ਵਿੱਚ ਵਪਾਰ ਅਤੇ ਸੇਵਾ ਨਾਲ ਨਾਂਅ ਕਮਾਇਆ। ਰਮੇਸ਼ ਸਿੰਘ ਅਰੋੜਾ ਦੇ ਸਰਕਾਰੀ ਮੰਤਰੀ ਦੇ ਤੌਰ ’ਤੇ ਏਸ਼ੀਆ ਵਿੱਚ ਸਿੱਖਾਂ ਲਈ ਇਤਿਹਾਸਕ ਮੌਕਾ ਬਣਾਇਆ।

ਇੰਦਰਜੀਤ ਸਿੰਘ ਗਿੱਲ ਚੀਫ ਇਕਨਾਮਿਸਟ ਵਰਲਡ ਬੈਂਕ — ਗਲੋਬਲ ਆਰਥਿਕ ਨੀਤੀ ਦੌਰਾਨ ਇਤਿਹਾਸਿਕ ਯੋਗਦਾਨ।

ਦਲਜੀਤ ਸਿੰਘ ਦੁਸਾਂਝ ਨੇ ਅੰਤਰਰਾਸ਼ਟਰੀ ਸੰਗੀਤ ਅਤੇ ਮਨੋਰੰਜਨ ਉਦਯੋਗ ਵਿੱਚ ਪੰਜਾਬੀ-ਸਿੱਖ ਸਭਿਆਚਾਰ ਦਾ ਵਿਆਪਕ ਪ੍ਰਸਾਰ ਕੀਤਾ।

ਇਸ ਵਰ੍ਹੇ ਵੀਰ ਬਾਲ ਦਿਵਸ ਦਾ ਨਾਂਅ ਬਦਲਣ ਦੀ ਮੰਗ ਜਾਰੀ ਰਹੀ। ਸਾਬਕਾ ਜਥੇਦਾਰ ਗੁਰਬਚਨ ਸਿੰਘ, ਹਰਜੋਤ ਬੈਂਸ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਅਕਾਲ ਤਖਤ ਸਾਹਿਬ ਤੋਂ ਤਨਖਾਹਾਂ ਲੱਗੀਆਂ। ਜਥੇਦਾਰ ਵਲਟੋਹਾ ’ਤੇ ਅਕਾਲੀ ਮੈਂਬਰਸ਼ਿਪ ਦੀ ਪਾਬੰਦੀ ਹਟੀ। ਚੀਫ਼ ਖਾਲਸਾ ਦੀਵਾਨ ਦੇ ਗੈਰ-ਅੰਮ੍ਰਿਤਧਾਰੀ ਮੈਂਬਰਾਂ ਦਾ ਮਾਮਲਾ ਅਕਾਲ ਤਖ਼ਤ ਪਹੁੰਚਿਆ, ਜਿਸ ਦੀ ਅਗਲੀ ਸੁਣਵਾਈ 5 ਜਨਵਰੀ 2026 ਨੂੰ ਹੈ।

2020 ਦੇ 328 ਪਾਵਨ ਸਰੂਪਾਂ ਵਾਲਾ ਮਾਮਲਾ ਮੁੜ ਚਰਚਾ ਵਿੱਚ ਆਇਆ, ਜਦੋਂ ਪੰਜਾਬ ਸਰਕਾਰ ਨੇ ਐਫ਼ਆਈਆਰ ਦਰਜ ਕੀਤੀ ਅਤੇ ਸਿੱਟ ਬਣਾਈ। ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿੱਤਾ। ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਜੇਲ੍ਹ ਯਾਤਰਾ ਕਰਨੀ ਪਈ। ਸੁਖਬੀਰ ਬਾਦਲ ਮੁੜ ਅਕਾਲੀ ਪ੍ਰਧਾਨ ਬਣੇ, ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਹੀਂ ਹੋਈ।

ਇਸ ਵਰ੍ਹੇ ਸਿੱਖ ਜਗਤ ਨੇ ਚੁਣੌਤੀਆਂ ਦਾ ਸਾਹਮਣਾ ਕੀਤਾ, ਪਰ ਏਕਤਾ ਅਤੇ ਸੇਵਾ ਨਾਲ ਅੱਗੇ ਵਧਿਆ। 2026 ਵਿੱਚ ਨਵੇਂ ਅਧਿਆਏ ਦੀ ਉਮੀਦ ਹੈ।



# ਖ਼ਤਰੇ 'ਚ ਹੈ 'ਹੁਸਨ ਪਹਾੜਾਂ ਦਾ'...

# ਵਿਕਾਸ ਦੀ ਆੜ 'ਚ ਰੁੱਖਾਂ ਅਤੇ ਪਹਾੜਾਂ ਦਾ ਕਤਲੇਆਮ





## ਉੱਤਰੀ ਭਾਰਤ ਦੇ ਲੋਕਾਂ ਦੀ 'ਸਾਹ ਰਗ' ਤੋਂ ਨੇੜੇ ਹੈ ਅਰਾਵਲੀ ਪਰਬਤ ਲੜੀ

**ਜਗਮੋਹਨ ਸਿੰਘ 'ਲੱਕੀ'**

**21ਵੀਂ ਸਦੀ ਦੇ ਆਧੁਨਿਕ ਕਹੇ ਜਾਂਦੇ ਇਸ ਯੁੱਗ 'ਚ ਮਨੁੱਖ ਏਨਾ ਲਾਲਚੀ ਅਤੇ ਖ਼ੁਦਗਰਜ਼ ਹੋ ਚੁੱਕਿਆ ਹੈ ਕਿ ਉਹ ਆਪਣੀ ਜ਼ਿੰਦਗੀ ਦੀਆਂ ਬੇਅੰਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਤੇ ਆਪਣੇ ਲਾਲਚ ਲਈ, ਧਰਤੀ ਮਾਤਾ ਦੇ ਕਿਸੇ ਵੀ ਹਿੱਸੇ ਤੋਂ ਪਾਣੀ, ਜੰਗਲ, ਜ਼ਮੀਨ, ਪਹਾੜਾਂ ਅਤੇ ਖਣਿਜਾਂ ਦਾ ਵੱਡੀ ਪੱਧਰ 'ਤੇ ਸ਼ੋਸ਼ਣ ਕਰਦਾ ਹੈ। ਮਨੁੱਖ ਨੂੰ ਆਪਣੇ ਲਾਲਚ ਲਈ ਕਿਸੇ ਵੀ ਹੋਰ ਜੀਵ ਦੀ ਜ਼ਿੰਦਗੀ ਅਤੇ ਰੋਜ਼ੀ-ਰੋਟੀ ਨੂੰ ਤਬਾਹ ਕਰਨ ਤੋਂ ਬਾਅਦ ਵੀ ਕੋਈ ਪਛਤਾਵਾ ਮਹਿਸੂਸ ਨਹੀਂ ਹੁੰਦਾ। ਇਸ ਤੋਂ ਵੱਡੀ ਤਰਾਸਦੀ ਭਲਾ ਹੋਰ ਕੀ ਹੋ ਸਕਦੀ ਹੈ ?**

-ਰੁੱਖਾਂ 'ਚੋਂ ਮਾਂ, ਬਾਪ, ਬਾਬੇ, ਭਰਾ ਅਤੇ ਮਹਿਬੂਬ ਨੂੰ ਮਹਿਸੂਸ ਕਰਨ ਵਾਲੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਹੋਣਾ ਕਿ ਇਸ ਧਰਤੀ 'ਤੇ ਇੱਕ ਦਿਨ ਅਜਿਹਾ ਵੀ ਆਵੇਗਾ ਜਦੋਂ ਆਧੁਨਿਕਤਾ ਅਤੇ ਵਿਕਾਸ ਦੀ ਆੜ ਵਿੱਚ ਹਰੇ ਭਰੇ ਰੁੱਖਾਂ ਦਾ ਦਿਨ ਦਿਹਾੜੇ ਕਤਲੇਆਮ ਕਰ ਦਿੱਤਾ ਜਾਵੇਗਾ। ਇੱਥੇ ਹੀ ਬੱਸ ਨਹੀਂ ਸਗੋਂ ਹੁਣ ਤਾਂ ਦੇਸ਼ ਦੀ ਸੁੰਦਰਤਾ ਦਾ ਪ੍ਰਤੀਕ ਮੰਨੇ ਜਾਂਦੇ ਪਹਾੜਾਂ ਨੂੰ ਵੀ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ ਅਤੇ ਇਹਨਾਂ ਪਹਾੜਾਂ ਦੀ ਕੁੱਖ ਵਿਚੋਂ ਖਣਿਜ ਪਦਾਰਥਾਂ ਦਾ ਦੋਹਨ ਕਰਨ ਨਾਲ ਪਹਾੜ ਖੋਖਲੇ ਹੋ ਰਹੇ ਹਨ। ਇਸ ਤੋਂ ਇਲਾਵਾ ਵਿਕਾਸ ਦੇ ਨਾਂਅ 'ਤੇ ਇਸ ਧਰਤੀ ਤੋਂ ਪਹਾੜਾਂ ਦਾ ਵਜੂਦ ਹੀ ਗਾਇਬ ਕੀਤਾ ਜਾ ਰਿਹਾ ਹੈ, ਜਿਸ ਨਾਲ ਧਰਤੀ ਦੀ ਸ਼ਾਨ ਬਣੇ ਇਹਨਾਂ ਪਹਾੜਾਂ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ। ਜਿਹੜੇ ਸ਼ਾਇਰ ਲੋਕ ਪਹਾੜਾਂ ਨੂੰ 'ਧਰਤੀ ਦਾ ਹੁਸਨ' ਕਹਿੰਦੇ ਹਨ, ਉਹਨਾਂ ਲਈ ਇਸ ਤੋਂ ਮਾੜੀ ਖ਼ਬਰ ਕੀ ਹੋਵੇਗੀ ਕਿ ਇਹ ਪਹਾੜ ਹੀ ਹੁਣ ਸਰਕਾਰ ਅਤੇ ਉਸ ਦੇ ਚਹੇਤੇ ਉਦਯੋਗਪਤੀਆਂ ਵੱਲੋਂ ਮਾਈਨਿੰਗ ਅਤੇ ਵਿਕਾਸ ਦੀ ਆੜ ਵਿੱਚ ਬਰਬਾਦ ਕੀਤੇ ਜਾ ਰਹੇ ਹਨ।


ਰੁੱਖ ਅਤੇ ਪਹਾੜ ਕੁਦਰਤ ਦੀ ਦੇਣ ਹਨ, ਦੋਵਾਂ ਦਾ ਮਨੁੱਖੀ ਜ਼ਿੰਦਗੀ ਵਿੱਚ ਵੱਡਾ ਮਹੱਤਵ ਹੈ। ਇਸ ਗੱਲ ਨੂੰ ਮਨੁੱਖ ਸਮਝਦਾ ਵੀ ਹੈ ਪਰ ਆਪਣੇ ਲਾਲਚ ਕਾਰਨ ਉਹ ਇਨ੍ਹਾਂ ਦੀ ਮਹੱਤਤਾ ਨੂੰ ਦਰਕਿਨਾਰ ਕਰਕੇ ਦੋਵਾਂ ਦਾ ਸ਼ਰੇਆਮ ਕਤਲੇਆਮ ਕਰਨ ਦੇ ਰਾਹ ਪੈ ਗਿਆ ਹੈ। ਪਹਿਲਾਂ ਮਨੁੱਖ ਨੇ ਇਸ ਧਰਤੀ ਤੋਂ ਹਰੇ ਭਰੇ ਰੁੱਖਾਂ ਦਾ ਸਫ਼ਾਇਆ ਸਿਰਫ਼ ਇਸ ਕਰਕੇ ਕੀਤਾ ਤਾਂ ਕਿ ਸੜਕਾਂ ਨੂੰ ਚੌੜਾ ਕੀਤਾ ਜਾ ਸਕੇ ਅਤੇ ਨਵੀਂਆਂ ਸੜਕਾਂ ਅਤੇ ਕਾਲੋਨੀਆਂ ਬਣਾਈਆਂ ਜਾ ਸਕਣ। ਇਸ ਤੋਂ ਇਲਾਵਾ ਵਿਕਾਸ ਦੇ ਹੋਰ ਕੰਮਾਂ ਦੀ ਆੜ ਵਿੱਚ ਵੀ ਲੱਖਾਂ ਰੁੱਖਾਂ ਦੀ ਬਲੀ ਲੈ ਲਈ ਗਈ। ਇੱਥੋਂ ਤੱਕ ਕਿ ਹਰੇ ਭਰੇ ਪਹਾੜਾਂ ਤੋਂ ਵੀ ਰੁੱਖ ਕੱਟ ਕੇ ਇਹ ਪਹਾੜ ਰੋਡੇ ਕਰ ਦਿੱਤੇ ਗਏ। ਹੁਣ ਮਨੁੱਖ ਵਿਕਾਸ ਦੀ ਆੜ ਵਿੱਚ ਪਹਾੜਾਂ ਦਾ ਸਫ਼ਾਇਆ ਕਰਨ ਦੇ ਰਾਹ ਪੈ ਗਿਆ ਹੈ।

ਤਾਜ਼ਾ ਮਾਮਲਾ 2 ਅਰਬ ਸਾਲ ਪੁਰਾਣੀ 'ਅਰਾਵਲੀ ਪਰਬਤ ਲੜੀ' ਦਾ ਹੈ। ਭਾਵੇਂ ਕੇਂਦਰ ਸਰਕਾਰ ਨੇ ਲੰਘੇ ਦਿਨੀਂ ਇੱਕ ਮਹੱਤਵਪੂਰਨ ਫੈਸਲਾ ਲੈਂਦਿਆਂ ਅਰਾਵਲੀ ਪਰਬਤ ਮਾਲਾ ਵਿੱਚ ਨਵੀਆਂ ਮਾਈਨਿੰਗ ਲੀਜ਼ਾਂ ਦੇਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ।ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਨੇ ਸੂਬਿਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਅਰਾਵਲੀ ਦੇ ਪੂਰੇ ਖੇਤਰ ਵਿੱਚ ਕਿਸੇ ਵੀ ਨਵੇਂ ਮਾਈਨਿੰਗ ਪ੍ਰੋਜੈਕਟ ਨੂੰ ਮਨਜ਼ੂਰੀ ਨਾ ਦਿੱਤੀ ਜਾਵੇ। ਇਸ ਦੇ ਨਾਲ ਹੀ 'ਇੰਡੀਅਨ ਕੌਂਸਲ ਆਫ ਫੋਰੈਸਟਰੀ ਰਿਸਰਚ ਐਂਡ ਐਜੂਕੇਸ਼ਨ' ਨੂੰ ਅਜਿਹੇ ਹੋਰ ਇਲਾਕਿਆਂ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ ਜਿੱਥੇ ਮਾਈਨਿੰਗ 'ਤੇ ਸਖ਼ਤ ਰੋਕ ਲਗਾਈ ਜਾ ਸਕਦੀ ਹੈ।

ਇਸ ਤੋਂ ਪਹਿਲਾਂ ਅਰਾਵਲੀ ਪਰਬਤ ਮਾਲਾ ਉਸ ਸਮੇਂ ਸੁਰਖ਼ੀਆਂ ਵਿੱਚ ਆ ਗਈ ਸੀ ਜਦੋਂ ਜੰਗਲਾਤ ਸੰਭਾਲ ਐਕਟ 1980 ਅਤੇ ਜੰਗਲਾਤ ਸੰਭਾਲ ਨਿਯਮਾਂ 2022 ਵਿੱਚ ਸੋਧ ਕਰਕੇ, ਕੇਂਦਰ ਸਰਕਾਰ ਨੇ ਕੁਝ ਉਦਯੋਗਪਤੀਆਂ ਦੇ ਮੁਨਾਫ਼ੇ ਦੇ ਲਾਲਚ ਨੂੰ ਪੂਰਾ ਕਰਨ ਲਈ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਦਾ ਰਾਹ ਖੋਲ੍ਹ ਦਿੱਤਾ ਸੀ। ਕੇਂਦਰ ਸਰਕਾਰ ਖਣਿਜ ਪਦਾਰਥਾਂ ਦੀ ਨਿਕਾਸੀ ਲਈ ਅਰਾਵਲੀ ਪਰਬਤ ਲੜੀ ਦੀ ਮਾਈਨਿੰਗ ਕਰਨਾ ਚਾਹੁੰਦੀ ਸੀ ਜਾਂ ਸਪਸ਼ਟ ਅਰਥਾਂ ਵਿੱਚ ਕਹਿ ਲਓ ਕਿ ਆਪਣੇ ਚਹੇਤੇ ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਇਹਨਾਂ ਪਹਾੜਾਂ ਦੀ ਕੁੱਖ ਵਿੱਚ ਪਏ ਖਣਿਜ ਪਦਾਰਥਾਂ ਨੂੰ ਕੱਢਣ ਲਈ ਰਾਹ ਪੱਧਰਾ ਕਰ ਦਿੱਤਾ ਸੀ। ਜਦੋਂ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਵੱਡੀ ਗਿਣਤੀ ਲੋਕਾਂ ਨੇ ਵਿਰੋਧ ਕੀਤਾ ਅਤੇ ਅਰਾਵਲੀ ਪਰਬਤ ਲੜੀ ਨੂੰ ਬਚਾਉਣ ਲਈ ਵੱਡੀ ਗਿਣਤੀ ਲੋਕ ਅਤੇ ਵਿਰੋਧੀ ਸਿਆਸੀ ਪਾਰਟੀਆਂ ਅੱਗੇ ਆਈਆਂ ਤਾਂ ਇਹ ਮਾਮਲਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ 'ਸੁਪਰੀਮ ਕੋਰਟ' ਵਿੱਚ ਪਹੁੰਚ ਗਿਆ ਪਰ ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਰਾਵਲੀ ਪਰਬਤ ਲੜੀ ਵਿੱਚ ਮਾਈਨਿੰਗ ਦੀ ਆਗਿਆ ਦੇ ਦਿੱਤੀ ਸੀ। ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਵੱਲੋਂ ਨਿਯੁਕਤ ਕਮੇਟੀ ਦੁਆਰਾ ਨਿਰਧਾਰਿਤ ਪਰਿਭਾਸ਼ਾ ਦੇ ਆਧਾਰ 'ਤੇ ਅਰਾਵਲੀ ਵਿੱਚ ਮਾਈਨਿੰਗ ਦੀ ਇਜਾਜ਼ਤ ਦੇਣਾ ਮੌਤ ਦੀ ਸਜ਼ਾ ਤੋਂ ਘੱਟ ਨਹੀਂ ਸੀ। ਵਾਤਾਵਰਣ ਦੇ ਮੁੱਦਿਆਂ 'ਤੇ ਵਿਆਪਕ ਬਹਿਸ ਹੁੰਦੀ ਹੈ, ਫ਼ਿਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਿਆਨ ਵਿੱਚ ਰੱਖ ਕੇ ਫ਼ੈਸਲੇ ਲਏ ਜਾਂਦੇ ਹਨ। ਪਰ ਭਾਰਤ ਸ਼ਾਇਦ ਇਕਲੌਤਾ ਦੇਸ਼ ਹੈ ਜਿੱਥੇ ਸੁਪਰੀਮ ਕੋਰਟ ਨੇ ਅਰਾਵਲੀ 'ਤੇ ਕੇਂਦਰ ਦੀ ਸਿਫ਼ਾਰਸ਼ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਇਸ ਵਿੱਚ ਵਾਤਾਵਰਣ ਪ੍ਰੇਮੀਆਂ ਦੀ ਸਲਾਹ ਜ਼ਰੂਰੀ ਨਹੀਂ ਸਮਝੀ ਗਈ।

(ਬਾਕੀ ਸਫ਼ਾ 26 'ਤੇ)

## ਅਰਾਵਲੀ ਪਰਬਤ ਲੜੀ ਦੇ ਲਾਭ



ਅਰਾਵਲੀ ਪਹਾੜ ਥਾਰ ਮਾਰੂਥਲ ਨੂੰ ਉੱਤਰ ਅਤੇ ਪੂਰਬ ਵੱਲ ਫੈਲਣ ਤੋਂ ਰੋਕਦੇ ਹਨ।ਅਰਾਵਲੀ ਰੇਂਜ ਦੀਆਂ ਚੱਟਾਨਾਂ ਮੀਂਹ ਦੇ ਪਾਣੀ ਨੂੰ ਸਟੋਰ ਕਰਦੀਆਂ ਹਨ ਅਤੇ ਜ਼ਮੀਨਦੋਜ਼ ਪਾਣੀ ਨੂੰ ਰੀਚਾਰਜ ਕਰਦੀਆਂ ਹਨ। ਅਰਾਵਲੀ ਰੇਂਜ ਪੱਛਮ ਤੋਂ ਧੂੜ ਭਰੀਆਂ ਹਵਾਵਾਂ ਨੂੰ ਰੋਕਦੀ ਹੈ। ਉਨ੍ਹਾਂ ਦੇ ਬਿਨਾਂ, ਪ੍ਰਦੂਸ਼ਣ ਵਧੇਗਾ, ਅਤੇ ਏਕਿਊ1 ਖ਼ਤਰਨਾਕ ਪੱਧਰ ਤੱਕ ਪਹੁੰਚ ਸਕਦਾ ਹੈ। ਅਰਾਵਲੀ ਰੇਂਜ ਹਜ਼ਾਰਾਂ ਕਿਸਮਾਂ ਦੇ ਪੌਦਿਆਂ ਅਤੇ ਜਾਨਵਰਾਂ ਦਾ ਘਰ ਹੈ। ਉਨ੍ਹਾਂ ਦੇ ਨਿਵਾਸ ਸਥਾਨ ਦੇ ਨੁਕਸਾਨ ਨਾਲ ਕਈ ਪ੍ਰਜਾਤੀਆਂ ਦੇ ਵਿਨਾਸ਼ ਦਾ ਖ਼ਤਰਾ ਪੈਦਾ ਹੋਵੇਗਾ। ਅਰਾਵਲੀ ਪਰਬਤ ਲੜੀ ਪੂਰੇ ਉੱਤਰੀ ਭਾਰਤ ਦੇ ਵਾਤਾਵਰਣ ਸੰਤੁਲਨ ਨੂੰ ਬਣਾਈ ਰੱਖਦੀ ਹੈ, ਜਿਸਦਾ ਸਿੱਧਾ ਪ੍ਰਭਾਵ ਮਨੁੱਖੀ ਜੀਵਨ 'ਤੇ ਪੈਂਦਾ ਹੈ।

## ਉੱਤਰੀ ਭਾਰਤ ਲਈ ਵੱਡੀ ਮਹੱਤਤਾ

ਅਰਾਵਲੀ ਪਹਾੜਾਂ ਨੂੰ ਉੱਤਰੀ ਭਾਰਤ ਦੇ ਫ਼ੇਫ਼ੜੇ ਵੀ ਕਿਹਾ ਜਾਂਦਾ ਹੈ ਅਤੇ ਜੀਵਨਦਾਤਾ ਵੀ। ਉੱਤਰੀ ਭਾਰਤ ਦੇ ਲੋਕਾਂ ਦੀ 'ਸਾਹ ਰਗ' ਤੋਂ ਵੀ ਨੇੜੇ ਹੈ ਅਰਾਵਲੀ ਪਰਬਤ ਲੜੀ। ਇਸ ਪਰਬਤ ਲੜੀ ਨੂੰ ਉੱਤਰੀ ਭਾਰਤ ਦੇ ਲੋਕ ਬਹੁਤ ਮੋਹ, ਪਿਆਰ ਅਤੇ ਸਤਿਕਾਰ ਦਿੰਦੇ ਹਨ। ਇੱਥੇ ਹਰ ਪਾਸੇ ਫੈਲੀ ਹਰਿਆਲੀ ਲੋਕਾਂ ਵਿੱਚ ਜ਼ਿੰਦਗੀ ਜਿਉਣ ਦੀ ਨਵੀਂ ਊਰਜਾ ਭਰਦੀ ਹੈ। ਇਸ ਪਰਬਤ ਲੜੀ 'ਤੇ ਲੱਖਾਂ ਦੀ ਗਿਣਤੀ ਵਿੱਚ ਆਪਣੇ ਆਪ ਉੱਗੇ ਹੋਏ ਵੱਖ ਵੱਖ ਜੜੀ-ਬੂਟੀਆਂ ਅਤੇ ਦੇਸੀ ਦਵਾਈਆਂ ਵਾਲੇ ਰੁੱਖ ਮਨੁੱਖੀ ਸਰੀਰ ਨੂੰ ਤੰਦਰੁਸਤ ਬਣਾਉਣ ਵਿੱਚ ਮਦਦ ਕਰਦੇ ਹਨ। ਅਰਬਾਂ ਸਾਲ ਪਹਿਲਾਂ, ਜਦੋਂ ਧਰਤੀ 'ਤੇ ਜੀਵਨ ਦੇ ਪਹਿਲੇ ਸਾਹ ਲਏ ਜਾ ਰਹੇ ਸਨ, ਤਾਂ ਅਰਾਵਲੀ ਪਹਾੜ ਚੁੱਪਚਾਪ ਖੜ੍ਹੇ ਸਨ। ਅਰਾਵਲੀ ਨੂੰ ਉੱਤਰੀ ਭਾਰਤ ਦਾ ਫੇਫੜੇ ਕਿਹਾ ਜਾਂਦਾ ਹੈ। ਅਰਾਵਲੀ ਪਹਾੜੀਆਂ ਰਾਜਸਥਾਨ ਦੇ ਥਾਰ ਮਾਰੂਥਲ ਨੂੰ ਹਰਿਆਣਾ, ਪੰਜਾਬ ਅਤੇ ਦਿੱਲੀ ਵੱਲ ਵਧਣ ਤੋਂ ਰੋਕਣ ਲਈ ਇੱਕ ਕੁਦਰਤੀ ਕੰਧ ਦਾ ਕੰਮ ਕਰਦੇ ਹਨ। ਜੇਕਰ ਇਹ ਪਹਾੜ ਨਾ ਹੁੰਦੇ, ਤਾਂ ਅੱਜ ਪੰਜਾਬ ਅਤੇ ਦਿੱਲੀ ਰੇਤ ਦਾ ਟਿੱਬਾ ਹੋ ਸਕਦੇ ਸਨ। ਇਹ ਪਰਬਤ ਪਾਣੀ ਦੇ ਕੁਦਰਤੀ ਸੋਮੇ ਹਨ ।ਹਰਿਆਣਾ ਅਤੇ ਦਿੱਲੀ ਵਰਗੇ ਇਲਾਕਿਆਂ ਵਿੱਚ ਜ਼ਮੀਨੀ ਪਾਣੀ ਦਾ ਪੱਧਰ ਬਰਕਰਾਰ ਰੱਖਣ ਵਿੱਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ। ਇਹਨਾਂ ਪਹਾੜਾਂ ਵਿੱਚ ਚੀਤੇ, ਨੀਲ ਗਾਵਾਂ ਅਤੇ ਸੈਂਕੜੇ ਕਿਸਮਾਂ ਦੇ ਪੰਛੀ ਰਹਿੰਦੇ ਹਨ। ਇਹ ਪੂਰਬੀ ਰਾਜਸਥਾਨ ਅਤੇ ਹਰਿਆਣਾ ਦੇ ਜੰਗਲੀ ਜੀਵਾਂ ਲਈ ਇੱਕੋ-ਇੱਕ ਸੁਰੱਖਿਅਤ ਲਾਂਘਾ ਹੈ। ਇਸ ਤੋਂ ਇਲਾਵਾ ਦਿੱਲੀ-ਐਨ.ਸੀ. ਆਰ. ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵਧ ਰਹੇ ਪ੍ਰਦੂਸ਼ਣ ਨੂੰ ਸੋਖਣ ਲਈ ਇਹ ਪਹਾੜ 'ਕਾਰਬਨ ਸਿੰਕ' ਵਜੋਂ ਵੀ ਕੰਮ ਕਰਦੇ ਹਨ।

## ਉੱਤਰ ਭਾਰਤ ਅਤੇ ਥਾਰ ਰੇਗਿਸਤਾਨ ਵਿਚਾਲੇ ਕੁਦਰਤੀ ਬੈਰੀਅਰ

ਅਰਾਵਲੀ ਪਰਬਤ ਲੜੀ ਉੱਤਰੀ ਭਾਰਤ ਅਤੇ ਥਾਰ ਰੇਗਿਸਤਾਨ ਦੇ ਵਿਚਾਲੇ ਕੁਦਰਤੀ ਬੈਰੀਅਰ ਹੈ। ਆਪਣੀ ਉੱਚਾਈ ਦੇ ਕਾਰਨ ਇਹ ਵਿਰਾਸਤ ਇੱਕ 'ਕੁਦਰਤੀ ਡਸਟ ਬੈਰੀਅਰ' ਹੈ ਜੋ ਥਾਰ ਮਾਰੂਥਲ ਅਤੇ ਉੱਤਰ ਭਾਰਤ ਦੇ ਉਪਜਾਊ ਮੈਦਾਨਾਂ ਵਿਚਾਲੇ ਕੁਦਰਤੀ ਰੁਕਾਵਟ ਦਾ ਕੰਮ ਕਰਦੀ ਹੈ, ਜਿਸ ਕਾਰਨ ਰੇਗਿਸਤਾਨ ਦੀਆਂ ਰੇਤੀਲੀਆਂ ਹਵਾਵਾਂ ਮੈਦਾਨੀ ਇਲਾਕਿਆਂ ਤੱਕ ਨਹੀਂ ਪਹੁੰਚ ਪਾਉਂਦੀਆਂ। ਇਹ ਪਰਬਤਮਾਲਾ ਦੱਖਣ ਪੱਛਮੀ ਮਾਨਸੂਨ ਨੂੰ ਰੋਕ ਕੇ ਬਰਸਾਤ ਦਾ ਪਾਣੀ ਜ਼ਮੀਨ ਵਿੱਚ ਪਹੁੰਚਾਉਂਦੀ ਹੈ ਇਸ ਦੇ ਜੰਗਲ ਨਾ ਹੋਣ ਤਾਂ ਸ਼ਹਿਰੀ ਇਲਾਕੇ ਹੋਰ ਤੱਪਣ ਲੱਗਣਗੇ। ਇਹ ਪਰਬਤਮਾਲਾ ਨਾ ਹੋਵੇ ਤਾਂ ਤੇਂਦੂਆਂ, ਸਿਆਰ, ਭੇੜਿਆ ਵਰਗੇ ਸੈਂਕੜੇ ਜੀਵ ਜੰਤੂ, ਹਜ਼ਾਰਾਂ ਬਨਸਪਤੀਆਂ ਅਲੋਪ ਹੋ ਜਾਣਗੀਆਂ। ਬਨਾਸ, ਲੂਣੀ, ਸਾਹਿਬੀ ਵਰਗੀਆਂ ਅਰਾਵਲੀ ਦੀਆਂ ਨਦੀਆਂ ਸੁੱਕ ਜਾਣਗੀਆਂ।

## ਕੇਂਦਰ ਵੱਲੋਂ ਅਰਾਵਲੀ ਪਰਬਤ ਮਾਲਾ ਵਿੱਚ ਨਵੀਆਂ ਮਾਈਨਿੰਗ ਲੀਜ਼ਾਂ ਦੇਣ 'ਤੇ ਪੂਰਨ ਪਾਬੰਦੀ

ਕੇਂਦਰ ਸਰਕਾਰ ਨੇ ਲੰਘੇ ਦਿਨੀਂ ਇੱਕ ਮਹੱਤਵਪੂਰਨ ਫੈਸਲਾ ਲੈਂਦਿਆਂ ਅਰਾਵਲੀ ਪਰਬਤ ਮਾਲਾ ਵਿੱਚ ਨਵੀਆਂ ਮਾਈਨਿੰਗ ਲੀਜ਼ਾਂ ਦੇਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ।

ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਨੇ ਸੂਬਿਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਅਰਾਵਲੀ ਦੇ ਪੂਰੇ ਖੇਤਰ ਵਿੱਚ ਕਿਸੇ ਵੀ ਨਵੇਂ ਮਾਈਨਿੰਗ ਪ੍ਰੋਜੈਕਟ ਨੂੰ ਮਨਜ਼ੂਰੀ ਨਾ ਦਿੱਤੀ ਜਾਵੇ। ਇਸ ਦੇ ਨਾਲ ਹੀ 'ਇੰਡੀਅਨ ਕੌਂਸਲ ਆਫ ਫੋਰੈਸਟਰੀ ਰਿਸਰਚ ਐਂਡ ਐਜੂਕੇਸ਼ਨ' ਨੂੰ ਅਜਿਹੇ ਹੋਰ ਇਲਾਕਿਆਂ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ ਜਿੱਥੇ ਮਾਈਨਿੰਗ 'ਤੇ ਸਖ਼ਤ ਰੋਕ ਲਗਾਈ ਜਾ ਸਕਦੀ ਹੈ।




ਸਰਕਾਰ ਦਾ ਉਦੇਸ਼ ਗੁਜਰਾਤ ਤੋਂ ਲੈ ਕੇ ਦਿੱਲੀ-ਐੱਨ.ਸੀ.ਆਰ. ਤੱਕ ਫੈਲੀ ਇਸ ਪਹਾੜੀ ਲੜੀ ਨੂੰ ਇੱਕ ਨਿਰੰਤਰ ਭੂਗੋਲਿਕ ਰਿਜ ਵਜੋਂ ਸੁਰੱਖਿਅਤ ਰੱਖਣਾ ਅਤੇ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਰੋਕਣਾ ਹੈ।ਕੇਂਦਰ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਰਾਵਲੀ ਦੇ ਵਾਤਾਵਰਣ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਕਿਉਂਕਿ ਇਹ ਪਹਾੜੀਆਂ ਮਾਰੂਥਲ ਨੂੰ ਵਧਣ ਤੋਂ ਰੋਕਣ, ਜੈਵ ਵਿਭਿੰਨਤਾ ਨੂੰ ਸੰਭਾਲਣ ਅਤੇ ਜ਼ਮੀਨੀ ਪਾਣੀ ਦੇ ਪੱਧਰ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਆਈ.ਸੀ.ਐਫ਼.ਆਰ.ਈ. ਵੱਲੋਂ ਹੁਣ ਇੱਕ ਵਿਗਿਆਨਕ ਪ੍ਰਬੰਧਨ ਯੋਜਨਾ ਤਿਆਰ ਕੀਤੀ ਜਾਵੇਗੀ, ਜੋ ਵਾਤਾਵਰਣ ਦੇ ਪ੍ਰਭਾਵਾਂ ਦਾ ਮੁਲਾਂਕਣ ਕਰੇਗੀ ਅਤੇ ਖਰਾਬ ਹੋ ਚੁੱਕੇ ਇਲਾਕਿਆਂ ਦੀ ਬਹਾਲੀ ਲਈ ਉਪਾਅ ਦੱਸੇਗੀ।

**ਦਰਪਣ ਝੂਠ ਨਹੀਂ ਬੋਲਦਾ**

# ਮਾਮਲਾ '328' ਪਾਵਨ ਸਰੂਪਾਂ ਦੇ ਗ਼ਾਇਬ ਹੋਣ ਦਾ: ਜਥੇਦਾਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਦੀ ਕੀਤੀ ਕੋਸ਼ਿਸ਼, ਸਰਕਾਰੀ ਦਖ਼ਲ ਨੂੰ ਦਿੱਤਾ ਗ਼ਲਤ ਕਰਾਰ

## ਰਾਗੀ ਵਡਾਲਾ ਨੇ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ 'ਤੇ ਮਸਲੇ ਨੂੰ ਲੁਕਾਉਣ ਦਾ ਲਗਾਇਆ ਦੋਸ਼

## ਐਸ.ਆਈ.ਟੀ. ਜਾਂਚ ਸ਼ੁਰੂ, 'ਆਪ' ਸਰਕਾਰ ਖੇਡਣ ਲੱਗੀ ਸਿਆਸਤ

ਸਿੱਖ ਪੰਥ ਵਿੱਚ ਚੱਲ ਰਹੇ ਗੰਭੀਰ ਵਿਵਾਦਾਂ ਵਿੱਚ ਇੱਕ ਵੱਡਾ ਮਾਮਲਾ ਹੈ 328 ਪਾਵਨ ਸਰੂਪਾਂ ਦੇ ਗਾਇਬ ਹੋਣ ਦਾ, ਜਿਸ ਨੂੰ ਲੈ ਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਅਤੇ ਪੰਥਕ ਜਥੇਬੰਦੀਆਂ ਵਿਚਾਲੇ ਤਿੱਖੀ ਬਹਿਸ ਛਿੜੀ ਹੋਈ ਹੈ। ਇਹ ਮਾਮਲਾ 2020 ਵਿੱਚ ਸਾਹਮਣੇ ਆਇਆ ਸੀ, ਜਦੋਂ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਜਾਂਚ ਕਮੇਟੀ ਨੇ ਖੁਲਾਸਾ ਕੀਤਾ ਕਿ ਐੱਸਜੀਪੀਸੀ ਦੇ ਰਿਕਾਰਡਾਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਗਾਇਬ ਹਨ। ਇਸ ਤੋਂ ਇਲਾਵਾ, 2016 ਵਿੱਚ ਅੱਗ ਲੱਗਣ ਨਾਲ 80 ਹੋਰ ਸਰੂਪ ਨਸ਼ਟ ਹੋ ਗਏ ਸਨ, ਜਿਸ ਨੂੰ ਐੱਸਜੀਪੀਸੀ ਨੇ ਗੰਭੀਰਤਾ ਨਾਲ ਨਹੀਂ ਲਿਆ।

ਹਾਲ ਹੀ ਵਿੱਚ, 8 ਦਸੰਬਰ 2025 ਨੂੰ ਪੰਜਾਬ ਪੁਲਿਸ ਨੇ ਇਸ ਮਾਮਲੇ ਵਿੱਚ 16 ਵਿਅਕਤੀਆਂ ਵਿਰੁੱਧ ਐੱਫਆਈਆਰ ਦਰਜ ਕੀਤੀ ਸੀ, ਜਿਨ੍ਹਾਂ ਵਿੱਚ ਸ੍ਰੋਮਣੀ ਕਮੇਟੀ ਦੇ ਸਾਬਕਾ ਅਧਿਕਾਰੀ ਵੀ ਸ਼ਾਮਲ ਸਨ। ਇਸ ਕਾਰਵਾਈ ਨੂੰ ਲੈ ਕੇ ਸਿੱਖ ਸੰਗਤ ਵਿੱਚ ਚਿੰਤਾ ਵਧ ਰਹੀ ਹੈ। ਇਹ ਮਾਮਲਾ ਬਾਦਲ ਅਕਾਲੀ ਦਲ ਲਈ ਫਿਰ ਚੈਲਿੰਜ ਬਣ ਸਕਦਾ ਹੈ।



ਇਸ ਮਾਮਲੇ ਨੂੰ ਲੈ ਕੇ ਹਾਲ ਹੀ ਵਿੱਚ ਅਕਾਲ ਤਖਤ ਸਾਹਿਬ ਵਿਖੇ ਇੱਕ ਇਕੱਤਰਤਾ ਹੋਈ, ਜਿਸ ਵਿੱਚ ਜਥੇਦਾਰਾਂ ਅਤੇ ਗ੍ਰੰਥੀਆਂ ਨੇ ਵਿਚਾਰ ਕੀਤੇ। ਇਨ੍ਹਾਂ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਗਿਆਨੀ ਟੇਕ ਸਿੰਘ ਅਤੇ ਗਿਆਨੀ ਕੇਵਲ ਸਿੰਘ ਸ਼ਾਮਲ ਸਨ। ਇਨ੍ਹਾਂ ਸਭਨਾਂ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸਿੱਖ ਸੰਗਤ ਵਿੱਚ ਚਿੰਤਾ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਪੰਥਕ ਅਤੇ ਸੰਵਿਧਾਨਕ ਸੰਸਥਾ ਹੈ, ਅਤੇ ਭਾਰਤੀ ਸੰਵਿਧਾਨ ਅਨੁਸਾਰ ਕੋਈ ਵੀ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਦਖਲ ਨਹੀਂ ਦੇ ਸਕਦੀ। ਉਨ੍ਹਾਂ ਨੇ ਆਰੋਪ ਲਗਾਇਆ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਅਤੇ ਸੂਬੇ ਦੇ ਹੁਕਮਰਾਨਾਂ ਵੱਲੋਂ ਪੰਥਕ ਸੰਸਥਾਵਾਂ ਅਤੇ ਸਿੱਖਾਂ ਦੇ ਅੰਦਰੂਨੀ ਮਸਲਿਆਂ ਵਿੱਚ ਲਗਾਤਾਰ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ ਜੋ ਮਸਲੇ ਸ੍ਰੋਮਣੀ ਕਮੇਟੀ ਆਪਣੇ ਤੌਰ 'ਤੇ ਹੱਲ ਕਰ ਸਕਦੀ ਹੈ, ਉਨ੍ਹਾਂ ਵਿੱਚ ਸਰਕਾਰੀ ਦਖਲ ਨਹੀਂ ਹੋਣਾ ਚਾਹੀਦਾ।

ਭਾਈ ਬਲਦੇਵ ਸਿੰਘ ਵਡਾਲਾ ਦਾ ਮੰਨਣਾ ਹੈ ਕਿ ਇਸ ਇਕੱਤਰਤਾ ਵਿੱਚ ਇਨ੍ਹਾਂ ਜਥੇਦਾਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ ਕਿ ਇਹ ਮਾਮਲਾ ਪੰਥਕ ਰੀਤੀ ਤੇ ਕਨੂੰਨੀ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਸੀ। ਕਿਉਂਕਿ ਸ਼੍ਰੋਮਣੀ ਕਮੇਟੀ ਵਾਅਦਾ ਕਰਕੇ ਦੋਸ਼ੀਆਂ ਉਪਰ ਕਨੂੰਨੀ ਕਾਰਵਾਈ ਨਹੀਂ ਕਰਾ ਸਕੀ। ਪਰ ਜਥੇਦਾਰ ਬਾਦਲ ਪਰਿਵਾਰ ਦੇ ਇਸ਼ਾਰੇ ਉਪਰ ਬੇਅਦਬੀ ਨੂੰ ਦਬਾਉਣ ਵਿੱਚ ਰੁਝੇ ਹਨ। ਉਹਨਾਂ ਕਿਹਾ ਕਿ ਜਥੇਦਾਰ ਨੂੰ ਪੰਥ ਵੱਲੋਂ ਮਾਨਤਾ ਨਹੀਂ ਮਿਲੀ।

ਵਡਾਲਾ ਨੇ ਕਿਹਾ ਕਿ ਇਹ ਮਸਲਾ ਵੱਡਾ ਅਪਰਾਧ ਹੈ ਅਤੇ ਐੱਸਜੀਪੀਸੀ ਦੋਸ਼ੀ ਹੈ। ਉਹ ਆਪਣੇ ਦੋਸ਼ਾਂ ਨੂੰ ਲੁਕਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮਸਲਾ ਕਾਨੂੰਨੀ ਤਹਿਤ ਹੱਲ ਹੋਣਾ ਚਾਹੀਦਾ ਹੈ, ਕਿਉਂਕਿ ਗੁਰੂ ਪੰਥ ਦੀ ਇਹੀ ਰਾਏ ਹੈ। ਬਾਦਲ ਪਰਿਵਾਰ ਸੱਚ ਲੁਕਾ ਰਿਹਾ ਹੈ ਅਤੇ ਜਥੇਦਾਰ ਇਸ ਦੋਸ਼ ਉੱਤੇ ਮਿੱਟੀ ਪਾ ਰਹੇ ਹਨ।

ਇਸ ਵਿਵਾਦ ਦੀ ਪਿੱਠਭੂਮੀ ਵਿੱਚ ਵੇਖੀਏ ਤਾਂ ਇਹ ਮਾਮਲਾ 2020 ਵਿੱਚ ਉਦੋਂ ਸਾਹਮਣੇ ਆਇਆ ਜਦੋਂ ਅਕਾਲ ਤਖ਼ਤ ਸਾਹਿਬ ਨੇ ਜਾਂਚ ਕਮੇਟੀ ਗਠਿਤ ਕੀਤੀ। ਜਾਂਚ ਵਿੱਚ ਖੁਲਾਸਾ ਹੋਇਆ ਕਿ ਸ਼੍ਰੋਮਣੀ ਕਮੇਟੀ ਨੇ 328 ਸਰੂਪਾਂ ਦੇ ਰਿਕਾਰਡ ਨਹੀਂ ਰੱਖੇ ਅਤੇ 186 ਹੋਰ ਸਰੂਪ ਬਿਨਾਂ ਅਧਿਕਾਰਤ ਇਜਾਜਤ ਦੇ ਛਾਪੇ ਗਏ ਸਨ। ਇਸ ਤੋਂ ਇਲਾਵਾ, 2016 ਵਿੱਚ ਅੱਗ ਨਾਲ 80 ਸਰੂਪ ਨਸ਼ਟ ਹੋਏ, ਜਿਸ ਨੂੰ ਗੰਭੀਰ ਨਹੀਂ ਮੰਨਿਆ ਗਿਆ। ਉਸ ਵੇਲੇ ਬਾਦਲ ਸਰਕਾਰ ਸੱਤਾ ਵਿੱਚ ਸੀ ਅਤੇ ਸ਼੍ਰੋਮਣੀ ਕਮੇਟੀ ਉੱਤੇ ਉਨ੍ਹਾਂ ਦਾ ਕੰਟਰੋਲ ਸੀ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਮਾਮਲੇ ਵਿੱਚ ਕਾਰਵਾਈ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਜ਼ੀਰੋ ਟਾਲਰੈਂਸ ਹੈ।

(ਬਾਕੀ ਸਫ਼ਾ 27 'ਤੇ)

# ਜੀ ਰਾਮ ਜੀ ਬਿਲ: ਰਾਮ ਜੀ ਨਾਂਅ ਉੱਪਰ ਨਵਾਂ ਵਿਵਾਦ ਛਿੜਿਆ

## ਵਿਰੋਧੀ ਪਾਰਟੀਆਂ ਨੇ ਕੀਤਾ ਵਿਰੋਧ, ਮੋਦੀ ਸਰਕਾਰ ਨੇ ਕੀਤੀ ਵਕਾਲਤ

ਵਿਕਸਿਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਐਂਡ ਆਜੀਵਿਕਾ ਮਿਸ਼ਨ ਗ੍ਰਾਮੀਣ (ਵੀਬੀ-ਜੀ ਰਾਮ ਜੀ) ਬਿਲ 2025 ਨੇ ਭਾਰਤੀ ਰਾਜਨੀਤੀ ਵਿੱਚ ਨਵਾਂ ਵਿਵਾਦ ਛੇੜ ਦਿੱਤਾ ਹੈ। ਇਹ ਬਿਲ, ਜਿਸ ਨੂੰ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ (ਮਨਰੇਗਾ) ਨੂੰ ਬਦਲਣ ਲਈ ਲਿਆਂਦਾ ਗਿਆ ਹੈ, ਹੁਣ ਵਿਰੋਧੀ ਪਾਰਟੀਆਂ ਅਤੇ ਕੇਂਦਰੀ ਸਰਕਾਰ ਵਿਚਕਾਰ ਜ਼ੋਰ ਅਜ਼ਮਾਇਸ਼ ਦਾ ਅਖਾੜਾ ਬਣ ਗਿਆ ਹੈ। ਕੇਂਦਰ ਸਰਕਾਰ ਨੇ ਇਸ ਨੂੰ 72 ਘੰਟਿਆਂ ਵਿੱਚ ਸੰਸਦ ਦੇ ਦੋਹਾਂ ਸਦਨਾਂ ਵਿੱਚ ਪਾਸ ਕਰਵਾ ਲਿਆ ਸੀ, ਜਦਕਿ ਵਿਰੋਧੀ ਪਾਰਟੀਆਂ ਇਸ ਦੇ ਵਿਰੋਧ ਵਿੱਚ ਸੜਕਾਂ 'ਤੇ ਉੱਤਰਨ ਲਈ ਤਿਆਰ ਹਨ। ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਨੇ ਆਪਣੀ ਰੋਜ਼ਗਾਰ ਯੋਜਨਾ 'ਕਰਮਸ਼੍ਰੀ' ਦਾ ਨਾਂ ਬਦਲ ਕੇ ਮਹਾਤਮਾ ਗਾਂਧੀ ਨਾਲ ਜੋੜ ਦਿੱਤਾ ਹੈ, ਜਦਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਇਸ ਬਿਲ ਵਿਰੁੱਧ ਪ੍ਰਸਤਾਵ ਪਾਸ ਕਰਨ ਦੀ ਤਿਆਰੀ ਕਰ ਰਹੀ ਹੈ।

ਇਸ ਤੋਂ ਪਹਿਲਾਂ ਕਾਂਗਰਸ ਨੇਤਾ ਸੋਨੀਆ ਗਾਂਧੀ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਨੇ ਮਨਰੇਗਾ ਦੀਆਂ ਖੂਬੀਆਂ ਅਤੇ ਜੀ ਰਾਮ ਜੀ ਬਿਲ ਦੀਆਂ ਕਮੀਆਂ ਬਾਰੇ ਦੱਸਿਆ। ਰਾਹੁਲ ਗਾਂਧੀ ਨੇ ਵਿਦੇਸ਼ ਤੋਂ ਹੀ ਬਿਆਨ ਜਾਰੀ ਕੀਤਾ ਕਿ




ਸਰਕਾਰ ਨੂੰ ਖੇਤੀ ਕਾਨੂੰਨਾਂ ਵਾਂਗ ਹੀ ਇਸ ਨੂੰ ਵਾਪਸ ਲੈਣਾ ਪਵੇਗਾ। ਹੁਣ ਸਵਾਲ ਇਹ ਹੈ ਕਿ ਇਹ ਕਿਵੇਂ ਹੋਵੇਗਾ?

ਯਾਦ ਰਹੇ ਕਿ ਸੰਸਦ ਵਿੱਚ ਇਸ ਬਿਲ ਦਾ ਵੈਸਾ ਵਿਰੋਧ ਨਹੀਂ ਹੋਇਆ, ਜਿਸ ਦੀ ਤਿਆਰੀ ਹੁਣ ਵਿਖਾਈ ਦੇ ਰਹੀ ਹੈ। ਜਿਸ ਦਿਨ ਸੰਸਦ ਵਿੱਚ ਬਿਲ ਪੇਸ਼ ਕੀਤਾ ਗਿਆ, ਉਸੇ ਦਿਨ ਰਾਹੁਲ ਗਾਂਧੀ ਜਰਮਨੀ ਦੀ ਯਾਤਰਾ 'ਤੇ ਗਏ। ਉਹ ਇਸ ਦਾ ਵਿਰੋਧ ਕਰਨ ਲਈ ਸੰਸਦ ਵਿੱਚ ਨਹੀਂ ਸਨ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਬਿਲ ਦਾ ਮਸੌਦਾ ਮਿਲ ਗਿਆ ਸੀ ਅਤੇ ਉਸ ਨੂੰ ਵੇਖਣ ਤੋਂ ਬਾਅਦ ਉਹ ਵਿਦੇਸ਼ ਗਏ।

ਸਾਰੀਆਂ ਵਿਰੋਧੀ ਪਾਰਟੀਆਂ ਦੇ 90 ਤੋਂ ਵੱਧ ਸੰਸਦ ਮੈਂਬਰਾਂ ਨੇ ਇਸ ਬਿਲ 'ਤੇ ਆਪਣੀ ਰਾਏ ਰੱਖੀ। ਪਰ ਸਦਨ ਵਿੱਚ ਭਾਸ਼ਣ ਦੇਣ ਤੋਂ ਇਲਾਵਾ ਇਸ ਦਾ ਵਿਰੋਧ ਸਿਰਫ਼ ਤ੍ਰਿਣਮੂਲ ਕਾਂਗਰਸ ਨੇ ਕੀਤਾ। ਉਸ ਦੇ ਸੰਸਦ ਮੈਂਬਰਾਂ ਨੇ ਸੰਸਦ ਦੀ ਨਵੀਂ ਇਮਾਰਤ ਦੇ ਅੱਗੇ 12 ਘੰਟੇ ਦਾ ਧਰਨਾ ਦਿੱਤਾ। ਪੂਰੀ ਰਾਤ ਉਸ ਦੇ ਸੰਸਦ ਮੈਂਬਰ ਧਰਨੇ 'ਤੇ ਰਹੇ। ਹਾਲਾਂਕਿ ਉਨ੍ਹਾਂ ਦਾ ਵਿਰੋਧ ਮਹਾਤਮਾ ਗਾਂਧੀ ਦੇ ਅਪਮਾਨ ਦੇ ਮਾਮਲੇ ਤੱਕ ਸੀਮਿਤ ਸੀ। ਉਨ੍ਹਾਂ ਨੇ ਬਿਲ ਦੇ ਕੰਟੈਂਟ ਨੂੰ ਬਹੁਤ ਤਵੱਜੋ ਨਹੀਂ ਦਿੱਤੀ। ਸੀਪੀਐੱਮ ਦੇ ਲੋਕ ਬਿਲ ਦਾ ਵਿਰੋਧ ਕਰ ਰਹੇ ਹਨ ਪਰ ਉਨ੍ਹਾਂ ਦਾ ਵਿਰੋਧ ਰਾਜਨੀਤਿਕ ਹੈ। ਉਹ ਇਸ ਗੱਲ ਨੂੰ ਮੁੱਦਾ ਬਣਾ ਰਹੇ ਹਨ ਕਿ ਜਦੋਂ ਸਰਕਾਰ ਨੇ ਮਜ਼ਦੂਰਾਂ ਦੇ ਹਿੱਤਾਂ 'ਤੇ ਇੰਨਾ ਵੱਡਾ ਹਮਲਾ ਕੀਤਾ ਤਾਂ ਪ੍ਰਿਅੰਕਾ ਗਾਂਧੀ ਵਾਡਰਾ ਕਿਉਂ ਸਪੀਕਰ ਦੀ ਚਾਹ ਪਾਰਟੀ ਵਿੱਚ ਕਿਉਂ ਗਈ (ਬਾਕੀ ਸਫ਼ਾ 27 'ਤੇ)

## ਪੈਂਟਾਗਨ ਦੀ ਨਵੀਂ ਰਿਪੋਰਟ ਵਿੱਚ ਕੀ ਹੈ ਡਰਾਉਣਾ ਖ਼ੁਲਾਸਾ

# ਕੀ 2035 ਤੱਕ ਚੀਨ ਅਮਰੀਕਾ ਨੂੰ ਪਛਾੜ ਦੇਵੇਗਾ?

ਹਾਲ ਹੀ ਵਿੱਚ ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਨੇ ਆਪਣੀ ਸਲਾਨਾ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਚੀਨ ਦੀ ਫੌਜੀ ਤਾਕਤ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਹ ਰਿਪੋਰਟ 23 ਦਸੰਬਰ 2025 ਨੂੰ ਜਾਰੀ ਹੋਈ ਸੀ ਅਤੇ ਇਸ ਵਿੱਚ ਚੀਨ ਦੀ ਨੇਵੀ ਨੂੰ ਦੁਨੀਆ ਦੀ ਸਭ ਤੋਂ ਵੱਡੀ ਲੜਾਕੂ ਸਮੁੰਦਰੀ ਤਾਕਤ ਵਜੋਂ ਦਰਸਾਇਆ ਗਿਆ ਹੈ। ਰਿਪੋਰਟ ਮੁਤਾਬਕ, ਚੀਨ ਕੋਲ ਇਸ ਸਮੇਂ 234 ਯੁੱਧ ਜਹਾਜ਼ ਹਨ, ਜਦਕਿ ਅਮਰੀਕਾ ਕੋਲ 219 ਹਨ। ਇਹ ਗਿਣਤੀ ਉਨ੍ਹਾਂ ਜਹਾਜ਼ਾਂ ਦੀ ਹੈ ਜੋ 1000 ਟਨ ਤੋਂ ਵੱਧ ਵਜ਼ਨ ਵਾਲੇ ਹਨ, ਮਿਸਾਈਲ ਨਾਲ ਲੈਸ ਹਨ ਅਤੇ ਸਰਗਰਮ ਸੇਵਾ ਵਿੱਚ ਹਨ। ਇਸ ਵਿੱਚ ਚੀਨ ਦੇ ਤਟ ਰੱਖਿਆ ਬਲ ਨੂੰ ਦਿੱਤੇ 22 ਮਿਜਾਈਲ ਵਾਲੇ ਕਾਰਵੈੱਟ ਵੀ ਸ਼ਾਮਲ ਹਨ, ਪਰ ਛੋਟੇ ਗਸ਼ਤੀ ਜਹਾਜ਼ ਨਹੀਂ ਹਨ।

ਚੀਨ ਦੀ ਨੇਵੀ ਦੀ ਤੇਜ਼ ਵਧ ਰਹੀ ਤਾਕਤ ਨੇ ਅਮਰੀਕਾ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਰਿਪੋਰਟ ਕਹਿੰਦੀ ਹੈ ਕਿ ਚੀਨ ਦੀ ਫੌਜੀ ਵਿਕਾਸ ਨੇ ਅਮਰੀਕਾ ਨੂੰ ਡਰਾ ਦਿੱਤਾ ਹੈ। ਖਾਸ ਕਰਕੇ ਸਮੁੰਦਰੀ ਖੇਤਰ ਵਿੱਚ ਚੀਨ ਦੀ ਤਰੱਕੀ ਕਮਾਲ ਦੀ ਹੈ। ਪਰ ਫਿਰ ਵੀ, ਅਮਰੀਕਾ ਅਜੇ ਵੀ ਕਈ ਮੋਰਚਿਆਂ ਤੇ ਅੱਗੇ ਹੈ।

ਗਿਣਤੀ ਦੇ ਮਾਮਲੇ ਵਿੱਚ ਚੀਨ ਅੱਗੇ ਹੈ, ਪਰ ਦੋ ਅਹਿਮ ਖੇਤਰਾਂ ਵਿੱਚ ਅਮਰੀਕਾ ਬਹੁਤ ਅੱਗੇ ਹੈ - ਪਣਡੁੱਬੀਆਂ ਅਤੇ ਏਅਰਕ੍ਰਾਫਟ ਕੈਰੀਅਰ। ਅਮਰੀਕਾ ਕੋਲ 11 ਏਅਰਕ੍ਰਾਫਟ ਕੈਰੀਅਰ ਹਨ, ਜੋ ਦੁਨੀਆ ਦੇ ਅੱਧੇ ਹਨ। ਇਹ ਸਾਰੇ ਨਿਊਕਲੀਅਰ ਪਾਵਰ ਵਾਲੇ ਹਨ, ਜਿਨ੍ਹਾਂ ਨੂੰ ਸਮੁੰਦਰ ਵਿੱਚ ਅਸੀਮਤ ਦੂਰੀ ਤੈਅ ਕਰਨ ਦੀ ਤਾਕਤ ਮਿਲਦੀ ਹੈ। ਇਨ੍ਹਾਂ ਵਿੱਚ 10



ਨਿਮਿਤਜ਼ ਸ਼ਕਤੀਸ਼ਾਲੀ ਕਲਾਸ ਅਤੇ ਇੱਕ ਨਵੀਨਤਮ ਯੂਐੱਸਐੱਸ ਗੇਰਾਲਡ ਆਰ ਫੋਰਡ ਹੈ।

ਦੂਜੇ ਪਾਸੇ, ਚੀਨ ਕੋਲ ਇਸ ਸਮੇਂ ਸਿਰਫ਼ ਤਿੰਨ ਏਅਰਕ੍ਰਾਫਟ ਕੈਰੀਅਰ ਹਨ - ਲਿਆਓਨਿੰਗ, ਸ਼ੈਂਡੌਂਗ ਅਤੇ ਨਵਾਂ ਫੁਜੀਆਨ। ਫੁਜੀਆਨ ਨਵੰਬਰ 2025 ਵਿੱਚ ਸੇਵਾ ਵਿੱਚ ਸ਼ਾਮਲ ਹੋਇਆ ਸੀ ਅਤੇ ਇਹ ਚੀਨ ਦਾ ਪਹਿਲਾ ਪੂਰੀ ਤਰ੍ਹਾਂ ਸਵਦੇਸੀ ਡਿਜ਼ਾਈਨ ਵਾਲਾ ਕੈਰੀਅਰ ਹੈ, ਜਿਸ ਵਿੱਚ ਇਲੈਕਟ੍ਰੋਮੈਗਨੈਟਿਕ ਕੈਟਾਪਲਟ ਸਿਸਟਮ ਹੈ। ਇਹ ਅਮਰੀਕਾ ਤੋਂ ਬਾਅਦ ਦੁਨੀਆ ਦਾ ਦੂਜਾ ਦੇਸ਼ ਬਣ ਗਿਆ ਹੈ ਜਿਸ ਕੋਲ ਇਹ ਤਕਨੀਕ ਹੈ। ਪਰ ਚੀਨ ਕੋਲ ਅਜੇ ਕੋਈ ਨਿਊਕਲੀਅਰ ਪਾਵਰ ਵਾਲਾ ਕੈਰੀਅਰ ਨਹੀਂ ਹੈ, ਹਾਲਾਂਕਿ ਮੀਡੀਆ ਰਿਪੋਰਟਾਂ ਵਿੱਚ ਟਾਈਪ-004 ਨਿਊਕਲੀਅਰ ਕੈਰੀਅਰ ਤੇ ਕੰਮ ਦੇ ਦਾਅਵੇ ਹਨ।

ਪਣਡੁੱਬੀਆਂ ਵਿੱਚ ਵੀ ਅਮਰੀਕਾ ਅੱਗੇ ਹੈ। ਅਮਰੀਕਾ ਕੋਲ 71 ਨਿਊਕਲੀਅਰ ਪਾਵਰ ਵਾਲੀਆਂ ਪਣਡੁੱਬੀਆਂ ਹਨ, ਜਦਕਿ ਚੀਨ ਕੋਲ 60 ਹਨ ਅਤੇ ਸਿਰਫ਼ 12 ਨਿਊਕਲੀਅਰ ਵਾਲੀਆਂ। ਪਰ ਚੀਨ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੈਂਟਾਗਨ ਦੀ ਰਿਪੋਰਟ ਵਿੱਚ ਸਭ ਤੋਂ ਡਰਾਉਣਾ ਖੁਲਾਸਾ ਇਹ ਹੈ ਕਿ ਚੀਨ 2035 ਤੱਕ ਛੇ ਹੋਰ ਏਅਰਕ੍ਰਾਫਟ ਕੈਰੀਅਰ ਬਣਾ ਕੇ ਆਪਣਾ ਬੇੜਾ ਨੌਂ ਕੈਰੀਅਰਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ। ਇਸ ਨਾਲ ਚੀਨ ਦੀ ਤਾਕਤ ਤਿੰਨ ਗੁਣਾ

ਵਧ ਜਾਵੇਗੀ ਅਤੇ ਉਹ ਅਮਰੀਕਾ ਨੂੰ ਟੱਕਰ ਦੇ ਸਕੇਗਾ। ਰਿਪੋਰਟ ਕਹਿੰਦੀ ਹੈ ਕਿ ਚੀਨ ਨੂੰ ਹਰ 20 ਮਹੀਨੇ ਵਿੱਚ ਇੱਕ ਨਵਾਂ ਕੈਰੀਅਰ ਜੋੜਨਾ ਪਵੇਗਾ, ਜੋ ਚੀਨ ਦੀ ਜਹਾਜ਼ ਨਿਰਮਾਣ ਸਮਰੱਥਾ ਨੂੰ ਵੇਖਦੇ ਹੋਏ ਸੰਭਵ ਲੱਗਦਾ ਹੈ।



# ਲੰਗਰੁ ਚਲੈ ਗੁਰ ਸਬਦਿ...

# ਭਾਈਚਾਰਕ ਸਾਂਝ ਵਧਾਉਂਦੀ ਹੈ ਲੰਗਰ ਪ੍ਰਥਾ



**ਲੰਗਰ ਪ੍ਰਥਾ ਕਾਰਨ ਸਿੱਖਾਂ ਦੀ ਪਹਿਚਾਣ ਪੂਰੇ ਵਿਸ਼ਵ ਵਿੱਚ ਬਣੀ ਹੋਈ ਹੈ। ਧਾਰਮਿਕ ਸਮਾਗਮਾਂ ਮੌਕੇ ਵੱਖ- ਵੱਖ ਧਰਮਾਂ ਦੇ ਪੈਰੋਕਾਰਾਂ ਵੱਲੋਂ ਲਗਾਏ ਜਾਂਦੇ ਲੰਗਰਾਂ ਵਿੱਚ ਹਰ ਧਰਮ ਦੇ ਵਿਅਕਤੀ ਨੂੰ ਸ਼ਰਧਾ ਅਤੇ ਪ੍ਰੇਮ ਸਤਿਕਾਰ ਨਾਲ ਲੰਗਰ ਛਕਾਇਆ ਜਾਂਦਾ ਹੈ। ਵਿਦਿਆਰਥੀਆਂ ਵਿੱਚ ਲੰਗਰ ਸੇਵਾ ਪ੍ਰਤੀ ਬਹੁਤ ਉਤਸ਼ਾਹ ਪਾਇਆ ਜਾਂਦਾ ਹੈ। ਵੱਖ- ਵੱਖ ਲੰਗਰਾਂ ਵਿੱਚ ਅਨੇਕਾਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੇਵਾ ਕਰਦਿਆਂ ਵੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਲੰਗਰ ਛਕਣ ਵਾਲੇ ਲੋਕਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੀ ਵਧੇਰੇ ਹੁੰਦੀ ਹੈ। ਕਈ ਵਿਦਿਆਰਥੀਆਂ ਨੇ ਤਾਂ ਵਟਸਐਪ 'ਤੇ 'ਲੰਗਰ ਗਰੁੱਪ' ਵੀ ਬਣਾਏ ਹੋਏ ਹਨ, ਜਿਨ੍ਹਾਂ ਵਿੱਚ ਉਹ ਵੱਖ-ਵੱਖ ਥਾਂਵਾਂ 'ਤੇ ਲੱਗਦੇ ਲੰਗਰਾਂ ਬਾਰੇ ਜਾਣਕਾਰੀ ਸਾਂਝੀ ਕਰਦੇ ਰਹਿੰਦੇ ਹਨ।**



ਸਿੱਖ ਭਾਈਚਾਰੇ ਵੱਲੋਂ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ, ਸਿੱਖ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜਿਆਂ ਅਤੇ ਹੋਰ ਪਵਿੱਤਰ ਧਾਰਮਿਕ ਦਿਹਾੜਿਆਂ 'ਤੇ ਵੱਖ- ਵੱਖ ਥਾਂਵਾਂ 'ਤੇ ਲੰਗਰ ਲਗਾਏ ਜਾਂਦੇ ਹਨ। ਜਦੋਂ ਕਿ ਹਰ ਦਿਨ ਵੱਖ- ਵੱਖ ਗੁਰਧਾਮਾਂ ਵਿੱਚ ਲੰਗਰ ਚਲਦੇ ਰਹਿੰਦੇ ਹਨ। ਸਿੱਖਾਂ ਦੀ ਲੰਗਰ ਸੇਵਾ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 20 ਰੁਪਏ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਜੋ ਲੰਗਰ ਪ੍ਰਥਾ ਸ਼ੁਰੂ ਕੀਤੀ ਸੀ, ਉਹ ਲੰਗਰ ਪ੍ਰਥਾ ਅੱਜ ਵੀ ਜਾਰੀ ਹੈ ਅਤੇ ਇਹ ਲੰਗਰ ਹੁਣ ਬਹੁਤ ਵਿਸ਼ਾਲ ਪੱਧਰ 'ਤੇ ਪੂਰੀ ਦੁਨੀਆ ਵਿੱਚ ਪਹੁੰਚ ਚੁੱਕਿਆ ਹੈ। ਪੂਰੀ ਦੁਨੀਆ 'ਚ ਜਿੱਥੇ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਜਾਂ ਕੋਈ ਤ੍ਰਾਸਦੀ ਵਾਪਰਦੀ ਹੈ ਤਾਂ ਸਿੱਖ ਧਰਮ ਦੇ ਪੈਰੋਕਾਰ ਉਥੇ ਪਹੁੰਚ ਕੇ ਲੰਗਰ ਅਤੇ ਸਹਾਇਤਾ ਕੈਂਪ ਸ਼ੁਰੂ ਕਰ ਦਿੰਦੇ ਹਨ। ਸਰਬੱਤ ਦਾ ਭਲਾ ਅਤੇ ਮਾਨਵਤਾ ਦੀ ਭਲਾਈ ਸਿੱਖ ਧਰਮ ਦੇ ਮੁੱਖ ਸਿਧਾਂਤ ਹਨ। ਇਸੇ ਕਾਰਨ ਸਿੱਖ ਹਮੇਸ਼ਾ ਹੀ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਧਾਰਮਿਕ ਸਮਾਗਮਾਂ ਮੌਕੇ ਸਿਰਫ਼ ਸਿੱਖ ਹੀ ਲੰਗਰ ਨਹੀਂ ਲਾਉਂਦੇ ਸਗੋਂ ਹਿੰਦੂ, ਮੁਸਲਮਾਨ ਅਤੇ ਹੋਰ ਧਰਮਾਂ ਦੇ ਲੋਕ ਵੀ ਲੰਗਰ ਲਗਾਉਂਦੇ ਹਨ। ਇਸ ਵਾਰ ਸ਼ਹੀਦੀ ਸਭਾ ਦੌਰਾਨ ਵੱਖ- ਵੱਖ ਇਲਾਕਿਆਂ 'ਚ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਨੂੰ ਵੀ ਲੰਗਰ ਲਗਾਉਂਦੇ ਵੇਖਿਆ ਗਿਆ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਲੰਗਰ ਪ੍ਰਥਾ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਹੋਰ ਪਕੇਰਾ ਕਰਦੀ ਹੈ। ਜਦੋਂ ਸਿੱਖ ਧਰਮ ਨਾਲ ਸਬੰਧਿਤ ਦਿਹਾੜਿਆਂ ਮੌਕੇ ਸਿੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਪੈਰੋਕਾਰ ਵੀ ਲੰਗਰ ਲਗਾਉਂਦੇ ਹਨ ਤਾਂ ਉਹ ਸੰਗਤਾਂ ਦੀ ਵਿਸ਼ੇਸ਼ ਖਿੱਚ ਦੇ ਕੇਂਦਰ ਬਣਦੇ ਹਨ।



ਲੰਗਰ ਇੱਕ ਫ਼ਾਰਸੀ ਸ਼ਬਦ ਹੈ, ਜਿਸ ਦਾ ਮੂਲ ਅਰਥ ਹੈ 'ਦਾਨ ਘਰ', ਜਾਂ ਗ਼ਰੀਬਾਂ ਤੇ ਲੋੜਵੰਦਾਂ ਦੇ ਲਈ ਜਗ੍ਹਾ। ਲੰਗਰ ਬਰਾਬਰੀ, ਪਿਆਰ ਅਤੇ ਭਾਈਚਾਰੇ ਦਾ ਵੀ ਸੁਨੇਹਾ ਦਿੰਦਾ ਹੈ।

ਪਿਛਲੇ ਦਿਨੀਂ ਨਿਊਜ਼ੀਲੈਂਡ ਦੇ ਦੱਖਣੀ ਆਕਲੈਂਡ ਵਿੱਚ ਡੈਸਟਿਨੀ ਚਰਚ ਨਾਲ ਜੁੜੇ ਪ੍ਰਦਰਸ਼ਨਕਾਰੀਆਂ ਵੱਲੋਂ ਸਿੱਖਾਂ ਦੇ ਨਗਰ ਕੀਰਤਨ ਵਿੱਚ ਪਾਏ ਵਿਘਨ ਤੋਂ ਬਾਅਦ ਨਿਊਜ਼ੀਲੈਂਡ ਦੇ ਵਸਨੀਕ ਨੇਟ ਹੈਮਨ ਨੇ ਇੱਕ ਵੀਡੀਓ ਰਾਹੀਂ ਸਿੱਖਾਂ ਦੀ ਨਿਰਸਵਾਰਥ ਸੇਵਾ ਦੀ ਸ਼ਲਾਘਾ ਕੀਤੀ ਹੈ। ਇਸ ਵੀਡੀਓ ਵਿੱਚ ਨਿਊਜ਼ੀਲੈਂਡ ਵਾਸੀ ਨੇ ਸਿੱਖਾਂ ਦੀ ਲੰਗਰ ਸੇਵਾ ਦੀ ਸ਼ਲਾਘਾ ਕਰਦਿਆਂ ਨਗਰ ਕੀਰਤਨ ਵਿੱਚ ਵਿਘਨ ਪਾਉਣ ਵਾਲੇ ਲੋਕਾਂ ਦੀ ਨਿਖੇਧੀ ਵੀ ਕੀਤੀ ਹੈ। ਇਸ ਤੋਂ ਇਲਾਵਾ ਵਿਸ਼ਵ ਦੇ ਅਨੇਕਾਂ ਵੱਡੇ ਆਗੂ ਵੀ ਸਿੱਖਾਂ ਦੀ ਲੰਗਰ ਸੇਵਾ ਦੀ ਸ਼ਲਾਘਾ ਕਰ ਚੁੱਕੇ ਹਨ।

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਅੰਮ੍ਰਿਤਸਰ ਜਿਥੇ ਦੁਨੀਆ ਭਰ ਵਿੱਚ 'ਰੂਹਾਨੀ ਸ਼ਾਂਤੀ ਦੇ ਅਦਭੁਤ ਸੋਮੇ' ਵਜੋਂ ਪ੍ਰਸਿੱਧ ਹੈ, ਉਥੇ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਘਰ' ਨੂੰ ਦੁਨੀਆ ਦੀ ਸਭ ਤੋਂ ਵੱਡੀ 'ਫ੍ਰੀ ਕਿਚਨ' ਭਾਵ 'ਮੁਫ਼ਤ ਰਸੋਈ' ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਦਿਨ- ਰਾਤ ਲਗਾਤਾਰ 24 ਘੰਟੇ ਸੰਗਤਾਂ ਲਈ ਲੰਗਰ ਚਲਦਾ ਰਹਿੰਦਾ ਹੈ। ਇਸ ਲੰਗਰ ਵਿੱਚ ਹਰ ਧਰਮ ਦਾ ਵਿਅਕਤੀ ਲੰਗਰ ਛੱਕ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ 'ਪਹਿਲੇ ਪੰਗਤ, ਫਿਰ ਸੰਗਤ' ਦੀ ਸ਼ੁਰੂ ਕੀਤੀ ਗਈ ਇਹ ਮਹਾਨ ਪਰੰਪਰਾ ਅੱਜ ਵੀ ਆਪਣੇ ਵਿਲੱਖਣ ਰੂਪ ਵਿੱਚ ਮੌਜੂਦ ਹੈ। ਆਮ ਦਿਨਾਂ ਵਿੱਚ ਇਸ ਮਹਾਨ ਲੰਗਰ ਵਿੱਚ ਇੱਕ ਲੱਖ ਸ਼ਰਧਾਲੂਆਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਪਰ ਗੁਰਪੁਰਬ, ਇਤਿਹਾਸਿਕ ਦਿਵਸ ਅਤੇ ਹੋਰ ਦਿਹਾੜਿਆਂ ਮੌਕੇ ਲੰਗਰ ਬਣਾਉਣ ਦੀ ਮਾਤਰਾ ਵਿੱਚ ਵੀ ਕਾਫ਼ੀ ਵਾਧਾ ਕੀਤਾ ਜਾਂਦਾ ਹੈ ਅਤੇ ਇਹਨਾਂ ਪਵਿੱਤਰ ਦਿਹਾੜਿਆਂ ਮੌਕੇ ਇਸ ਮਹਾਨ ਲੰਗਰ ਵਿੱਚ ਦੋ ਤੋਂ ਚਾਰ ਲੱਖ ਸੰਗਤ ਲੰਗਰ ਛਕਦੀ ਹੈ। ਦੁਨੀਆ ਦੇ ਵੱਖ- ਵੱਖ ਮੁਲਕਾਂ ਦੇ ਵਸਨੀਕ ਜਦੋਂ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਉਂਦੇ ਹਨ, ਤਾਂ ਉਹਨਾਂ ਵਿਚੋਂ ਕਈ ਵਿਦੇਸ਼ੀ ਲੋਕਾਂ ਨੂੰ ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਸ ਮਹਾਨ 'ਲੰਗਰ' ਵਿੱਚ ਸ਼ਰਧਾਲੂਆਂ ਨੂੰ ਸਭ ਕੁਝ 'ਮੁਫ਼ਤ' ਛਕਾਇਆ ਜਾਂਦਾ ਹੈ ਅਤੇ ਸਭ ਕੁਝ ਪੂਰਨ ਮਰਿਆਦਾ ਅਨੁਸਾਰ ਚੱਲਦਾ ਰਹਿੰਦਾ ਹੈ। ਇਸ ਲੰਗਰ ਵਿੱਚ ਜਦੋਂ ਹਜ਼ਾਰਾਂ ਸ਼ਰਧਾਲੂ ਕਤਾਰਾਂ ਬੰਨ੍ਹ ਕੇ ਪੰਗਤ ਦੇ ਰੂਪ ਲੰਗਰ ਛਕਦੇ ਹਨ ਤਾਂ ਅਦਭੁਤ ਦ੍ਰਿਸ਼ ਦਿਖਾਈ ਦਿੰਦਾ ਹੈ।

ਸਿੱਖੀ ਦੀ ਬੁਨਿਆਦ ਸੇਵਾ, ਸਿਮਰਨ, ਲੰਗਰ, ਸੰਗਤ ਤੇ ਪੰਗਤ ਨੇ। ਲੰਗਰ ਦੀ ਮਹਾਨਤਾ ਸਿੱਖ ਧਰਮ ਦੇ ਵਿੱਚ ਬਹੁਤ ਵੱਡੀ ਹੈ। ਲੰਗਰ ਤੋਂ ਭਾਵ ਜਿਥੇ ਬਿਨਾਂ ਕਿਸੇ ਜਾਤ- ਪਾਤ, ਧ ਰ ਮ , ਊਚ-ਨੀਚ, ਤੇ ਬਿਨਾ ਭੇਦਭਾਵ ਤੋਂ ਲੰਗਰ ਤਿਆਰ ਕੀਤਾ ਜਾਂਦਾ ਹੈ ਤੇ ਛਕਾਇਆ ਜਾਂਦਾ ਹੈ। ਇਨਸਾਨ ਦੁਨੀਆ ਦੇ ਭਾਵੇਂ ਕਿਸੇ ਵੀ ਮੁਲਕ ਵਿੱਚ ਚਲਿਆ ਜਾਵੇ ਪਰ ਉਸ ਨੂੰ ਪੰਜਾਬ ਵਰਗੀਆਂ ਬਰਕਤਾਂ, ਸੇਵਾ ਭਾਵਨਾ ਅਤੇ ਮੌਜਾਂ ਕਿਸੇ ਵੀ ਮੁਲਕ ਵਿੱਚ ਨਹੀਂ ਮਿਲਣੀਆਂ। ਇਹ ਹੀ ਕਾਰਨ ਹੈ ਕਿ ਪੰਜਾਬੀ ਜਿਹੜੇ ਵੀ ਮੁਲਕ ਵਿੱਚ ਜਾਂਦੇ ਹਨ, ਉਥੇ ਹੀ ਮਿੰਨੀ ਪੰਜਾਬ ਵਸਾ ਲੈਂਦੇ ਹਨ। ਸਿੱਖ ਜਦੋਂ ਵੀ ਲੰਗਰ ਲਗਾਉਂਦੇ ਹਨ ਤਾਂ ਉਹ ਸਿਰਫ਼ ਸਿੱਖਾਂ ਲਈ ਨਹੀਂ ਹੁੰਦਾ ਬਲਕਿ ਹਰ ਧਰਮ ਦੇ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਸਿੱਖ ਲੰਗਰ ਲਗਾ ਕੇ ਹਰ ਧਰਮ ਦੇ ਲੋਕਾਂ ਨੂੰ ਬਹੁਤ ਪ੍ਰੇਮ ਸਤਿਕਾਰ ਨਾਲ ਲੰਗਰ ਛਕਾਉਂਦੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਿੱਖ ਜਦੋਂ ਲੰਗਰ ਲਗਾਉਂਦੇ ਹਨ ਤਾਂ ਅਨੇਕਾਂ ਲੋਕ ਆਪਣੇ ਆਪ ਸਿੱਖਾਂ ਨੂੰ ਲੰਗਰ ਲਈ ਰਸਦ ਅਤੇ ਪੈਸੇ ਰਾਹੀਂ ਆਪਣੇ ਆਪ ਸਹਾਇਤਾ ਕਰ ਦਿੰਦੇ ਹਨ।



ਸਿੱਖਾਂ ਦੇ ਨਾਲ ਨਾਲ ਹੋਰ ਧਰਮਾਂ ਦੇ ਲੋਕ ਵੀ ਲੰਗਰ ਲਗਾਉਂਦੇ ਹਨ। ਇਹ ਲੰਗਰ ਵੱਖ- ਵੱਖ ਧਰਮਾਂ ਦੇ ਲੋਕਾਂ ਵਿੱਚ ਭਾਈਚਾਰਕ ਸਾਂਝ ਪੈਦਾ ਕਰਦੇ ਹਨ। ਇਹਨਾਂ ਲੰਗਰਾਂ ਵਿੱਚ ਹਰ ਧਰਮ ਦੇ ਲੋਕਾਂ ਨੂੰ ਪ੍ਰੇਮ ਸਤਿਕਾਰ ਨਾਲ ਲੰਗਰ ਛਕਾਇਆ ਜਾਂਦਾ ਹੈ। ਅੱਜ ਕੱਲ੍ਹ ਖਾਣ ਪੀਣ ਦੇ ਸਮਾਨ ਸਮੇਤ ਕਿਤਾਬਾਂ ਅਤੇ ਕਪੜਿਆਂ ਦੇ ਲੰਗਰ ਲਗਾਉਣ ਦਾ ਰੁਝਾਨ ਵੀ ਪੈਦਾ ਹੋ ਗਿਆ ਹੈ। ਪੰਜਾਬ ਵਾਂਗ ਵਿਦੇਸ਼ਾਂ ਵਿੱਚ ਵੀ ਧਾਰਮਿਕ ਸਮਾਗਮਾਂ ਮੌਕੇ ਕਿਤਾਬਾਂ ਦੇ ਲੰਗਰ ਲਗਾਏ ਜਾਂਦੇ ਹਨ, ਜਿਥੇ ਧਾਰਮਿਕ ਕਿਤਾਬਾਂ ਮੁਫ਼ਤ ਵਿੱਚ ਵੰਡੀਆਂ ਜਾਂਦੀਆਂ ਹਨ ਤਾਂ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਧਰਮ ਪ੍ਰਤੀ ਜਾਣਕਾਰੀ ਦਿੱਤੀ ਜਾ ਸਕੇ। ਇਸ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਵੀ ਧਾਰਮਿਕ ਕਿਤਾਬਾਂ ਮੁਫ਼ਤ ਵਿੱਚ ਵੰਡੀਆਂ ਜਾਂਦੀਆਂ ਹਨ ਤਾਂ ਕਿ ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਸਿੱਖ ਧਰਮ ਬਾਰੇ ਜਾਣਕਾਰੀ ਹੋ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਨੇਕਾਂ ਕਿਤਾਬਾਂ ਇੰਗਲਿਸ਼ ਵਿੱਚ ਵੀ ਛਪਵਾਈਆਂ ਹੋਈਆਂ ਹਨ, ਜਿਨ੍ਹਾਂ ਨੂੰ ਪੰਜਾਬੀ ਨਾ ਜਾਣਨ ਵਾਲੇ ਲੋਕ ਆਸਾਨੀ ਨਾਲ ਪੜ੍ਹ ਕੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਲੈ ਸਕਦੇ ਹਨ।

ਲੰਘੇ ਦਿਨੀਂ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਮੌਕੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਪਵਿੱਤਰ ਗੁਰਧਾਮਾਂ ਵਿਖੇ ਨਤਮਸਤਕ ਹੋਈ। ਇਸ ਦੌਰਾਨ ਵੱਖ- ਵੱਖ ਥਾਂਵਾਂ 'ਤੇ ਸ਼ਰਧਾਲੂਆਂ ਵੱਲੋਂ ਲੰਗਰ ਲਗਾਏ ਗਏ , ਜਿਸ ਦੌਰਾਨ ਬਹੁਤ ਹੀ ਸੇਵਾ ਭਾਵਨਾ ਨਾਲ ਲੰਗਰ ਲਗਾਉਣ ਵਾਲਿਆਂ ਵੱਲੋਂ ਰਾਹਗੀਰਾਂ ਅਤੇ ਹੋਰ ਸੰਗਤਾਂ ਨੂੰ ਲੰਗਰ ਵੰਡਿਆ ਗਿਆ। ਭਾਰਤ ਦੇ ਵੱਖ- ਵੱਖ ਸੂਬਿਆਂ ਤੋਂ ਪੰਜਾਬ ਵਿੱਚ ਆਏ ਲੋਕ ਵੀ ਇਸ ਮੌਕੇ ਲੰਗਰ ਲੈਂਦੇ ਵੇਖੇ ਗਏ। ਦੂਜੇ ਰਾਜਾਂ ਦੇ ਲੋਕ ਅਕਸਰ ਕਹਿੰਦੇ ਹਨ ਕਿ ਸਿੱਖਾਂ ਦੀ ਲੰਗਰ ਸੇਵਾ ਕਾਰਨ ਪੰਜਾਬ ਵਿੱਚ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਦਾ। ਕਿਹਾ ਜਾ ਸਕਦਾ ਹੈ ਕਿ ਲੰਗਰ ਸੇਵਾ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਦੇ ਵਿਅਕਤੀਆਂ ਵਿੱਚ ਭਾਈਚਾਰਕ ਸਾਂਝ ਪੈਦਾ ਕਰਦੀ ਹੈ।



# ਫ਼ਤਹਿਗੜ੍ਹ ਸਾਹਿਬ ਵਿਖੇ 'ਸ਼ਹੀਦੀ ਸਭਾ' 'ਚ ਸ਼ਰਧਾਲੂਆਂ ਦਾ ਆਇਆ ਸੈਲਾਬ

## ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸਜਾਏ ਨਗਰ ਕੀਰਤਨ 'ਚ ਲੱਖਾਂ ਸ਼ਰਧਾਲੂ ਹੋਏ ਸ਼ਾਮਲ

ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼: ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਦੀ ਲਾਸਾਨੀ ਸ਼ਹਾਦਤ ਅਤੇ ਮਾਤਾ ਗੁਜਰੀ ਜੀ ਨੂੰ ਸਮਰਪਿਤ 3 ਰੋਜ਼ਾ ਸ਼ਹੀਦੀ ਸਭਾ ਦੇ ਅੰਤਿਮ ਦਿਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ 'ਚ ਲੱਖਾਂ ਸ਼ਰਧਾਲੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਏ ਸ਼ਹੀਦਾਂ ਨੂੰ ਸਿਜਦਾ ਕੀਤਾ। ਦਿਨ ਸਮੇਂ ਭਾਰੀ ਠੰਢ ਤੋਂ ਇਲਾਵਾ ਸੰਘਣੀ ਧੁੰਦ ਵੀ ਛਾਈ ਰਹੀ ਜਿਸ ਦੇ ਬਾਵਜੂਦ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਸ਼ਹੀਦਾਂ ਨੂੰ ਅਕੀਦਤ ਭੇਟ ਕੀਤੀ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਪਰੰਪਰਾ ਅਨੁਸਾਰ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਜਪੁਜੀ ਸਾਹਿਬ ਦੇ ਪਾਠ ਮਗਰੋਂ ਆਰੰਭ ਹੋਇਆ। ਇਹ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪਹੁੰਚ ਕੇ ਕੀਰਤਨ ਸੋਹਿਲਾ ਦੇ ਪਾਠ ਉਪਰੰਤ ਅਰਦਾਸ ਨਾਲ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ



ਸਿੰਘ ਅਤੇ ਦਲ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਸਣੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੇ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ ਸਬੰਧੀ ਵਿਚਾਰ ਕੀਤੀ। ਉਪਰੰਤ ਸੰਗਤੀ ਰੂਪ 'ਚ ਜਪੁਜੀ ਸਾਹਿਬ ਦੇ ਪਾਠ ਮਗਰੋਂ ਗਿਆਨੀ ਹਰਪਾਲ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ। ਨਗਰ ਕੀਰਤਨ ਵਿੱਚ ਗੱਤਕਾ ਅਖਾੜਿਆਂ ਨੇ ਸਿੱਖ ਮਾਰਸ਼ਲ ਆਰਟ ਗਤਕੇ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਿਆਂ ਨੂੰ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਸਮਾਪਤੀ ਸਮੇਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਗੁਰਮਤਿ ਸਮਾਗਮ 'ਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ।

### ਗੁਰਦੁਆਰੇ ਸਿੱਖਾਂ ਦੀ ਆਸਥਾ ਦਾ ਕੇਂਦਰ ਹਨ : ਗੜਗੱਜ

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨੌਜਵਾਨਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਸਾਬਤ ਸੂਰਤ ਅਤੇ ਬਾਣੀ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਹਕੂਮਤ ਸਮਝਦੀ ਸੀ ਕਿ ਸਹਿਬਜ਼ਾਦਿਆਂ ਨੂੰ ਸ਼ਹੀਦ ਕਰਕੇ ਸਿੱਖੀ ਦੀ ਗੱਲ ਮੁੱਕ ਗਈ ਪਰ ਉਹ ਇਹ ਨਹੀਂ ਸਮਝੇ ਕਿ ਸਰੀਰਾਂ ਨੂੰ ਤਾਂ ਖ਼ਤਮ ਕੀਤਾ ਜਾ ਸਕਦਾ ਪਰ ਸਿੱਖੀ ਸੋਚ ਨੂੰ ਨਹੀਂ। ਹਕੂਮਤਾਂ ਦੀ ਹਮੇਸ਼ਾ ਹੀ ਸਿੱਖੀ ਨੂੰ ਜ਼ਜ਼ਬ ਕਰਨ ਦੀ ਲਾਲਸਾ ਰਹੀ ਹੈ ਪਰ ਪੰਥ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਿਹਾ ਹੈ।" ਉਨ੍ਹਾਂ ਕਿਹਾ ਕਿ ਗੁਰਦੁਆਰੇ ਸਿੱਖਾਂ ਦੀ ਆਸਥਾ ਦਾ ਕੇਂਦਰ ਹਨ, ਜਿਨ੍ਹਾਂ ਦਾ ਪ੍ਰਬੰਧ ਹਮੇਸ਼ਾ ਪੰਥ ਕੋਲ ਰਿਹਾ ਹੈ ਅਤੇ ਪੰਥ ਆਪਣੇ ਫ਼ੈਸਲੇ ਹਮੇਸ਼ਾ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਕਰਦਾ ਰਿਹਾ ਅਤੇ ਕਰਦਾ ਰਹੇਗਾ। ਸ੍ਰੀ ਗੜਗੱਜ ਨੇ ਸਮੁੱਚੇ ਪੰਥ ਨੂੰ ਹਕੂਮਤਾਂ ਦੀ ਦਖ਼ਲਅੰਦਾਜ਼ੀ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ, "ਸਿੱਖ ਸੰਗਤ ਚਾਹੁੰਦੀ ਹੈ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਮੌਕੇ ਪੂਰੇ ਪੰਜਾਬ ਅੰਦਰ ਨਸ਼ਾਬੰਦੀ ਹੋਵੇ ਅਤੇ ਸਰਕਾਰ ਨੂੰ ਇਹ ਭਾਵਨਾਵਾਂ ਸਮਝਣੀਆਂ ਚਾਹੀਦੀਆਂ ਹਨ।"

# ਸ੍ਰੀ ਦਰਬਾਰ ਸਾਹਿਬ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼: ਹਰਿਮੰਦਰ ਸਾਹਿਬ ਸਮੂਹ ਵਿੱਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਇਕੱਠੇ ਮਨਾਏ ਗਏ। ਇਸ ਦੌਰਾਨ ਆਤਿਸ਼ਬਾਜ਼ੀ ਨਹੀਂ ਚਲਾਈ ਗਈ। ਇੱਥੇ ਸੰਘਣੀ ਧੁੰਦ ਦੇ ਬਾਵਜੂਦ ਵੱਡੀ ਗਿਣਤੀ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਈ। ਗੁਰੂ ਘਰ ਵਿੱਚ ਸੰਗਤ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਹਰਿਮੰਦਰ ਸਾਹਿਬ 'ਚ ਸੁੰਦਰ ਜਲੌਅ ਸਜਾਏ ਗਏ ਅਤੇ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਤੇ ਛੋਟੇ



ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਵੱਖ-ਵੱਖ ਅਖੰਡ ਪਾਠ ਦੇ ਭੋਗ ਪਾਏ।ਇਸ ਸਬੰਧੀ ਹਰਿਮੰਦਰ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਵੱਡੀ ਗਿਣਤੀ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਈ। ਉਨ੍ਹਾਂ ਆਖਿਆ ਕਿ ਭਾਵੇਂ ਸਵੇਰ ਵੇਲੇ ਧੁੰਦ ਸੀ ਪਰ ਸੰਗਤ ਦੀ ਸ਼ਰਧਾ ਅਤੇ ਉਤਸ਼ਾਹ ਬਰਕਰਾਰ ਰਿਹਾ। ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਦਿਵਸ ਦੋਵੇਂ ਇੱਕੋ ਦਿਨ ਹੋਣ ਕਰ ਕੇ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੰਗਤ ਵਾਸਤੇ ਸਾਦਾ ਲੰਗਰ ਹੀ ਤਿਆਰ ਕੀਤਾ ਗਿਆ ਸੀ ਜਦੋਂ ਕਿ ਪ੍ਰਕਾਸ਼ ਪੁਰਬ ਮੌਕੇ ਲੰਗਰ ਘਰ ਵਿੱਚ ਵਿਸ਼ੇਸ਼ ਪਕਵਾਨ ਵੀ ਤਿਆਰ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦੀ ਦਿਵਸ ਹੋਣ ਕਾਰਨ ਸ਼ਾਮ ਵੇਲੇ ਆਤਿਸ਼ਬਾਜ਼ੀ ਨਹੀਂ ਹੋਈ ਪਰ ਦੀਪਮਾਲਾ ਕੀਤੀ ਗਈ ਤੇ ਸੰਕੇਤਕ ਰੂਪ ਵਿੱਚ ਘਿਓ ਦੇ ਦੀਵੇ ਜਗਾਏ ਗਏ।ਇਸ ਦੌਰਾਨ ਸਵੇਰੇ ਭਾਈ ਵੀਰ ਸਿੰਘ ਦੀਵਾਨ ਹਾਲ ਤੋਂ ਹਰਿਮੰਦਰ ਸਾਹਿਬ ਤੱਕ ਪ੍ਰਭਾਤ ਫੇਰੀ ਵੀ ਕੱਢੀ ਗਈ। ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਹਿਰ ਵਿੱਚ ਵੱਖ-ਵੱਖ ਗੁਰਦੁਆਰਿਆਂ ਵਿੱਚ ਵੀ ਮਨਾਇਆ ਗਿਆ ਹੈ। ਸ਼ਹੀਦੀ ਦਿਵਸ ਅਤੇ ਗੁਰਪੁਰਬ ਇਕੱਠੇ ਹੋਣ ਕਾਰਨ ਸਮਾਗਮ ਸਾਦੇ ਰੂਪ ਵਿੱਚ ਮਨਾਏ ਗਏ।

## ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਹੋਏ ਅਹਿਮ ਫ਼ੈਸਲੇ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵੱਖ -ਵੱਖ ਮਾਮਲਿਆਂ ਉੱਤੇ ਵਿਚਾਰ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਮੇਤ ਅਹੁਦੇਦਾਰਾਂ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨੂੰ 5 ਜਨਵਰੀ ਨੂੰ ਅਕਾਲ ਤਖ਼ਤ ਵਿਖੇ ਤਲਬ ਕੀਤਾ ਹੈ। ਸਕੱਤਰੇਤ ਨੇ ਸਬੰਧਤ ਵਿਅਕਤੀਆਂ ਨੂੰ ਪੱਤਰ ਭੇਜ ਦਿੱਤੇ ਹਨ।ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਤਰੁਣਪ੍ਰੀਤ ਸਿੰਘ ਸੌਂਦ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਯਾਦਗਾਰ ਵਿੱਚ ਤਿਆਰ ਕੀਤੀਆਂ ਤਸਵੀਰਾਂ ਵਿੱਚ ਸਿੱਖ ਸਿਧਾਂਤਾਂ, ਮਰਿਆਦਾ ਤੇ ਭਾਵਨਾਵਾਂ ਦੇ ਵਿਰੁੱਧ ਪੇਸ਼ਕਾਰੀ ਸਬੰਧੀ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਸੀ। ਉਨ੍ਹਾਂ ਵੱਲੋਂ ਹੋਰ ਸਮੇਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਜਥੇਦਾਰ ਨੇ ਸ੍ਰੀ ਸੌਂਦ ਨੂੰ ਹੁਣ 5 ਜਨਵਰੀ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ 25 ਅਕਤੂਬਰ ਨੂੰ ਵਿਸ਼ੇਸ਼ ਇਜਲਾਸ ਸੱਦਿਆ ਸੀ, ਜਿਸ ਉੱਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਰੋਕ ਲਗਾਈ ਗਈ ਸੀ ਪਰ ਦਿੱਲੀ ਕਮੇਟੀ ਦੇ

(ਬਾਕੀ ਸਫ਼ਾ 27 'ਤੇ)

## ਨਿੱਕੀਆਂ ਜਿੰਦਾਂ ਦੇ ਮਹਾਨ ਸਾਕੇ ਤੋਂ ਅਗਵਾਈ ਤੇ ਪ੍ਰੇਰਣਾ ਲਵੇ ਸਿੱਖ ਕੌਮ : ਸਿਮਰਨਜੀਤ ਸਿੰਘ ਮਾਨ

ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼: ਸ਼ਹੀਦ ਬਾਬਾ ਜ਼ੋਰਾਵਰ ਸਿੰਘ, ਸ਼ਹੀਦ ਬਾਬਾ ਫਤਹਿ ਸਿੰਘ, ਸ਼ਹੀਦ ਮਾਤਾ ਗੁਜਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕੀਤੇ ਗਏ ਵਿਸ਼ਾਲ ਇਕੱਠ ਵਿੱਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੇ ਬਿਨ੍ਹਾਂ ਕਿਸੇ ਸਵਾਰਥ ਅਤੇ ਮਨੁੱਖਤਾ ਦੀ ਬਿਹਤਰੀ ਲਈ ਸੰਸਾਰ ਭਰ ਦੀਆਂ ਹੋਈਆਂ ਸ਼ਹਾਦਤਾਂ ਵਿਚੋਂ ਸਭ ਤੋਂ ਛੋਟੀ ਉਮਰ ਦੀਆਂ ਸ਼ਹਾਦਤਾਂ ਦੇ ਕੇ ਇਹ ਪ੍ਰਤੱਖ ਕਰ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਵੀ ਵੱਡੇ ਤੋਂ ਵੱਡੇ ਜਬਰ ਜ਼ੁਲਮ ਜਾਂ ਬੇਇਨਸਾਫ਼ੀ ਵਿਰੁੱਧ ਕਦੀ ਵੀ ਆਪਣੀ ਈਨ ਨਹੀਂ ਮੰਨਦੀ ਬਲਕਿ ਆਪਣੇ ਗੁਰੂ ਸਾਹਿਬਾਨ ਦੁਆਰਾ ਤਹਿ ਕੀਤੇ ਗਏ ਨਿਯਮਾਂ, ਸਿਧਾਂਤਾਂ ਉੱਤੇ ਪਹਿਰਾ ਦਿੰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਨ ਨੂੰ ਫਖ਼ਰ ਸਮਝਦੀ ਹੈ । ਅੱਜ ਜਦੋਂ ਸਮਾਂ ਬੜਾ ਨਾਜ਼ਕ ਹੈ ਤਾਂ ਸਮੁੱਚੀ ਸਿੱਖ ਕੌਮ ਨੂੰ ਆਪਣੀਆਂ ਇਨ੍ਹਾਂ



ਛੋਟੀਆਂ ਜਿੰਦਾਂ ਦੇ ਮਹਾਨ ਸਾਕੇ ਤੋਂ ਅਗਵਾਈ ਤੇ ਪ੍ਰੇਰਣਾ ਲੈਂਦੇ ਹੋਏ ਸਿੱਖ ਕੌਮ ਅਤੇ ਪੰਜਾਬੀਆਂ ਨਾਲ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਹਰ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਦੀ ਅਗਵਾਈ ਹੇਠ ਇਕੱਤਰ ਹੋ ਕੇ ਦ੍ਰਿੜ੍ਹਤਾ ਨਾਲ ਜੂਝਦੇ ਹੋਏ ਆਪਣੀ ਕੌਮੀ ਮੰਜ਼ਿਲ ਖ਼ਾਲਿਸਤਾਨ ਵੱਲ ਵਧਣਾ ਚਾਹੀਦਾ ਹੈ ਜੋ ਸਾਡੇ ਸਿੱਖ ਨੌਜਵਾਨੀ ਦੇ ਹੁਕਮਰਾਨਾਂ ਨੇ ਕਤਲੇਆਮ ਕਰਵਾਇਆ ਹੈ, ਉਸਦੀਆ ਸਜ਼ਾਵਾਂ ਕੌਮਾਂਤਰੀ ਕਾਨੂੰਨਾਂ ਅਨੁਸਾਰ ਅਵੱਸ ਮਿਲਣ ਲਈ ਸਮੂਹਿਕ ਤੌਰ 'ਤੇ ਆਵਾਜ਼

(ਬਾਕੀ ਸਫ਼ਾ 27 'ਤੇ)

## ਨੌਜਵਾਨਾਂ ਨੂੰ ਧਰਮ ਅਤੇ ਵਿਰਸੇ ਦੀ ਜਾਣਕਾਰੀ ਦੇਣੀ ਜ਼ਰੂਰੀ : ਜਥੇ. ਗੜਗੱਜ

ਫਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦਸਤਾਰ ਸਿੱਖਾਂ ਦੀ ਅਟੁੱਟ ਪਛਾਣ ਹੈ। ਜਥੇਦਾਰ ਗੜਗੱਜ ਜੋ ਕਿ ਜ਼ਿਲ੍ਹਾ ਅਕਾਲੀ ਦਲ ਫਤਹਿਗੜ੍ਹ ਸਾਹਿਬ ਅਤੇ ਯੂਥ ਵਿੰਗ ਵੱਲੋਂ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਦੋ ਰੋਜ਼ਾ 'ਮੇਰੀ ਦਸਤਾਰ, ਮੇਰੀ ਸ਼ਾਨ'- ਦਸਤਾਰਾਂ ਦਾ ਲੰਗਰ (ਮੁਫ਼ਤ ਦਸਤਾਰ ਬੰਨ੍ਹਣ ਕੈਂਪ) ਵਿੱਚ ਸ਼ਿਰਕਤ ਕਰਨ ਆਏ ਸਨ, ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਦੇ ਉਪਰਾਲੇ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ, ਧਰਮ ਅਤੇ ਵਿਰਸੇ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ 'ਮੇਰੀ ਦਸਤਾਰ, ਮੇਰੀ ਸ਼ਾਨ' ਵਰਗੇ ਕੈਂਪ ਲਗਾਉਣਾ ਬਹੁਤ ਹੀ ਸਰਾਹਣਯੋਗ ਕਦਮ ਹੈ, ਜੋ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ।




ਜਥੇਦਾਰ ਨੇ ਕਿਹਾ ਕਿ ਅਜਿਹੇ ਉਪਰਾਲੇ ਸਿਰਫ਼ ਦਸਤਾਰ ਸਜਾਉਣ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਨੌਜਵਾਨਾਂ ਦੇ ਮਨਾਂ ਵਿੱਚ ਸਿੱਖ ਇਤਿਹਾਸ, ਕੁਰਬਾਨੀ ਅਤੇ ਸਵੈਮਾਣ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਜਥੇਦਾਰ ਨੇ ਕਿਹਾ ਕਿ ਸਰਬਜੀਤ ਸਿੰਘ ਝਿੰਜਰ ਨੇ ਸਿਰਫ਼ ਰਾਜਨੀਤਿਕ ਆਗੂ ਹੋਣ ਦੀ ਨਹੀਂ, ਸਗੋਂ ਇੱਕ ਜ਼ਿੰਮੇਵਾਰ ਸਿੱਖ ਨੌਜਵਾਨ ਆਗੂ ਵਜੋਂ ਆਪਣੀ ਭੂਮਿਕਾ ਨਿਭਾਉਂਦੇਹੋਏ ਸਿੱਖ ਇਤਿਹਾਸ, ਦਸਤਾਰ ਅਤੇ ਮਰਿਆਦਾ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ ਦਾ ਸ਼ਲਾਘਾਯੋਗ ਕੰਮ ਕੀਤਾ ਹੈ। ਜਥੇਦਾਰ ਗੜਗੱਜ ਨੇ ਆਪਣੇ ਸੰਬੋਧਨ ਦੌਰਾਨ ਇਹ ਵੀ ਜ਼ਿਕਰ ਕੀਤਾ ਕਿ 'ਮੇਰੀ ਦਸਤਾਰ, ਮੇਰੀ ਸ਼ਾਨ' ਕੈਂਪ ਕੋਈ ਇੱਕ ਦਿਨ ਜਾਂ ਇਕ ਸਾਲ ਦਾ ਉਪਰਾਲਾ ਨਹੀਂ, ਬਲਕਿ ਯੂਥ ਅਕਾਲੀ ਦਲ ਵੱਲੋਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਅਤੇ ਨਿਰੰਤਰ ਤੌਰ 'ਤੇ ਚਲਾਈ ਜਾ ਰਹੀ ਇਕ ਮਹੱਤਵਪੂਰਣ ਮੁਹਿੰਮ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਰਾਹੀਂ ਹਜ਼ਾਰਾਂ ਨੌਜਵਾਨਾਂ ਅਤੇ ਬੱਚਿਆਂ ਨੂੰ ਸਿੱਖ ਪਛਾਣ ਨਾਲ ਜੋੜਿਆ ਗਿਆ ਹੈ, ਜੋ ਬੇਹੱਦ ਸ਼ਲਾਘਾਯੋਗ ਹੈ।

ਉਨ੍ਹਾਂ ਕਿਹਾ ਕਿ 'ਮੇਰੀ ਦਸਤਾਰ, ਮੇਰੀ ਸ਼ਾਨ' ਵਰਗੇ ਕੈਂਪ ਸਿਰਫ਼ ਇੱਕ ਸਮਾਗਮ ਨਹੀਂ, ਸਗੋਂ ਇੱਕ ਲਗਾਤਾਰ ਚਲ ਰਹੀ ਸੋਚ ਅਤੇ ਅੰਦੋਲਨ ਹਨ, ਜੋ ਸਿੱਖ ਕੌਮ ਵਿੱਚ ਸਵੈਮਾਣ, ਏਕਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਚੰਡ ਕਰ ਰਹੇ ਹਨ। ਜਥੇਦਾਰ ਗੜਗੱਜ ਨੇ ਆਸ ਪ੍ਰਗਟਾਈ ਕਿ ਯੂਥ ਅਕਾਲੀ ਦਲ ਅੱਗੇ ਵੀ ਇਸੇ ਜਜ਼ਬੇ ਨਾਲ ਇਹ ਕੈਂਪ ਲਗਾਉਂਦਾ ਰਹੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦਾ ਇਹ ਸਿਲਸਿਲਾ ਹੋਰ ਵਧੇਗਾ। ਇਸ ਮੌਕੇ ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੜ੍ਹਾਈ ਦੇ ਲਈ 'ਸਾਇਰਨ ਮੁਹਿੰਮ'

ਮਹਾਰਾਸ਼ਟਰ ਦੇ ਬੀੜ ਜ਼ਿਲ੍ਹੇ ਦੇ ਨਾਗਪੁਰ ਪਿੰਡ ਵਿੱਚ ਮੋਬਾਇਲ ਅਤੇ ਟੀ.ਵੀ. ਨਾਲ ਚਿਪਕੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨ ਵਾਸਤੇ 'ਸਾਇਰਨ ਮੁਹਿੰਮ' ਸ਼ੁਰੂ ਕੀਤੀ ਗਈ ਹੈ। 'ਪੜ੍ਹਾਈ ਦੇ ਲਈ ਸਾਇਰਨ ਮੁਹਿੰਮ' ਦੇ ਤਹਿਤ ਹਰ ਦਿਨ ਸ਼ਾਮ 7 ਵਜੇ ਇਸ ਪਿੰਡ ਵਿੱਚ ਸਾਇਰਨ ਵਜਾਇਆ ਜਾਂਦਾ ਹੈ। ਇਹ ਟੀ.ਵੀ. ਬੰਦ ਕਰਨ ਅਤੇ ਮੋਬਾਇਲ ਫੋਨ ਦੂਰ ਰੱਖਣ ਦਾ ਹੁਕਮ ਹੁੰਦਾ ਹੈ। ਅਗਲੇ ਦੋ ਘੰਟੇ ਇਸ ਪਿੰਡ ਦੇ ਵਿਦਿਆਰਥੀ ਪੜ੍ਹਾਈ ਕਰਦੇ ਹਨ। ਇਸ ਸਮੇਂ ਦੌਰਾਨ ਇੱਕ ਨਿਗਰਾਨ ਕਮੇਟੀ ਘਰ ਘਰ ਜਾ ਕੇ ਜਾਂਚ ਪੜਤਾਲ ਵੀ ਕਰਦੀ ਹੈ ਕਿ ਬੱਚੇ ਪੜ੍ਹਾਈ ਕਰ ਰਹੇ ਹਨ ਜਾਂ ਨਹੀਂ। ਜਿਹੜੇ ਬੱਚੇ ਲਗਾਤਾਰ ਪੜ੍ਹਾਈ ਕਰਦੇ ਹਨ ਉਹਨਾਂ ਨੂੰ ਜਨਤਕ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਸ ਪਿੰਡ ਵਿੱਚ ਅਜਿਹੀ ਮੁਹਿੰਮ ਚਲਾਉਣ ਨਾਲ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਇਸ ਮੁਹਿੰਮ ਨਾਲ ਜਿੱਥੇ ਬੱਚੇ ਪੜ੍ਹਾਈ ਵਿੱਚ ਦਿਲਚਸਪੀ ਲੈਣ ਲੱਗੇ ਹਨ, ਉਥੇ ਉਹਨਾਂ ਦੇ ਵਿਵਹਾਰ ਵਿੱਚ ਵੀ ਬਦਲਾਓ ਆਇਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਜਿਹੀ ਹੀ ਸਾਇਰਨ ਮੁਹਿੰਮ ਮਹਾਰਾਸ਼ਟਰ ਦੇ ਜ਼ਿਲ੍ਹਾ ਸਾਂਗਲੀ ਦੇ ਪਿੰਡ ਧੁਲਗਾਂਵ ਵਿੱਚ ਵੀ ਸ਼ੁਰੂ ਕੀਤੀ ਹੋਈ ਹੈ, ਜਿਸ ਦੀ ਸਫਲਤਾ ਨੂੰ ਵੇਖਦਿਆਂ ਹੀ ਇਹ ਮੁਹਿੰਮ ਹੋਰ ਪਿੰਡਾਂ ਵਿੱਚ ਵੀ ਸ਼ੁਰੂ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ ਵਿੱਚ ਇਹ ਮੁਹਿੰਮ ਭਾਵੇਂ ਅਜੇ ਸ਼ੁਰੂਆਤੀ ਦੌਰ ਵਿੱਚ ਹੈ, ਪਰ ਇਸ ਮੁਹਿੰਮ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਪੰਜਾਬ ਵਿੱਚ ਵੀ ਅਜਿਹੀ ਮੁਹਿੰਮ ਸ਼ੁਰੂ ਕੀਤੀ ਜਾ ਸਕਦੀ ਹੈ। ਅੱਜ ਪੰਜਾਬ ਦੇ ਵੱਡੀ ਗਿਣਤੀ ਬੱਚੇ ਮੋਬਾਇਲ ਅਤੇ ਟੀ.ਵੀ. ਦੇ ਗੁਲਾਮ ਬਣੇ ਹੋਏ ਹਨ। ਮਾਪਿਆਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਆਪਣੇ ਬੱਚਿਆਂ ਨੂੰ ਟੀ.ਵੀ. ਅਤੇ ਮੋਬਾਇਲ ਤੋਂ ਕਿਵੇਂ ਦੂਰ ਰੱਖਣ। ਸ਼ਹਿਰਾਂ ਵਿੱਚ ਹਾਲਾਤ ਕੁਝ ਵੱਖਰੇ ਹਨ। ਇੱਥੇ ਮਾਪੇ ਕਿਸੇ ਨਾ ਕਿਸੇ ਤਰੀਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਤ ਕਰ ਲੈਂਦੇ ਹਨ ਪਰ ਪੰਜਾਬ ਦੇ ਪਿੰਡਾਂ ਵਿੱਚ ਬੱਚੇ ਪੜ੍ਹਾਈ ਵਿੱਚ ਰੁਚੀ ਘੱਟ ਵਿਖਾਉਂਦੇ ਹਨ। ਇਸੇ ਕਾਰਨ ਪੇਂਡੂ ਖੇਤਰ ਦੇ ਬੱਚੇ ਸ਼ਹਿਰੀ ਬੱਚਿਆਂ ਦੇ ਮੁਕਾਬਲੇ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹਨ।


ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸ਼ਾਮ ਸਮੇਂ ਵੱਡੀ ਗਿਣਤੀ ਖੁਦ ਵੀ ਟੀ.ਵੀ. ਅਤੇ ਮੋਬਾਇਲ ਆਦਿ ਵੇਖਦੇ ਰਹਿੰਦੇ ਹਨ। ਉਹਨਾਂ ਦੀ ਵੇਖਾ-ਵੇਖੀ ਬੱਚੇ ਵੀ ਟੀ.ਵੀ. ਅਤੇ ਮੋਬਾਇਲ ਵਿੱਚ ਰੁੱਝੇ ਰਹਿੰਦੇ ਹਨ। ਭਾਵੇਂ ਮਾਪੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਵੀ ਕਹਿੰਦੇ ਹਨ ਪਰ ਬੱਚਿਆਂ ਦਾ ਪੜ੍ਹਾਈ ਕਰਨ ਦੌਰਾਨ ਵੀ ਧਿਆਨ ਮੋਬਾਇਲ ਗੇਮਾਂ ਜਾਂ ਟੀ.ਵੀ. ਸੀਰੀਅਲਾਂ ਵਿੱਚ ਰਹਿੰਦਾ ਹੈ। ਇਸੇ ਕਾਰਨ ਵੱਡੀ ਗਿਣਤੀ ਬੱਚੇ ਪੜ੍ਹਾਈ ਵਿੱਚ ਪਿਛੜ ਜਾਂਦੇ ਹਨ। ਫਿਰ ਉਹਨਾਂ ਦੇ ਮਾਪਿਆਂ ਨੂੰ ਆਪਣੇ ਬੱਚੇ ਟਿਊਸ਼ਨ ਸੈਂਟਰ ਭੇਜਣੇ ਪੈਂਦੇ ਹਨ ਤਾਂ ਕਿ ਇਹਨਾਂ ਬੱਚਿਆਂ ਦੇ ਪੜ੍ਹਾਈ ਵਿੱਚ ਨੰਬਰ ਚੰਗੇ ਆ ਜਾਣ।

ਪੰਜਾਬ ਦੀ ਮੌਜੂਦਾ ਸਰਕਾਰ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਸਮੇਂ ਦੇ ਹਾਣ ਦੀ ਬਣਾਉਣ ਅਤੇ ਪੰਜਾਬ 'ਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਵੱਡੇ ਵੱਡੇ ਦਾਅਵੇ ਕਰਦੀ ਹੈ, ਪਰ ਇਹਨਾਂ ਦਾਅਵਿਆਂ ਦੀ ਫੂਕ ਉਸ ਸਮੇਂ ਨਿਕਲ ਗਈ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੱਕ ਪੇਪਰ ਵਿੱਚੋਂ 70 ਫੀਸਦੀ ਤੋਂ ਵਧੇਰੇ ਵਿਦਿਆਰਥੀ ਫੇਲ੍ਹ ਹੋ ਗਏ। ਇੱਕ ਹੀ ਵਿਸ਼ੇ ਦੇ ਪੇਪਰ ਵਿਚੋਂ ਏਨੇ ਵਿਦਿਆਰਥੀਆਂ ਦੇ ਫੇਲ੍ਹ ਹੋਣ ਕਾਰਨ ਪੰਜਾਬ ਦੀ ਸਿੱਖਿਆ ਪ੍ਰਣਾਲੀ 'ਤੇ ਸਵਾਲ ਉਠਾਏ ਜਾਣੇ ਸੁਭਾਵਿਕ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਦੇ ਬੀ ਲਿਬ.(ਬੈਚਲਰ ਆਫ਼ ਲਾਇਬ੍ਰੇਰੀ) ਕੋਰਸ ਦੇ ਦੂਜੇ ਸਮੈਸਟਰ ਦੀ ਪ੍ਰੀਖਿਆ ਜੂਨ ਵਿੱਚ ਹੋਈ ਸੀ। 3 ਅਤੇ 4 ਜੂਨ ਨੂੰ ਸੀ ਸੀ ਵਿਭਾਗ ਵਿਖੇ 'ਕੋਲਨ ਕਲਾਸੀਫਿਕੇਸ਼ਨ' ਅਤੇ 'ਡੇਵੀ ਡੈਸੀਮਲ ਕਲਾਸੀਫਿਕੇਸ਼ਨ' ਦੇ ਪ੍ਰੈਕਟੀਕਲ ਤਿੰਨ ਸੈਂਟਾਂ ਵਿੱਚ ਲਏ ਗਏ ਸਨ। ਪ੍ਰੀਖਿਆ ਦੌਰਾਨ ਨਕਲ ਦੀ ਸ਼ਿਕਾਇਤ ਮਿਲਣ ਤੇ ਫਲਾਇੰਗ ਸਕੁਐਡ ਨੇ ਸਖ਼ਤੀ ਦਿਖਾਉਂਦਿਆਂ ਵਿਸ਼ਾ ਅਧਿਆਪਕਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਸੀ। ਹੁਣ ਆਏ ਨਤੀਜੇ ਅਨੁਸਾਰ ਪ੍ਰੀਖਿਆ ਦੇਣ ਵਾਲੇ 345 ਵਿਦਿਆਰਥੀਆਂ ਵਿਚੋਂ 245 ਵਿਦਿਆਰਥੀਆਂ ਨੂੰ ਫ਼ੇਲ੍ਹ ਦੱਸਿਆ ਗਿਆ ਹੈ। ਇਹ ਮਾਮਲਾ ਇਸ ਸਮੇਂ ਸਿੱਖਿਆ ਖੇਤਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੱਕ ਪੇਪਰ ਵਿੱਚ 70 ਫੀਸਦੀ ਤੋਂ ਵਧੇਰੇ ਵਿਦਿਆਰਥੀਆਂ ਦੇ ਫ਼ੇਲ੍ਹ ਹੋਣ ਕਾਰਨ ਸਿੱਖਿਆ ਪ੍ਰਣਾਲੀ ਤੇ ਸਵਾਲ ਉਠਾਏ ਜਾਣੇ ਸੁਭਾਵਿਕ ਹਨ। ਵਿਦਿਆਰਥੀਆਂ ਦੇ ਰੋਸ ਨੂੰ ਵੇਖਦਿਆਂ ਹੁਣ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਦੇ ਪੇਪਰ ਮੁੜ ਚੈੱਕ ਕਰਵਾਏ ਜਾ ਰਹੇ ਹਨ, ਜਿਸ ਤੋਂ ਬਾਅਦ ਮੁੜ ਨਤੀਜਾ ਐਲਾਨਿਆ ਜਾਵੇਗਾ।

ਪੰਜਾਬ ਦੇ ਮੁੱਖ ਮੰਤਰੀ ਅਕਸਰ ਦਾਅਵਾ ਕਰਦੇ ਹਨ ਕਿ ਉਹਨਾਂ ਦੀ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਸਿਲੇਬਸ ਪ੍ਰਾਈਵੇਟ ਸਕੂਲਾਂ ਦੇ ਹਾਣ ਦਾ ਕਰ ਦਿੱਤਾ ਹੈ ਤਾਂ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਚੰਗੀ ਤਰ੍ਹਾਂ ਮੁਕਾਬਲਾ ਕਰ ਸਕਣ। ਸੱਤਾਧਾਰੀ ਧਿਰ ਦੇ ਕਈ ਆਗੂ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਪੰਜਾਬ ਵਿੱਚ ਏਨੀ ਚੰਗੀ ਸਿੱਖਿਆ ਪ੍ਰਣਾਲੀ ਲਾਗੂ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ ਅਤੇ ਉਹਨਾਂ ਨੂੰ ਉਹਨਾਂ ਦੇ ਘਰ ਦੇ ਨੇੜੇ ਹੀ ਸਸਤੀ ਅਤੇ ਮਿਆਰੀ ਸਿੱਖਿਆ ਮਿਲੇਗੀ।

ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਸੁਧਾਰ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਹਨਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਜੇ ਮਹਾਰਾਸ਼ਟਰ ਦੇ ਪਿੰਡਾਂ ਦੀ ਤਰਜ਼ 'ਤੇ ਪੰਜਾਬ ਵਿੱਚ 'ਪੜ੍ਹਾਈ ਲਈ ਸਾਇਰਨ ਮੁਹਿੰਮ' ਸ਼ੁਰੂ ਕਰ ਦਿੱਤੀ ਜਾਵੇ ਤਾਂ ਇਸ ਨਾਲ ਸਿੱਖਿਆ ਖੇਤਰ ਵਿੱਚ ਚੰਗੇ ਨਤੀਜੇ ਸਾਹਮਣੇ ਆ ਸਕਦੇ ਹਨ।

# ਵਿਸ਼ਵ ਦੀ ਦਿਸ਼ਾ ਬਦਲਣ ਵਾਲਾ ਰਿਹਾ ਸਾਲ 2025



ਸ਼ਿਵਕਾਂਤ ਸ਼ਰਮਾ
(ਲੇਖਕ ਬੀਬੀਸੀ ਹਿੰਦੀ ਦਾ ਸਾਬਕਾ ਸੰਪਾਦਕ ਹੈ)



ਵਿਸ਼ਵ ਆਰਥਿਕ ਮੰਚ, ਯੂਰਪੀ ਸੰਘ ਤੇ ਸੰਯੁਕਤ ਰਾਸ਼ਟਰ ਵਪਾਰ ਅਤੇ ਵਿਕਾਸ ਸੰਮੇਲਨ (ਅੰਕਟਾਡ) ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ, ਕੂਟਨੀਤਕ ਤੇ ਵਿਸ਼ਲੇਸ਼ਕ ਸਾਲ 2025 ਨੂੰ ਦੁਨੀਆ ਦੀ ਦਿਸ਼ਾ ਬਦਲਣ ਵਾਲੇ ਸਾਲ ਦੇ ਰੂਪ 'ਚ ਪਰਿਭਾਸ਼ਿਤ ਕਰ ਰਹੀਆਂ ਹਨ। ਇਸ ਦਾ ਕਾਰਨ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਨਾਟਕੀ ਟੈਰਿਫ ਨੀਤੀ, ਵਿਸ਼ਵ ਪੱਧਰੀ ਸਮੀਕਰਨਾਂ ਤੇ ਯੋਜਨਾਬੱਧ ਨਿਯਮਾਂ 'ਚ ਹੋਈ ਅਜਿਹੀ ਉਥਲ-ਪੁਥਲ ਹੈ, ਜੋ ਦੂਜੀ ਆਲਮੀ ਜੰਗ ਤੋਂ ਬਾਅਦ ਤੋਂ ਚੱਲੀ ਆ ਰਹੀ ਵਿਸ਼ਵ ਵਿਵਸਥਾ 'ਚ ਪਹਿਲਾਂ ਕਦੀ ਨਹੀਂ ਦੇਖੀ ਗਈ ਸੀ।

ਵਿਸ਼ਵੀਕਰਨ ਦੇ ਦੌਰ 'ਚ ਵਿਸ਼ਵ ਵਪਾਰ ਵਧ ਕੇ 40 ਗੁਣਾ ਤੋਂ ਵੱਧ ਹੋ ਗਿਆ ਸੀ ਜਿਸ ਕਾਰਨ ਦੁਨੀਆ ਦੇ ਇਕ ਅਰਬ ਤੋਂ ਵੱਧ ਲੋਕ ਗ਼ਰੀਬੀ ਦੇ ਘੇਰੇ ਤੋਂ ਬਾਹਰ ਨਿਕਲ ਸਕੇ, ਪਰ ਇਸ ਦੌਰ 'ਚ ਉਦਯੋਗ-ਧੰਦੇ ਅਮਰੀਕਾ ਤੇ ਯੂਰਪ ਛੱਡ ਕੇ ਏਸ਼ਿਆਈ ਦੇਸ਼ਾਂ 'ਚ ਚਲੇ ਗਏ, ਜਿੱਥੇ ਕੱਚਾ ਮਾਲ ਤੇ ਮਜ਼ਦੂਰੀ ਸਸਤੀ ਸੀ। ਇਸ ਨਾਲ ਅਮਰੀਕਾ ਤੇ ਯੂਰਪ 'ਚ ਮਜ਼ਦੂਰ ਬੇਰੁਜ਼ਗਾਰ ਹੋਏ ਤੇ ਵਪਾਰ ਘਾਟੇ ਵੀ ਵਧੇ। ਟਰੰਪ ਇਸੇ ਪ੍ਰਕਿਰਿਆ ਨੂੰ ਪਲਟਣ ਦੇ ਵਾਅਦੇ 'ਤੇ ਚੋਣਾਂ ਜਿੱਤੇ ਸਨ। ਇਸ ਲਈ ਉਨ੍ਹਾਂ ਨੇ ਸੱਤਾ ਸੰਭਾਲਦੇ ਹੀ ਕੁਝ ਦੇਸ਼ਾਂ 'ਤੇ ਭਾਰੀ ਟੈਰਿਫ ਲਾਉਣ ਦੇ ਨਾਲ-ਨਾਲ ਛੋਟੇ-ਵੱਡੇ ਸਾਰੇ ਦੇਸ਼ਾਂ 'ਤੇ ਟੈਰਿਫ ਲਾ ਦਿੱਤੇ। ਇਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਲਾਇਆ ਗਿਆ, ਤਾਂ ਜੋ ਵਿਸ਼ਵ ਵਪਾਰ ਸੰਗਠਨ 'ਚ ਚੁਣੌਤੀ ਨਾ ਦਿੱਤੀ ਜਾ ਸਕੇ। ਪਿਛਲੇ 70 ਸਾਲਾਂ ਤੋਂ ਮੁਕਤ ਵਪਾਰ ਦੀ ਵਕਾਲਤ ਕਰਦੇ ਆ ਰਹੇ ਦੇਸ਼ ਨੇ 30 ਸਾਲ ਲੰਬੀ ਗੈਟ ਵਾਰਤਾ ਤੋਂ ਬਾਅਦ ਬਣੀ ਵਿਸ਼ਵ ਵਪਾਰ ਦੀ ਵਿਵਸਥਾ ਨੂੰ ਇਕ ਐਲਾਨ ਨਾਲ ਤਬਾਹ ਕਰ ਦਿੱਤਾ।

ਟਰੰਪ ਦੀ ਟੈਰਿਫ ਜੰਗ ਦਾ ਮੁੱਖ ਨਿਸ਼ਾਨਾ ਚੀਨ ਸੀ, ਪਰ ਉਸ ਨੇ ਆਪਣੇ ਦੁਰਲੱਭ ਖਣਿਜਾਂ ਤੇ ਉਦਯੋਗਿਕ ਚੁੰਬਕਾਂ ਦੇ ਬ੍ਰਹਮ-ਅਸਤਰ ਨਾਲ ਆਪਣਾ ਬਚਾਅ ਕਰ ਲਿਆ। ਭਾਰਤ ਤੇ ਬ੍ਰਾਜ਼ੀਲ ਇਸ ਲਈ ਤਿਆਰ ਨਹੀਂ ਸਨ। ਇਸ ਲਈ ਦੋਵਾਂ 'ਤੇ ਸਭ ਤੋਂ ਉੱਚੇ 50 ਫ਼ੀਸਦੀ ਟੈਰਿਫ ਲੱਗੇ ਹਨ। ਦਿਲਚਸਪ ਗੱਲ ਇਹ ਹੈ ਕਿ ਰੂਸ 'ਤੇ ਜੰਗਬੰਦੀ ਦਾ ਦਬਾਅ ਪਾਉਣ ਲਈ ਟਰੰਪ ਭਾਰਤ 'ਤੇ ਰੂਸੀ ਤੇਲ ਖ਼ਰੀਦਣਾ ਬੰਦ ਕਰਨ ਦਾ ਦਬਾਅ ਪਾ ਰਹੇ ਹਨ, ਜਿਸ ਨੂੰ ਉਹ ਦੋਸਤ ਕਹਿੰਦੇ ਹਨ। ਜਦਕਿ ਰੂਸੀ ਤੇਲ ਦੇ ਸਭ ਤੋਂ ਵੱਡੇ ਖ਼ਰੀਦਦਾਰ ਤੇ ਧੁਰ ਵਿਰੋਧੀ ਚੀਨ ਨੂੰ ਕੁਝ ਨਹੀਂ ਕਹਿੰਦੇ। ਆਪਣੇ ਦੋਸਤ ਹੰਗਰੀ ਦੇ ਆਗੂ ਓਰਬਾਨ ਨੂੰ ਖ਼ਰੀਦਣ ਦੀ ਛੋਟ ਦੇ ਰਹੇ ਹਨ ਤੇ ਖ਼ੁਦ ਰੂਸ ਤੋਂ ਪਰਮਾਣੂ ਈਂਧਨ ਦੀ ਖ਼ਰੀਦਦਾਰੀ ਜਾਰੀ ਹੈ।

ਟਰੰਪ ਦੀਆਂ ਨਾ ਸਮਝੀਆਂ ਜਾ ਸਕਣ ਵਾਲੀਆਂ ਨੀਤੀਆਂ ਕਾਰਨ ਇਹ ਸਾਲ 25 ਸਾਲਾਂ ਤੋਂ ਮਜ਼ਬੂਤ ਹੁੰਦੇ ਆ ਰਹੇ ਭਾਰਤ-ਅਮਰੀਕਾ ਰਿਸ਼ਤਿਆਂ 'ਤੇ ਸ਼ੱਕ ਤੇ ਗ਼ੈਰਯਕੀਨੀ ਦੇ ਪਰਛਾਵੇਂ ਦਾ ਸਾਲ ਰਿਹਾ। ਇਸ ਬੇਨਿਯਮੀ ਧੌਂਸ ਦੀ ਕੂਟਨੀਤੀ ਨੇ ਚੀਨ, ਰੂਸ ਤੇ ਬ੍ਰਾਜ਼ੀਲ ਵਰਗੀਆਂ ਬ੍ਰਿਕਸ ਤਾਕਤਾਂ ਨੂੰ ਡਾਲਰ ਤੋਂ ਬਿਨਾਂ ਵਪਾਰ ਕਰਨ ਦੇ ਤਰੀਕੇ ਲੱਭਣ 'ਤੇ ਮਜਬੂਰ ਕੀਤਾ। ਇਹ ਦੇਸ਼ ਹੁਣ ਆਪਣਾ ਜ਼ਿਆਦਾਤਰ ਵਪਾਰ ਆਪਣੀਆਂ ਮੁਦਰਾਵਾਂ 'ਚ ਕਰਨ ਲੱਗੇ ਹਨ।


ਰੂਸ ਤੇ ਚੀਨ ਲਗਪਗ 250 ਅਰਬ ਡਾਲਰ ਦੇ ਵਪਾਰ ਦਾ 99.1 ਫ਼ੀਸਦੀ ਆਪਣੀਆਂ ਮੁਦਰਾਵਾਂ 'ਚ ਕਰਦੇ ਹਨ। ਭਾਰਤ-ਰੂਸ ਵੀ ਆਪਣੇ ਵਪਾਰ ਦਾ 96 ਫ਼ੀਸਦੀ ਵਪਾਰ ਆਪਣੀਆਂ ਮੁਦਰਾਵਾਂ 'ਚ ਕਰਦੇ ਹਨ। ਚੀਨ ਤੇ ਬ੍ਰਾਜ਼ੀਲ ਵੀ ਆਪਸੀ ਵਪਾਰ ਆਪਣੀਆਂ ਮੁਦਰਾਵਾਂ 'ਚ ਕਰਨ ਲੱਗੇ ਹਨ। ਆਰਥਕ ਪਾਬੰਦੀਆਂ ਤੋਂ ਬਚਣ ਲਈ ਡਾਲਰ ਮੁਕਤ ਵਪਾਰ ਨਵਾਂ ਨਹੀਂ ਹੈ, ਪਰ ਟਰੰਪ ਦੀ ਮਨਮਰਜ਼ੀ ਤੇ ਧੌਂਸ ਨੇ ਇਸ ਨੂੰ ਨਵੀਂ ਰਫ਼ਤਾਰ ਦਿੱਤੀ ਹੈ। ਟਰੰਪ ਦੀਆਂ ਨੀਤੀਆਂ ਦੀ ਅਸਥਿਰਤਾ ਤੇ ਜਲਦਬਾਜ਼ੀ ਨੇ ਰਣਨੀਤਕ ਸਮੀਕਰਨਾਂ ਨੂੰ ਵੀ ਉਲਟਾ-ਪਲਟਾ ਦਿੱਤਾ ਹੈ।

ਯੂਰਪ ਦੇ ਨਾਲ ਅਮਰੀਕਾ ਦੇ ਰਿਸ਼ਤਿਆਂ ਦੀ ਬੁਨਿਆਦ ਸਦੀਆਂ ਪੁਰਾਣੀ ਹੈ। ਦੂਜੇ ਮਹਾਯੁੱਧ 'ਚ ਯੂਰਪ ਦੇ ਤਬਾਹ ਅਤੇ ਗ਼ਰੀਬ ਹੋ ਜਾਣ ਤੋਂ ਬਾਅਦ ਅਮਰੀਕਾ ਵਿਸ਼ਵ ਦੀ ਸਭ ਤੋਂ ਵੱਡੀ ਰਣਨੀਤਕ ਤੇ ਆਰਥਿਕ ਸ਼ਕਤੀ ਬਣ ਕੇ ਉੱਭਰਿਆ ਸੀ। ਇਸ ਲਈ ਉਸ ਨੇ ਆਪਣੀ ਅਗਵਾਈ 'ਚ ਵਿਸ਼ਵ ਦੇ ਲਈ ਇਕ ਨਵੀਂ ਨਿਯਮਬੱਧ ਵਿਵਸਥਾ ਬਣਾਈ ਜੋ ਉਸ ਦੇ ਉਦਾਰ ਲੋਕਤੰਤਰ, ਖੁੱਲ੍ਹੇ ਮੁਕਾਬਲੇ ਵਾਲੇ ਅਰਥਚਾਰੇ ਤੇ ਕਾਨੂੰਨ ਵਿਵਸਥਾ ਦੇ ਸਿਧਾਂਤਾਂ 'ਤੇ ਆਧਾਰਿਤ ਸੀ। ਯੂਰਪ ਉਸ ਦਾ ਰਣਨੀਤਕ ਸਾਥੀ ਤੇ ਵਿਚਾਰਕ ਲੈਬਾਰਟਰੀ ਬਣਿਆ।

ਯੂਰਪ ਨੇ ਸੀਤ ਯੁੱਧ ਦੌਰਾਨ ਕਮਿਊਨਿਸਟ ਸਿੰਗਲ ਪਾਰਟੀ ਤਾਨਾਸ਼ਾਹੀ ਦੇ ਫੈਲਾਅ ਨੂੰ ਰੋਕੀ ਰੱਖਿਆ। ਸੋਵੀਅਤ ਸੰਘ ਤੋਂ ਆਜ਼ਾਦ ਹੋਏ ਪੂਰਬੀ ਯੂਰਪ ਦੇ ਦੇਸ਼ਾਂ ਨੇ ਅਮਰੀਕਾ ਤੇ ਯੂਰਪ ਦੀ ਵਿਵਸਥਾ ਨੂੰ ਸਿਰਫ਼ ਤੇਜ਼ ਆਰਥਿਕ ਵਿਕਾਸ ਲਈ ਹੀ ਨਹੀਂ ਅਪਣਾਇਆ ਸੀ। ਉਨ੍ਹਾਂ ਨੇ ਕਮਿਊਨਿਸਟ ਤਾਨਾਸ਼ਾਹੀ ਤੋਂ ਆਪਣੀ ਹੋਂਦ ਵੀ ਬਚਾਉਣੀ ਸੀ ਤੇ ਉਮੀਦ ਸੀ ਕਿ ਯੂਰਪ ਤੇ ਅਮਰੀਕਾ ਉਨ੍ਹਾਂ ਦੀ ਸੁਰੱਖਿਆ ਕਰਨਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਯੂਕਰੇਨ ਦੇ ਬਚਾਅ ਦੀ ਥਾਂ ਪੁਤਿਨ ਨੂੰ ਖ਼ੁਸ਼ ਰੱਖਣ ਲਈ ਜਿਸ ਤਰ੍ਹਾਂ ਉਸ ਦੀ ਜ਼ਮੀਨ ਤੇ ਸੁਰੱਖਿਆ ਦਾ ਸੌਦਾ ਕਰਨ 'ਚ ਲੱਗੇ ਹਨ, ਉਸ ਨੇ ਇਸ ਭੁਲੇਖੇ ਨੂੰ ਵੀ ਤੋੜ ਦਿੱਤਾ ਹੈ।

ਯੂਰਪ ਨੂੰ ਸਭ ਤੋਂ ਵੱਡਾ ਧੱਕਾ ਟਰੰਪ ਦੀ ਨਵੀਂ ਸੁਰੱਖਿਆ ਨੀਤੀ 'ਚ ਪੁਤਿਨ ਦੇ ਹਮਲੇ ਤੇ ਤਾਨਾਸ਼ਾਹੀ ਦੀ ਨਿੰਦਾ ਦੀ ਥਾਂ ਆਪਣੀ ਨਿੰਦਾ ਨੂੰ ਪੜ੍ਹ ਕੇ ਲੱਗਾ ਹੈ। ਅਮਰੀਕੀ ਸੁਰੱਖਿਆ ਨੀਤੀ ਕਹਿੰਦੀ ਹੈ ਕਿ ਖ਼ਰਾਬ ਨੀਤੀਆਂ ਦੇ ਕਾਰਨ ਯੂਰਪ ਦੇ ਕੁਝ ਦੇਸ਼ਾਂ 'ਚ ਕੁਝ ਹੀ ਦਹਾਕਿਆਂ ਦੇ ਅੰਦਰ ਯੂਰਪੀ ਸੱਭਿਅਤਾ ਲੁਪਤ ਹੋ ਜਾਵੇਗੀ, ਕਿਉਂਕਿ ਗ਼ੈਰ-ਯੂਰਪੀ ਬਹੁਗਿਣਤੀ ਬਣ ਜਾਣਗੇ। ਇਸ ਲਈ ਉਹ ਯੂਰਪ 'ਚ ਰਾਸ਼ਟਰਵਾਦੀ ਪਾਰਟੀਆਂ ਨੂੰ ਸੱਤਾ 'ਚ ਦੇਖਣਾ ਚਾਹੁੰਦੀ ਹੈ। ਸਪੱਸ਼ਟ ਹੈ ਕਿ ਟਰੰਪ ਯੂਰਪ ਨੂੰ ਹੁਣ ਇਕ ਬੋਝ ਤੋਂ ਇਲਾਵਾ ਕੁਝ ਨਹੀਂ ਮੰਨਦੇ। ਦੂਜੇ ਪਾਸੇ ਪੁਤਿਨ ਦਾ ਸਵਾਗਤ ਉਹ ਮਹਾਸ਼ਕਤੀ ਦੀ ਤਰ੍ਹਾਂ ਤਾੜੀਆਂ ਮਾਰ ਕੇ ਕਰਦੇ ਹਨ। ਚੀਨੀ ਰਾਸ਼ਟਰਪਤੀ ਦੇ ਨਾਲ ਹੋਣ ਵਾਲੀ ਸਿਖਰ ਬੈਠਕ ਨੂੰ ਜੀ-2 ਦਾ ਨਾਂ ਦੇ ਕੇ ਉਹ ਆਪ ਸਵੀਕਾਰ ਕਰਦੇ ਹਨ ਕਿ ਚੀਨ ਹੁਣ ਬਰਾਬਰ ਦੀ ਮਹਾਸ਼ਕਤੀ ਹੈ। ਸਵੀਡਨ ਦੇ ਸਾਬਕਾ ਪ੍ਰਧਾਨ ਮੰਤਰੀ ਕਾਰਲ ਬਿਲਟ ਨੇ ਡੋਨਾਲਡ ਟਰੰਪ ਦੇ ਇਸ ਰਵੱਈਏ ਨੂੰ ਅਮਰੀਕਾ ਦੀ 'ਸੱਭਿਆਚਾਰਕ ਖ਼ੁਦਕੁਸ਼ੀ' ਦਾ ਨਾਂ ਦਿੱਤਾ ਹੈ।

ਉਦਾਰ ਲੋਕਤੰਤਰ, ਖੁੱਲ੍ਹੇ ਮੁਕਾਬਲੇ ਤੇ ਨਿਯਮਬੱਧ ਵਿਵਸਥਾ ਵਰਗੇ ਆਦਰਸ਼ਾਂ ਨੂੰ ਤਾਕ 'ਤੇ ਰੱਖ ਕੇ ਟਰੰਪ ਤਿੰਨ ਮਹਾਸ਼ਕਤੀਆਂ ਦੇ ਦਬਦਬੇ ਵਾਲੀ ਦੁਨੀਆ ਬਣਾਉਣ ਦੇ ਰਾਹ 'ਤੇ ਹਨ। ਸੰਯੁਕਤ ਰਾਸ਼ਟਰ ਦੇ ਕਿਸੇ ਮੰਚ 'ਤੇ ਹੁਣ ਜ਼ੁਬਾਨੀ ਜਮ੍ਹਾ ਖ਼ਰਚ ਤੋਂ ਇਲਾਵਾ ਇਨ੍ਹਾਂ ਤਿੰਨਾਂ ਦੀ ਆਮ ਰਾਇ ਤੋਂ ਬਿਨਾਂ ਕੁਝ ਹੋ ਸਕਣ ਦੀ ਸੰਭਾਵਨਾ ਘੱਟ ਹੀ ਦਿਖਾਈ ਦਿੰਦੀ ਹੈ। ਇਸ ਕਾਰਨ ਅਸਲੀ ਚੁਣੌਤੀ ਯੂਰਪ ਤੇ ਭਾਰਤ ਦੇ ਸਾਹਮਣੇ ਹੈ ਕਿ ਕਿਵੇਂ ਆਪਣੀ ਸੁਰੱਖਿਆ 'ਚ ਆਤਮ-ਨਿਰਭਰ ਹੋ ਕੇ ਆਪਣਾ ਦਬਦਬਾ ਵਧਾਉਣ ਤੇ ਕਾਰੋਬਾਰ ਫੈਲਾਉਣ।




ਇਸ 'ਚ ਕੋਈ ਵੱਡੀ ਮੁਸ਼ਕਿਲ ਨਹੀਂ ਹੋਣੀ ਚਾਹੀਦੀ, ਕਿਉਂਕਿ ਜੇ ਦੁਨੀਆ ਤਿਕੋਣਾ ਰੂਪ ਲੈਂਦੀ ਹੈ ਤਾਂ ਸਮਰਥਨ-ਸ਼ਕਤੀ ਦੇ ਲਈ ਕਈ ਛੋਟੇ ਦੇਸ਼ ਨਾਲ ਆਉਣਾ ਚਾਹੁਣਗੇ। ਤਿੰਨ ਜਾਂ ਵੱਧ ਧੁਰਿਆਂ 'ਚ ਵੰਡੀ ਦੁਨੀਆ 'ਚ ਜਲਵਾਯੂ ਤਬਦੀਲੀ ਤੇ ਜਿਹਾਦੀ ਅੱਤਵਾਦ ਦੀ ਰੋਕਥਾਮ ਵਰਗੀਆਂ ਵਿਸ਼ਵ ਪੱਧਰੀ ਚੁਣੌਤੀਆਂ 'ਤੇ ਹੁਣ ਖੇਤਰੀ ਸਹਿਯੋਗ ਬਣਾਉਣਾ ਵੱਧ ਮਹੱਤਵਪੂਰਨ ਹੋ ਜਾਵੇਗਾ। ਇਸ ਤੋਂ ਇਲਾਵਾ ਇਸ ਸਾਲ ਦੀ ਸਭ ਤੋਂ ਵੱਡੀ ਦਿਸ਼ਾ ਤਬਦੀਲੀ ਏਆਈ ਦਾ ਆਰਥਿਕ ਸਰਗਰਮੀ ਦੇ ਹਰ ਖੇਤਰ 'ਚ ਸਰਗਰਮ ਹੋ ਜਾਣਾ ਹੈ। 30 ਸਾਲ ਪੁਰਾਣੀ ਸੂਚਨਾ ਤਕਨੀਕੀ ਕ੍ਰਾਂਤੀ ਤੋਂ ਬਾਅਦ ਇਹ ਉਸ ਤੋਂ ਵੀ ਵੱਡੀ ਕ੍ਰਾਂਤੀ ਹੈ, ਜੋ ਖੋਜ ਤੋਂ ਲੈ ਕੇ ਨਿਰਮਾਣ ਤੇ ਖ਼ਪਤ ਤੱਕ ਉਤਪਾਦਨ ਦੇ ਹਰ ਪਹਿਲੂ ਨੂੰ ਤੇ ਕੰਮਕਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

# ਨਵੇਂ ਬਿਜਲੀ ਸੋਧ ਬਿੱਲ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕਿਉਂ ?

**ਪ੍ਰੋ. ਮੇਹਰ ਮਾਣਕ**

ਪੰਜਾਬ ਵਿੱਚ ਖੇਤੀਬਾੜੀ, ਘਰੇਲੂ ਤੇ ਸਨਅਤੀ ਖੇਤਰਾਂ 'ਚ ਬਿਜਲੀ ਦੀ ਖਪਤ ਬਹੁਤ ਜ਼ਿਆਦਾ ਹੈ, ਜਿਸ ਨੂੰ ਗਰਮੀਆਂ ਵਿੱਚ 14,500 ਮੈਗਾਵਾਟ ਤੋਂ ਵੱਧ ਬਿਜਲੀ ਦੀ ਲੋੜ ਪੈਂਦੀ ਹੈ ਅਤੇ ਇਹ ਅੰਕੜੇ ਸਮੇਂ ਤੇ ਸਾਲਾਨਾ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ। ਭਾਵੇਂ ਉਦਯੋਗਿਕ ਖੇਤਰ 'ਚ ਵੀ ਬਿਜਲੀ ਦੀ ਵੱਡੀ ਖਪਤ ਹੁੰਦੀ ਹੈ ਪਰ ਪੰਜਾਬ ਵਿੱਚ ਖੇਤੀਬਾੜੀ ਸੈਕਟਰ ਬਿਜਲੀ ਦਾ ਸਭ ਤੋਂ ਵੱਡਾ ਖਪਤਕਾਰ ਹੈ। ਜਿਸ ਕਰਕੇ ਪੰਜਾਬ 'ਚ ਬਿਜਲੀ ਦੇ ਮਸਲਿਆਂ ਨੂੰ ਗੰਭੀਰਤਾ ਨਾਲ਼ ਲਿਆ ਜਾਂਦਾ ਹੈ। ਅੱਜਕੱਲ੍ਹ ਬਿਜਲੀ ਸੋਧ ਬਿੱਲ 2025 ਖ਼ੂਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਕਿਸਾਨ ਜਥੇਬੰਦੀਆਂ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਹਨ। ਇਸ ਵਿਰੋਧ ਦੀ ਵਜ੍ਹਾ ਜਾਨਣ, ਇਸ ਮਸਲੇ ਨੂੰ ਵਿਚਾਰਨ ਅਤੇ ਖ਼ਾਸ ਕਰਕੇ ਨਵੇਂ ਬਿੱਲ 'ਤੇ ਚਰਚਾ ਕਰਨ ਤੋਂ ਪਹਿਲਾਂ ਬਿਜਲੀ ਐਕਟ ਦੇ ਇਤਿਹਾਸ 'ਤੇ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ।

ਜਦੋਂ ਦੇਸ਼ ਆਜ਼ਾਦ ਹੋਣ ਤੋਂ ਬਾਅਦ 1948 'ਚ ਬਿਜਲੀ ਐਕਟ ਬਣਿਆ ਤਾਂ ਬਿਜਲੀ ਵਰਤਣ ਵਾਲਿਆਂ ਦੀਆਂ ਦੋ ਕਿਸਮਾਂ ਬਣਾਈਆਂ ਗਈਆਂ ਸਨ। ਪਹਿਲੀ ਕਿਸਮ ਘਰੇਲੂ ਬਿਜਲੀ ਵਰਤਣ ਵਾਲਿਆਂ ਦੀ ਹੋਣ ਕਰਕੇ ਸਰਕਾਰ ਨੇ ਇਨ੍ਹਾਂ ਲੋਕਾਂ ਲਈ ਸਬਸਿਡੀ ਵਾਲੀ ਸਸਤੀ ਬਿਜਲੀ ਮੁੱਹਈਆ ਕਰਵਾਈ। ਦੂਸਰੀ ਕਿਸਮ ਬਿਜਲੀ ਨੂੰ ਮੁਨਾਫ਼ਾ ਕਮਾਉਣ ਲਈ ਵਰਤਣ ਵਾਲੇ ਉਦਯੋਗਪਤੀਆਂ, ਕਾਰੋਬਾਰੀ ਘਰਾਣਿਆਂ ਤੇ ਵਪਾਰੀਆਂ ਦੀ ਸੀ, ਜਿਨ੍ਹਾਂ ਤੋਂ ਬਿਜਲੀ ਦੇ ਤਹਿ ਰੇਟ ਤੋਂ ਵੱਧ ਪੈਸੇ ਵਸੂਲੇ ਜਾਂਦੇ ਸਨ ਅਤੇ ਇਹ ਰਕਮ ਆਮ ਲੋਕਾਂ ਨੂੰ ਸਸਤੀ ਬਿਜਲੀ ਦੇਣ 'ਤੇ ਖਰਚੀ ਜਾਂਦੀ ਸੀ। ਨਹਿਰੂ ਦੀਆਂ ਸਮਾਜ ਭਲਾਈ ਵਾਲੀਆਂ ਨੀਤੀਆਂ ਕਈ ਦਹਾਕੇ ਜਾਰੀ ਰਹਿਣ ਬਾਅਦ ਸਮਾਂ ਬੀਤਣ 'ਤੇ 'ਵੈਲਫੇਅਰ ਸਟੇਟ' ਦਾ ਚਰਿੱਤਰ ਅਲੋਪ ਹੋ ਗਿਆ, ਨਵੇਂ ਸੰਸਾਰੀਕਰਨ ਦੇ ਦੌਰ 'ਚ ਮਨਮੋਹਨ ਸਿੰਘ ਨੇ ਸਮਾਜ ਭਲਾਈ ਦੀ ਥਾਂ ਵਪਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਅਪਣਾਈਆਂ। ਕੇਂਦਰ ਸਰਕਾਰ ਨੇ ਬਿਜਲੀ ਐਕਟ ਵਿੱਚ ਸੋਧ ਕਰਦਿਆਂ 2003 'ਚ ਬਿਜਲੀ ਕਾਨੂੰਨ ਲਿਆਂਦਾ ਤੇ ਨਿੱਜੀ ਅਦਾਰਿਆਂ ਨੂੰ ਬਿਜਲੀ ਖੇਤਰ ਵਿੱਚ ਨਿਵੇਸ਼ ਕਰਨ ਦਾ ਮੌਕਾ ਦਿੱਤਾ। ਭਾਵੇਂ ਵੱਡੀ ਪੱਧਰ 'ਤੇ ਪ੍ਰਾਈਵੇਟ ਅਦਾਰੇ ਇਸ ਖੇਤਰ 'ਚ ਦਾਖਲ ਹੋਏ ਪਰ ਬਿਜਲੀ ਵੰਡ ਦਾ ਖੇਤਰ ਸਰਕਾਰ ਦੇ ਅਧੀਨ ਹੀ ਰਿਹਾ। ਨਿੱਜੀ ਅਦਾਰੇ ਬਿਜਲੀ ਵੰਡ ਦੇ ਖੇਤਰ ਨੂੰ ਕਈ ਅੜਿੱਕਿਆਂ ਕਾਰਨ ਆਪਣੇ ਅਧੀਨ ਨਹੀਂ ਲੈਣਾ ਚਾਹੁੰਦੇ ਸਨ।




ਇਨ੍ਹਾਂ ਅੜਿੱਕਿਆਂ ਨੂੰ ਹਟਾਉਣ ਲਈ ਕੇਂਦਰ ਸਰਕਾਰ 2019 ਤੋਂ ਲਗਾਤਾਰ ਯਤਨਸ਼ੀਲ ਹੈ, ਉਸ ਨੂੰ 2020 'ਚ ਵਿਆਪਕ ਵਿਰੋਧ ਕਾਰਨ ਬਿਜਲੀ ਸੋਧ ਬਿੱਲ 2019 ਵਾਪਸ ਲੈਣਾ ਪਿਆ। ਕੇਂਦਰ ਸਰਕਾਰ ਨੇ 2022 'ਚ ਬਿਜਲੀ ਸੋਧ ਬਿੱਲ ਲਿਆ ਕੇ ਸਬਸਿਡੀਆਂ ਤੇ ਕਰੌਸ ਸਬਸਿਡੀ ਨੂੰ ਖ਼ਤਮ ਕਰਕੇ ਬਿਜਲੀ ਵੰਡ ਦੇ ਖੇਤਰ ਪੂਰੀ ਤਰ੍ਹਾਂ ਨਿੱਜੀ ਅਦਾਰਿਆਂ ਨੂੰ ਦੇਣ ਦੀਆਂ ਮੱਦਾਂ ਸ਼ਾਮਿਲ ਕਰ ਦਿੱਤੀਆਂ। ਹੁਣ ਕੇਂਦਰ ਸਰਕਾਰ ਮੁੜ ਤੋਂ ਬਿਜਲੀ ਸੋਧ ਬਿੱਲ 2025 ਲੈ ਕੇ ਆਈ ਹੈ। ਕੇਂਦਰ ਇਸ ਬਿੱਲ ਨੂੰ ਲਾਗੂ ਕਰਨ ਲਈ ਕਾਹਲਾ ਹੈ, ਕਿਉਂਕਿ ਇਹ ਵਿਕਾਸ ਮਾਡਲ ਦੇ ਅਧੀਨ ਪ੍ਰਾਈਵੇਟ ਅਜਾਰੇਦਾਰੀ ਤੇ ਨਿੱਜੀਕਰਨ ਲਈ ਰਸਤੇ ਖੋਲ੍ਹਦਾ ਹੈ। ਇਸ ਬਿੱਲ ਦਾ ਸੈਕਸ਼ਨ 14 ਬਿਜਲੀ ਵੰਡ, ਟਰਾਂਸਮਿਸ਼ਨ ਤੇ ਵਪਾਰ ਕਰਨ ਨਾਲ ਸਬੰਧਿਤ ਹੈ, ਇਸ ਦੀ 6ਵੀਂ ਮੱਦ ਅਨੁਸਾਰ ਕਿਸੇ ਇੱਕ ਖੇਤਰ ਵਿੱਚ ਬਿਜਲੀ ਵੰਡ ਦੇ ਲਈ ਇੱਕ ਤੋਂ ਵੱਧ ਲਾਇਸੰਸ ਧਾਰਕ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਵੱਖਰਾ ਵੰਡ ਢਾਂਚਾ ਉਸਾਰਨ ਦੀ ਕੋਈ ਲੋੜ ਨਹੀਂ ਹੈ। ਜਦਕਿ ਕਿਸੇ ਖੇਤਰ 'ਚ ਜੇਕਰ ਇੱਕ ਤੋਂ ਵੱਧ ਲਾਇਸੰਸ ਧਾਰਕ ਹੋਣ ਤਾਂ ਉਨ੍ਹਾਂ ਨੂੰ ਆਪੋ ਆਪਣਾ ਵੰਡ ਢਾਂਚਾ ਉਸਾਰਨਾ ਪੈਂਦਾ ਹੈ। ਪਰ ਨਵੇਂ ਬਿੱਲ ਅਨੁਸਾਰ ਉਹ ਪਹਿਲਾਂ ਤੋਂ ਚੱਲ ਰਹੇ ਬਿਜਲੀ ਵੰਡ ਢਾਂਚੇ ਰਾਹੀਂ ਹੀ ਆਪਣੀ ਬਿਜਲੀ ਸਪਲਾਈ ਕਰ ਸਕਦੇ ਹਨ ਅਤੇ ਇਕੋ ਮੀਟਰ ਦੇ ਬਕਸੇ ਵਿੱਚ ਇੱਕ ਤੋਂ ਵੱਧ ਕੰਪਨੀਆਂ ਦੀ ਬਿਜਲੀ ਆਵੇਗੀ ਤੇ ਗਾਹਕ ਅਲੱਗ-ਅਲੱਗ ਕੰਪਨੀਆਂ ਤੋਂ ਬਿਜਲੀ ਖਰੀਦ ਸਕਣਗੇ। ਇਸ ਤਰ੍ਹਾਂ ਉਹ ਇਕੋ ਬਿਜਲੀ ਸਪਲਾਈ ਦੇ ਵਿਚੋਂ ਹੀ ਅਲੱਗ-ਅਲੱਗ ਕੰਪਨੀਆਂ ਤੋਂ ਬਿਜਲੀ ਲੈ ਸਕਣਗੇ। ਇਸ ਤੋਂ ਇਲਾਵਾ ਇਸ ਬਿੱਲ ਵਿੱਚ ਬਿਜਲੀ ਐਕਟ ਦੀ ਧਾਰਾ 15 ਦੀ ਉਪ-ਧਾਰਾ (2) ਨੂੰ ਰੱਦ ਕਰਨ ਦਾ ਪ੍ਰਸਤਾਵ ਹੈ, ਜਿਸ ਤਹਿਤ ਪਹਿਲਾਂ ਰੱਖਿਆ ਖੇਤਰ ਵਿੱਚ ਕਿਸੇ ਪ੍ਰਾਈਵੇਟ ਕੰਪਨੀ ਨੂੰ ਬਿਜਲੀ ਸਪਲਾਈ ਕਰਨ ਲਈ ਕੇਂਦਰ ਸਰਕਾਰ ਤੋਂ 'ਕੋਈ ਇਤਰਾਜ਼ ਨਹੀਂ' ਦਾ ਸਰਟੀਫਿਕੇਟ ਲੈਣਾ ਪੈਂਦਾ ਸੀ ਪਰ ਹੁਣ ਰੱਖਿਆ ਖੇਤਰ ਵਿੱਚ ਵੀ ਬਿਜਲੀ ਕੰਪਨੀਆਂ ਬਿਨਾਂ ਉਕਤ ਸਰਟੀਫਿਕੇਟ ਲਏ ਬਿਜਲੀ ਵੇਚ ਸਕਣਗੀਆਂ।

ਯੂਨੀਵਰਸਲ ਸਰਵਿਸ ਓਬਲੀਗੇਸ਼ਨ (ਯੂ.ਐੱਸ.ਓ.) ਨੀਤੀ ਤਹਿਤ ਸਭ ਖਪਤਕਾਰਾਂ ਲਈ ਇੱਕ ਬਰਾਬਰ ਮਿਆਰੀ ਬਿਜਲੀ ਸੇਵਾ ਦੇਣੀ ਹੁੰਦੀ ਹੈ ਪਰ ਇਸ ਨਵੇਂ ਬਿਜਲੀ ਸੋਧ ਬਿੱਲ ਵਿੱਚ ਲਾਈਸੈਂਸੀ ਨੂੰ ਇਹ ਛੋਟ ਦਿੱਤੀ ਗਈ ਹੈ ਕਿ ਜੇਕਰ ਕਿਸੇ ਨੇ ਇੱਕ ਮੈਗਾਵਾਟ ਤੱਕ ਬਿਜਲੀ ਵਰਤਣੀ ਹੈ ਤੇ ਉਹ ਓਪਨ ਮੰਡੀ 'ਚੋਂ ਕਿਤੋਂ ਵੀ ਬਿਜਲੀ ਲੈ ਸਕਦਾ ਹੈ। ਹੁਣ ਵੱਡੇ ਗਾਹਕ ਆਪਣੀ ਆਰਥਕ ਤਾਕਤ ਦੇ ਜ਼ੋਰ ਨਾਲ ਕਿਤੋਂ ਵੀ ਹੋਰ ਬਿਜਲੀ ਖਰੀਦ ਸਕਣਗੇ ਅਤੇ ਆਮ ਗਾਹਕ ਪ੍ਰਾਈਵੇਟ ਵੰਡ ਕੰਪਨੀਆਂ ਤੇ ਰਹਿਮੋ ਕਰਮ 'ਤੇ ਨਿਰਭਰ ਹੋ ਜਾਣਗੇ। ਸਰਕਾਰ ਦੀ ਦਲੀਲ ਹੈ ਕਿ ਬਿਜਲੀ ਦੀਆਂ ਵੱਧ ਕੀਮਤਾਂ ਜਿੱਥੇ ਉਦਯੋਗਿਕ ਵਿਕਾਸ ਵਿੱਚ ਅੜਿੱਕਾ ਪਾਉਂਦੀਆਂ ਹਨ, ਉੱਥੇ ਇਹ ਵਿਦੇਸ਼ੀ ਨਿਵੇਸ਼ ਵਿੱਚ ਵੀ ਅੜਿੱਕਾ ਬਣਦੀਆਂ ਹਨ ਤੇ ਭਾਰਤ ਦੀ ਗਲੋਬਲ ਸਪਲਾਈ ਚੇਨ ਵਿਚਲੀ ਸਥਿਤੀ ਨੂੰ ਕਮਜ਼ੋਰ ਕਰਦੀਆਂ ਹਨ। ਅਜਿਹੀ ਸਥਿਤੀ ਵਿੱਚ ਉਦਯੋਗਿਕ ਵਿਕਾਸ ਨੂੰ ਮੁਕਾਬਲੇ ਯੋਗ ਬਣਾਉਣ, ਨਿਵੇਸ਼ ਖਿੱਚਣ ਤੇ ਹੰਢਣਸਾਰ ਆਰਥਿਕ ਵਿਕਾਸ ਲਈ ਅਜਿਹਾ ਕਰਨਾ ਜ਼ਰੂਰੀ ਹੈ। ਸੰਸਾਰ ਮੰਡੀ ਵਿੱਚ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਬਣਾਉਣ ਬਾਰੇ ਸਰਕਾਰ ਦੀ ਇਹ ਪਹੁੰਚ ਕਿਹੋ ਜਿਹੇ ਸਿੱਟੇ ਕੱਢੇਗੀ ਇਹ ਤਾਂ ਸਮਾਂ ਹੀ ਦੱਸੇਗਾ।

ਬਿੱਲ ਦੀ ਧਾਰਾ 61(7) ਬਿਜਲੀ ਨੂੰ ਨਿਰੋਲ ਵਪਾਰਕ ਨਜ਼ਰੀਏ ਨਾਲ ਵੇਖਦੀ ਹੈ। ਬਿਜਲੀ ਖੇਤਰ ਦੀ ਵਿੱਤੀ ਹਾਲਤ ਨੂੰ ਠੀਕ ਰੱਖਣ ਲਈ ਇਸ ਵਿੱਚ ਬਿਜਲੀ ਰੈਗੂਲੇਟਰਸ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਬਿਜਲੀ ਦੀ ਲਾਗਤ ਕੀਮਤ ਵਿੱਚ ਪੈ ਰਹੇ ਘਾਟੇ ਨੂੰ ਪੂਰਾ ਕਰ ਸਕਦਾ ਹੈ, ਤਾਂ ਕਿ ਵੰਡ ਕੰਪਨੀਆਂ ਨੂੰ ਵਿੱਤੀ ਘਾਟਾ ਨਾ ਸਹਿਣਾ ਪਵੇ। ਇਸ ਤਰ੍ਹਾਂ ਬਿਜਲੀ ਮਹਿੰਗੀ ਹੋਣ ਦੀ ਵੱਡੀ ਸੰਭਾਵਨਾ ਹੈ, ਭਾਵੇਂ ਕਿ ਸੈਕਸ਼ਨ 65 ਵਿੱਚ ਸੂਬਾ ਸਰਕਾਰਾਂ ਵੱਲੋਂ ਲੋੜਵੰਦਾਂ ਨੂੰ ਸਬਸਿਡੀਆਂ ਦੇਣ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ਼ ਹੀ ਕਰੌਸ ਸਬਸਿਡੀਆਂ ਤੇ ਸਰਚਾਰਜ ਜੋ ਉਤਪਾਦਨ ਤੇ ਜਨਤਕ ਟਰਾਂਸਪੋਰਟ 'ਤੇ ਲਗਦਾ ਹੈ, ਉਸ ਨੂੰ 5 ਸਾਲਾਂ ਵਿੱਚ ਖ਼ਤਮ ਕਰਨ ਬਾਰੇ ਕਿਹਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੂਖਮ, ਛੋਟੇ ਤੇ ਦਰਮਿਆਨੇ ਕਾਰੋਬਾਰ ਦੀ ਉਦਯੋਗਿਕ ਪੈਦਾਵਾਰ ਦੀ ਕੀਮਤ ਘਟਾਉਣ ਲਈ ਉਨ੍ਹਾਂ ਨੂੰ ਸਸਤੀ ਬਿਜਲੀ ਲਾਜ਼ਮੀ ਦੇਣ ਦੀ ਗੱਲ ਕਹੀ ਗਈ ਹੈ ਤਾਂ ਕਿ ਉਹ ਇਸ ਮੁਕਾਬਲੇ ਵਿੱਚ ਖੜ੍ਹੋ ਸਕਣ, ਪਰ ਅਜੋਕੇ ਖੁੱਲੀ ਮੰਡੀ ਦੇ ਅਸਾਵੇਂ ਮੁਕਾਬਲੇ 'ਚ ਇਹ ਸੰਭਵ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਸ ਬਿੱਲ ਦੀ ਧਾਰਾ 64 (1) ਅਨੁਸਾਰ ਬਿਜਲੀ ਦੇ ਰੇਟ ਹਰ ਵਿੱਤੀ ਸਾਲ ਵਿਚ ਤੈਅ ਹੋਣਗੇ ਤੇ ਬਿਜਲੀ ਦੇ ਰੇਟ ਵਧਣ ਦੀ ਸਭ ਤੋਂ ਜ਼ਿਆਦਾ ਮਾਰ ਸਮਾਜ ਦੇ ਹੇਠਲੇ ਤਬਕਿਆਂ 'ਤੇ ਪਵੇਗੀ।

ਇਸ ਨਵੇਂ ਬਿੱਲ ਦੀ ਧਾਰਾ 166 ਵਿੱਚ ਇੱਕ ਨਵੀਂ ਉਪ ਧਾਰਾ (1ਏ) ਜੋੜੀ ਗਈ ਹੈ, ਜਿਸ ਤਹਿਤ ਕੇਂਦਰ ਸਰਕਾਰ ਇਲੈਕਟਰੀਸਿਟੀ ਕੌਂਸਲ ਬਣਾਵੇਗੀ, ਜਿਸ ਦਾ ਮੁਖੀ ਕੇਂਦਰ ਸਰਕਾਰ ਦਾ ਬਿਜਲੀ ਮੰਤਰੀ ਹੋਵੇਗਾ। ਇਸ ਦੇ ਜ਼ਿਆਦਾਤਰ ਅਧਿਕਾਰੀ ਕੇਂਦਰ ਦੇ ਵੱਖ-ਵੱਖ ਮਹਿਕਮਿਆਂ ਦੇ ਸੈਕਟਰੀ ਹੋਣਗੇ। ਇਸ ਬਿੱਲ ਵਿੱਚ ਬਿਜਲੀ ਨੂੰ ਭਾਰਤੀ ਸੰਵਿਧਾਨ ਦੀ 7ਵੀਂ ਧਾਰਾ ਤਹਿਤ 'ਸਮਵਰਤੀ ਸੂਚੀ' ਵਿੱਚ ਰੱਖਿਆ ਗਿਆ ਹੈ, ਭਾਵ ਇਸ 'ਤੇ ਕੇਂਦਰ ਤੇ ਸੂਬਿਆਂ ਦੋਹਾਂ ਦਾ ਅਧਿਕਾਰ ਹੋਣ ਕਰਕੇ ਇਸ ਸੰਬੰਧੀ ਸਰਕਾਰਾਂ ਕਾਨੂੰਨ ਬਣਾਉਣ ਦਾ ਹੱਕ ਰੱਖਦੀਆਂ ਹਨ। ਭਾਵੇਂ ਕੇਂਦਰ ਵਲੋਂ ਇਸ ਬਿੱਲ ਦਾ ਉਦੇਸ਼ ਮੁਕਾਬਲੇ, ਕਾਰਗੁਜ਼ਾਰੀ ਤੇ ਬਿਜਲੀ ਸਪਲਾਈ ਨੂੰ ਬਿਹਤਰ ਬਣਾਉਣਾ ਦੱਸਿਆ ਜਾ ਰਿਹਾ ਹੈ ਅਤੇ ਇਹ ਕਿਸੇ ਵੀ ਕਿਸਮ ਦੀ ਸਬਸਿਡੀ ਨੂੰ ਸਿੱਧੇ ਤੌਰ 'ਤੇ ਖ਼ਤਮ ਨਹੀਂ ਕਰਦਾ ਪਰ ਨਿੱਜੀਕਰਨ ਦੀਆਂ ਨੀਤੀਆਂ ਮੁਨਾਫ਼ੇ 'ਤੇ ਅਧਾਰਿਤ ਹੁੰਦੀਆਂ ਹਨ। ਇਸ ਤੋਂ ਇਲਾਵਾ ਜਨਤਕ ਸੈਕਟਰ ਦੀ ਜਾਇਦਾਦ ਵੀ ਸਹਿਜੇ-ਸਹਿਜੇ ਪ੍ਰਾਈਵੇਟ ਅਦਾਰਿਆਂ ਦੀ ਮਲਕੀਅਤ ਬਣ ਜਾਵੇਗੀ ਅਤੇ ਸੂਬੇ ਦਾ ਅਵਾਮ ਨਿੱਜੀ ਕੰਪਨੀਆਂ ਦੀ ਮਨਮਰਜ਼ੀ ਦੀ ਮਾਰ ਹੇਠ ਆ ਜਾਵੇਗਾ। ਇਨ੍ਹਾਂ ਸਾਰੇ ਮਸਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨ ਜਥੇਬੰਦੀਆਂ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਹਨ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿਸ ਵਿੱਚ ਬਿਜਲੀ ਦੀ ਜ਼ਿਆਦਾ ਖਪਤ ਹੋ ਰਹੀ ਹੈ। ਇਹ ਮਸਲਾ ਪੰਜਾਬ ਦੇ ਪੇਂਡੂ ਅਰਥਚਾਰੇ ਨਾਲ ਜੁੜਿਆ ਹੋਣ ਕਰਕੇ ਸੂਬਾ ਸਰਕਾਰ ਨੂੰ ਆਪਣੇ ਸੂਬਾਈ ਸੰਵਿਧਾਨਕ ਅਧਿਕਾਰਾਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

# 'ਜੀ ਰਾਮ ਜੀ ਅਤੇ ਮਨਰੇਗਾ' ਦੀ ਪੇਂਡੂ ਵਿਕਾਸ ਲਈ ਮਹੱਤਤਾ



**ਸ.ਸ. ਛੀਨਾ**

ਪਹਿਲਾ ਪੇਂਡੂ ਰੁਜ਼ਗਾਰ ਵਿੱਚ ਵਾਧਾ ਕਰਨ ਲਈ ਕਈ ਮੰਜ਼ਲਾਂ ਤਹਿ ਕੀਤੀਆਂ ਸਨ ਜਿਵੇਂ ਰੂਰਲ ਮੈਨ ਪਾਵਰ ਪ੍ਰੋਗਰਾਮ 1960, ਕਰੈਸ਼ ਸਕੀਮ ਫਾਰ ਰੂਰਲ ਅਮਪਲਾਇਮੈਂਟ 1971 ਫਿਰ 1980 ਵਿੱਚ ਨੈਸ਼ਨਲ ਰੂਰਲ ਅਮਪਲਾਇਮੈਂਟ ਪ੍ਰੋਗਰਾਮ, ਜਵਾਹਰ ਰੁਜ਼ਗਾਰ ਯੋਜਨਾ 1993, ਸੰਪੂਰਨ ਰੁਜ਼ਗਾਰ ਯੋਜਨਾ 1999 ਪਰ ਇਨ੍ਹਾਂ ਨੂੰ ਕਨੂੰਨੀ ਗਰੰਟੀ ਨਹੀਂ ਸੀ। ਮਨਰੇਗਾ (ਮਹਾਤਮਾ ਗਾਂਧੀ ਰੋਜ਼ਗਾਰ ਗਰੰਟੀ) ਨੂੰ 2006 ਵਿੱਚ ਪਹਿਲਾ ਭਾਰਤ ਦੇ 50 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਪੰਜਾਬ ਦਾ ਲੁਧਿਆਣਾ ਜ਼ਿਲ੍ਹਾ ਲਿਆ ਗਿਆ ਸੀ ਬਾਅਦ ਵਿੱਚ ਇਸ ਨੂੰ ਵਧਾਉਂਦਿਆਂ ਹੋਇਆ ਪੂਰੇ ਭਾਰਤ ਦੇ ਹਰ ਜ਼ਿਲ੍ਹੇ ਅਤੇ ਹਰ ਬਲਾਕ ਵਿੱਚ ਇਸ ਨੂੰ ਲਾਗੂ ਕਰ ਲਿਆ ਗਿਆ। ਇਹ ਡਾ. ਮਨਮੋਹਨ ਸਿੰਘ, ਉਸ ਵਕਤ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਇੱਕ ਨਵਾਂ ਵਿਚਾਰ ਦਿੱਤਾ ਗਿਆ ਜੋ ਬਹੁਤ ਉਪਯੋਗੀ ਸੀ। ਹੁਣ ਇਸ ਦਾ ਨਾਂ ਬਦਲ ਕੇ ਇਸ ਨੂੰ ਜੀ ਰਾਮ ਜੀ ਗਰਾਮ ਰੁਜ਼ਗਾਰ ਉਪਜੀਵਕਾ ਮਿਸ਼ਨ (ਰੁਜ਼ਗਾਰ ਅਤੇ ਉਪਜੀਵਕਾ ਮਿਸ਼ਨ) ਨਾਲ ਬਦਲ ਕੇ ਉਸ ਵਿੱਚ ਮਾਮੂਲੀ ਤਬਦੀਲੀਆਂ ਕੀਤੀਆਂ ਹਨ। ਨਾਂਅ ਵਿੱਚ ਕੀ ਰੱਖਿਆ ਹੈ, ਅਸਲ ਵਿੱਚ ਇਸ ਦੇ ਸਿੱਟੇ ਇਸ ਦੇ ਲਾਗੂ ਹੋਣ ਨਾਲ ਸੰਬੰਧਿਤ ਹਨ। 2006 ਤੋਂ ਜਦੋਂ ਤੋਂ ਇਸ ਸਕੀਮ ਨਾਲ ਨਵੀਂ ਖਰੀਦ ਸ਼ਕਤੀ ਦਿੱਤੀ ਗਈ। ਇੱਕ ਨਹੀਂ ਬਹੁਤ ਰਿਪੋਰਟਾਂ ਵਿੱਚ ਇਹ ਗੱਲ ਆਈ ਹੈ ਕਿ ਇਸ ਸਕੀਮ ਨੇ ਪਿੰਡਾਂ ਵਿੱਚ ਆਮ ਵਸਤੂਆਂ ਦੀ ਮੰਗ ਵਿੱਚ ਵਾਧਾ ਕੀਤਾ ਹੈ।




ਮਨਰੇਗਾ ਵਿੱਚ ਪਿੰਡ ਦੀ ਪੰਚਾਇਤ ਵੱਲੋਂ ਇੱਕ ਪ੍ਰੀਵਾਰ ਦੇ ਕਿਸੇ ਮੈਂਬਰ ਨੂੰ ਸਾਲ ਵਿੱਚ 100 ਦਿਨ ਲਈ ਨਿਰਧਾਰਤ ਰੋਜ਼ਾਨਾ ਉਜਰਤ ਤੇ 100 ਦਿਨ ਦਾ ਰੁਜ਼ਗਾਰ ਦਿੱਤਾ ਜਾਂਦਾ ਸੀ, ਉਹ ਰੋਜ਼ਾਨਾ ਉਜਰਤ 271 ਰੁਪਏ ਪ੍ਰਤੀ ਦਿਨ ਸੀ। ਪਰ ਜੀ ਰਾਮ ਜੀ ਬਿੱਲ ਨਾਲ ਉਹ ਸਾਲ ਵਿੱਚ 125 ਦਿਨ ਦੇ ਰੁਜ਼ਗਾਰ ਦੀ ਵਿਵਸਥਾ ਹੈ। ਪਰ ਮਨਰੇਗਾ ਵਿੱਚ ਪ੍ਰਾਂਤ ਸਰਕਾਰ ਨੂੰ ਸਿਰਫ਼ 10 ਫ਼ੀਸਦੀ ਹਿੱਸਾ ਪਾਉਣਾ ਪੈਂਦਾ ਸੀ ਬਾਕੀ 90 ਫ਼ੀਸਦੀ ਕੇਂਦਰ ਸਰਕਾਰ ਦਿੰਦੀ ਸੀ ਪਰ ਜੀ ਰਾਮ ਜੀ ਬਿੱਲ ਨਾਲ ਪ੍ਰਾਂਤਾਂ ਦੇ ਹਿੱਸੇ ਨੂੰ ਵਧਾ ਕੇ 40 ਫ਼ੀਸਦੀ ਕਰ ਦਿੱਤਾ ਗਿਆ ਹੈ। ਪ੍ਰਾਂਤਾਂ ਦੀਆਂ ਬਹੁਤੀਆਂ ਸਰਕਾਰਾਂ ਦੇ ਸਾਧਨ ਘੱਟ ਹੋਣ ਕਰਕੇ ਉਹ ਕਰਜ਼ੇ ਦੇ ਵੱਡੇ ਬੋਝ ਹੇਠਾਂ ਹਨ। ਮਨਰੇਗਾ ਦਾ ਲਾਭ ਵੀ ਸਾਰੀਆਂ ਸਰਕਾਰਾਂ ਬਰਾਬਰ ਨਹੀਂ ਸਨ ਲੈ ਸਕੀਆਂ। ਕਈ ਪ੍ਰਾਂਤਾਂ ਨੇ ਇਸ ਦਾ ਬਹੁਤ ਲਾਭ ਲਿਆ ਸੀ ਪਰ ਕਈ ਸਰਕਾਰਾਂ ਨੇ ਨਾ ਮਾਤਰ ਹੀ ਲਾਭ ਲਿਆ ਸੀ। ਦੇਸ਼ ਵਿੱਚ ਇਹ ਵੱਡੀ ਮੰਗ ਸੀ ਕਿ ਇਸ ਵਿੱਚ ਦਿਨਾਂ ਦੀ ਗਿਣਤੀ 100 ਤੋਂ ਵਧਾ ਕੇ 200 ਕਰਨੀ ਚਾਹੀਦੀ ਹੈ। 125 ਦਿਨਾਂ ਨਾਲ ਪੇਂਡੂ ਰੁਜ਼ਗਾਰ ਤੇ ਬਹੁਤਾ ਪ੍ਰਭਾਵ ਨਹੀਂ ਪੈਣਾ ਕਿਉਂ ਜੋ ਪਿੰਡਾਂ ਵਿੱਚ ਖੇਤੀ ਹੀ ਇੱਕ ਮੁੱਖ ਪੇਸ਼ਾ ਹੈ ਪਰ ਪਿਛਲੇ 30 ਸਾਲ ਤੋਂ ਖੇਤੀ ਵਿਚ ਫ਼ਸਲ ਚੱਕਰ ਥੋੜੀਆਂ ਫ਼ਸਲਾਂ ਤੇ ਸੀਮਤ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਮਸ਼ੀਨੀਕਰਨ ਨਾਲ ਖੇਤੀ ਦਾ ਕੰਮ ਘਟ ਗਿਆ ਹੈ। ਅੱਜ ਕੱਲ੍ਹ ਖੇਤੀ ਦਾ ਕੰਮ ਜਿਹੜਾ ਫ਼ਸਲ ਵਿਭਿੰਨਤਾ ਕਰਕੇ ਸਾਰਾ ਸਾਲ ਚਲਦਾ ਰਹਿੰਦਾ ਸੀ, ਉਹ 30 ਤੋਂ 40 ਦਿਨ ਤੱਕ ਸਿਮਟ ਗਿਆ ਹੈ। ਉਸ ਤਰ੍ਹਾਂ ਵੀ ਦਿਨ ਵਿਚ 8 ਘੰਟੇ ਦੀ ਬਜਾਏ, ਦੋ ਤਿੰਨ ਘੰਟਿਆਂ ਤੱਕ ਸੀਮਤ ਹੋ ਗਿਆ ਹੈ। ਇਸ ਪ੍ਰਕਾਰ ਪੇਂਡੂ ਰੁਜ਼ਗਾਰ ਵਿੱਚ ਬੇਰੁਜ਼ਗਾਰੀ ਦੇ ਨਾਲ ਵੱਡੀ ਅਰਧ ਬੇਰੁਜ਼ਗਾਰੀ ਹੋ ਗਈ ਹੈ।

ਪਿੰਡਾਂ ਵਿੱਚ ਉਦਯੋਗੀਕਰਨ ਦੀ ਰਫ਼ਤਾਰ ਬਹੁਤ ਹੀ ਸੁਸਤ ਹੈ। ਪਿੰਡਾਂ ਦੇ ਕਿਰਤੀ ਰੁਜ਼ਗਾਰ ਦੀ ਖਾਤਰ ਦੂਰ ਸ਼ਹਿਰਾਂ ਵਿੱਚ ਜਾਂਦੇ ਹਨ। ਕਰੋਨਾ ਕਾਲ ਦੇ ਸਮੇਂ ਜਦੋਂ ਸ਼ਹਿਰਾਂ ਵਿੱਚ ਵੀ ਉਦਯੋਗ ਬੰਦ ਹੋ ਗਏ ਤਾਂ ਉਹ ਕਿਰਤੀ ਫਿਰ ਆਪਣੇ ਪਿੰਡਾਂ ਵਿੱਚ ਵਾਪਸ ਆ ਗਏ। ਉਸ ਸਮੇਂ ਮਨਰੇਗਾ ਨੇ ਉਹਨਾਂ ਕਿਰਤੀਆਂ ਲਈ ਭਾਵੇਂ ਸੀਮਤ ਕੰਮ ਹੀ ਪੈਦਾ ਕੀਤਾ ਪਰ ਉਸ ਨਾਲ ਉਹਨਾਂ ਕਿਰਤੀਆਂ ਨੂੰ ਵੱਡੀ ਰਾਹਤ ਮਿਲੀ ਸੀ। ਬਿਹਾਰ, ਮੱਧ ਪ੍ਰਦੇਸ਼ ਅਤੇ ਯੂ.ਪੀ. ਦੇ ਕਈ ਖੇਤਰਾਂ ਵਿਚ ਕਿਰਤੀਆਂ ਦੇ ਪ੍ਰਵਾਸ ਕਰਨ ਦੀ ਰੁਚੀ ਵਿੱਚ ਮਨਰੇਗਾ ਕਰ ਕੇ ਕਮੀ ਆਈ ਸੀ। ਮਨਰੇਗਾ ਦੇ ਲਾਗੂ ਹੋਣ ਤੋਂ ਬਾਅਦ ਪਿੰਡਾਂ ਦੇ ਲੋਕਾਂ ਦੀ 14 ਫ਼ੀਸਦੀ ਆਮਦਨ ਵਿੱਚ ਰੁਜ਼ਗਾਰ ਮਿਲਣ ਕਰਕੇ ਵਾਧਾ ਹੋਇਆ ਸੀ।

ਇਸ ਸਕੀਮ ਦਾ ਔਰਤਾਂ ਦੇ ਰੁਜ਼ਗਾਰ 'ਤੇ ਬਹੁਤ ਚੰਗਾ ਪ੍ਰਭਾਵ ਪਿਆ ਹੈ। ਔਰਤਾਂ ਲਈ ਸ਼ਹਿਰ ਜਾਂ ਦੂਰ ਜਾ ਕੇ ਕੰਮ ਕਰਨਾ ਅਸਾਨ ਨਹੀਂ ਪਰ ਜਦੋਂ ਉਹਨਾਂ ਨੂੰ ਪਿੰਡ ਵਿੱਚ ਹੀ 100 ਦਿਨ ਦਾ ਰੁਜ਼ਗਾਰ ਮਿਲ ਜਾਂਦਾ ਹੈ ਤਾਂ ਇਹ ਉਹਨਾਂ ਲਈ ਵੱਡੀ ਰਾਹਤ ਮਿਲ ਜਾਂਦੀ ਹੈ। ਭਾਵੇਂ ਕਿ ਇਸ ਸਕੀਮ ਨਾਲ ਕੋਈ 12 ਕਰੋੜ ਲੋਕਾਂ ਨੂੰ ਵੱਖ-ਵੱਖ ਸਮਿਆਂ 'ਤੇ ਰੁਜ਼ਗਾਰ ਮਿਲਿਆ ਪਰ ਦੇਸ਼ ਦੀ ਵਸੋਂ ਅਤੇ ਬੇਰੁਜ਼ਗਾਰੀ ਨਾਲ ਜੂਝ ਰਹੀ ਅਰਥ ਵਿਵਸਥਾ ਲਈ ਬਹੁਤ ਘੱਟ ਹੈ। ਉਸ ਤਰ੍ਹਾਂ ਇੱਕ ਅੰਦਾਜ਼ੇ ਅਨੁਸਾਰ 2022-23 ਵਿੱਚ ਔਰਤਾਂ ਨੇ ਮਰਦਾਂ ਤੋਂ 58 ਫ਼ੀਸਦੀ ਜ਼ਿਆਦਾ ਰੁਜ਼ਗਾਰ ਇਸ ਸਕੀਮ ਰਾਹੀਂ ਪ੍ਰਾਪਤ ਕੀਤਾ ਸੀ ਜਿਹੜਾ ਸਿਰਫ਼ ਇਸ ਕਰਕੇ ਉਹਨਾਂ ਨੂੰ ਮਿਲਿਆ ਕਿ ਇਹ ਰੁਜ਼ਗਾਰ ਉਹਨਾਂ ਦੇ ਘਰ ਦੇ ਨਜ਼ਦੀਕ ਉਹਨਾਂ ਦੇ ਹੀ ਪਿੰਡ ਵਿੱਚ ਸੀ।


2025-26 ਲਈ ਰੱਖੇ 86 ਹਜ਼ਾਰ ਕਰੋੜ ਰੁਪਏ ਜਦੋਂ ਪਿੰਡ ਦੇ ਲੋਕਾਂ ਦੇ ਹੱਥਾਂ ਵਿੱਚ ਉਹਨਾਂ ਦੇ ਰੁਜ਼ਗਾਰ ਬਦਲੇ ਦਿੱਤੇ ਜਾਣਗੇ ਤਾਂ ਉਹਨਾਂ ਦੀ ਖਰੀਦ ਸ਼ਕਤੀ ਵਧੇਗੀ ਅਤੇ ਉਹ ਉਸ ਪੈਸੇ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਲਈ ਖਰਚ ਕਰਨਗੇ। ਉਹਨਾਂ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਵਿੱਚ ਵਾਧਾ ਹੋਣ ਨਾਲ ਉਹ ਜ਼ਿਆਦਾ ਗਿਣਤੀ ਵਿੱਚ ਬਣਨੀਆਂ ਸ਼ੁਰੂ ਹੋਣਗੀਆਂ ਅਤੇ ਉਸ ਨਾਲ ਹੋਰ ਰੁਜ਼ਗਾਰ ਪੈਦਾ ਹੋਵੇਗਾ। ਇਸ ਤਰ੍ਹਾਂ ਇਹ ਕੀਤਾ ਗਿਆ ਖਰਚ ਉਤਪਾਦਕ ਖਰਚ ਹੈ ਜਿਸ ਦਾ ਲਾਭ ਸਮੁੱਚੇ ਤੌਰ 'ਤੇ ਹੋਵੇਗਾ।

ਪੰਜਾਬ ਨੇ ਪਿਛਲੇ ਸਮਿਆਂ ਵਿੱਚ ਮਨਰੇਗਾ ਦਾ ਬਹੁਤ ਘੱਟ ਲਾਭ ਉਠਾਇਆ ਸੀ ਕਿਉਂ ਜੋ ਇਸ ਵਿੱਚ ਦਿੱਤੀ ਜਾਣ ਵਾਲੀ ਉਜਰਤ ਬਹੁਤ ਘੱਟ ਸੀ ਇਸ ਤਰ੍ਹਾਂ ਹੀ ਹੋਰ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਵੀ ਉਜਰਤ ਘੱਟ ਹੋਣ ਕਰਕੇ ਇਸ ਦਾ ਲਾਭ ਨਹੀਂ ਸੀ ਉਠਾਇਆ। ਇਹੋ ਵਜ੍ਹਾ ਸੀ ਕਿ ਔਰਤਾਂ ਨੇ ਉਸ ਉਜਰਤ ਨੂੰ ਪ੍ਰਵਾਨ ਕਰ ਲਿਆ ਸੀ ਪਰ ਮਰਦ ਉਸ ਤੋਂ ਜ਼ਿਆਦਾ ਕਮਾ ਸਕਦੇ ਸਨ, ਉਹਨਾਂ ਨੇ ਉਸ ਉਜਰਤ ਨੂੰ ਪ੍ਰਵਾਨ ਨਹੀਂ ਸੀ ਕੀਤਾ। ਇਸ ਬਿੱਲ ਵਿੱਚ ਉਜਰਤ ਵਧਾਉਣ ਸਬੰਧੀ ਸਪਸ਼ਟ ਵਿਆਖਿਆ ਨਹੀਂ ਕੀਤੀ ਗਈ ਜਿਸ ਦੀ ਇਸ ਕਰਕੇ ਜ਼ਿਆਦਾ ਲੋੜ ਹੈ ਕਿ ਉਹ ਚੱਲ ਰਹੀ ਉਜਰਤ ਤੋਂ ਘੱਟ ਨਹੀਂ ਹੋਣੀ ਚਾਹੀਦੀ। ਫਿਰ ਪ੍ਰਾਂਤਾਂ ਵਿੱਚ ਵੀ ਉਜਰਤ ਦਾ ਫ਼ਰਕ ਹੈ। ਇਹ ਜ਼ਿਆਦਾ ਯੋਗ ਹੋਵੇਗਾ ਕਿ ਦਿੱਤੀ ਜਾਣ ਵਾਲੀ ਉਜਰਤ ਦਾ ਫ਼ੈਸਲਾ ਪ੍ਰਾਂਤਾਂ ਦੀਆਂ ਸਰਕਾਰਾਂ ਤੇ ਛੱਡ ਦਿੱਤਾ ਜਾਵੇ।

(**ਬਾਕੀ ਸਫ਼ਾ 27 'ਤੇ**)

# ਭਾਰਤ ’ਚ ਜਲਦੀ ਕੀਤੇ ਜਾਣ ਜ਼ਰੂਰੀ ਚੋਣ ਸੁਧਾਰ





ਹਿਰਦੇ ਨਾਰਾਇਣ ਦੀਕਸ਼ਤ
(ਲੇਖਕ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਸਾਬਕਾ ਸਪੀਕਰ ਹੈ)।

ਸੰਸਦੀ ਲੋਕਤੰਤਰ ਦੀ ਸਾਰੀ ਕਾਰਵਾਈ ਦਲਤੰਤਰ ਦੇ ਆਸਰੇ ਹੁੰਦੀ ਹੈ। ਨਿਰਪੱਖ ਚੋਣਾਂ ਲੋਕਤੰਤਰ ਦੀ ਆਤਮਾ ਹਨ। ਲੋਕਤੰਤਰ ਦੀ ਸਫਲਤਾ ਦਾ ਦਾਰੋਮਦਾਰ ਦਲਤੰਤਰ ’ਤੇ ਹੁੰਦਾ ਹੈ। ਆਦਰਸ਼ ਚੋਣ ਪ੍ਰਕਿਰਿਆ ਜ਼ਰੀਏ ਹੀ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਬਣਦੀ ਹੈ। ਇਸੇ ਚੁਣਾਵੀ ਪ੍ਰਕਿਰਿਆ ਵਿੱਚ ਲੋਕ ਆਪਣੇ ਪ੍ਰਤੀਨਿਧੀਆਂ ਨੂੰ ਚੁਣਦੇ ਹਨ ਪਰ ਚੋਣਾਂ ਵਿੱਚ ਧਨ,ਬਲ ਅਤੇ ਮਾਫ਼ੀਆ ਦੀ ਭਾਈਵਾਲੀ ਵੀ ਹੁੰਦੀ ਹੈ। ਇਸ ਲਈ ਚੋਣਾਂ ਆਦਰਸ਼ ਤਰੀਕੇ ਨਾਲ ਨਹੀਂ ਹੋ ਪਾਉਂਦੀਆਂ। ਨਿਰਪੱਖ ਚੋਣਾਂ ਕਰਵਾਉਣਾ ਚੋਣ ਕਮਿਸ਼ਨ ਦਾ ਸੰਵਿਧਾਨਕ ਕਰਤੱਵ ਹੈ (ਧਾਰਾ 324)। ਵੋਟਰ ਸੂਚੀ ਤਿਆਰ ਕਰਨ ਅਤੇ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਵੀ ਕਮਿਸ਼ਨ ਦੀ ਹੀ ਹੈ। ਸਾਰੇ ਵੋਟਰਾਂ ਦੇ ਨਾਂਅ ਵੋਟਰ ਸੂਚੀ ਵਿੱਚ ਯਕੀਨੀ ਬਣਾਉਣ ਲਈ ਵਿਸ਼ੇਸ਼ ਡੂੰਘਾ ਪੁਨਰ-ਨਿਰੀਖਣ (ਐੱਸਆਈਆਰ) ਮੁਹਿੰਮ ਚੱਲ ਰਹੀ ਹੈ ਪਰ ਇਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੋਟ ਚੋਰੀ ਦਾ ਇਲਜ਼ਾਮ ਲਗਾ ਰਹੀਆਂ ਹਨ। ਵਿਰੋਧੀ ਧਿਰ ਦਾ ਆਗੂ ਚੋਣ ਕਮਿਸ਼ਨ ਅਧੀਨ ਹੋਈਆਂ ਚੋਣਾਂ ਵਿੱਚ ਦੋ ਸੀਟਾਂ ਤੋਂ ਚੋਣ ਲੜਿਆ ਸੀ। ਜੇਕਰ ਵੋਟ ਚੋਰੀ ਹੁੰਦੀ ਤਾਂ ਵਿਰੋਧੀ ਧਿਰ ਦੀਆਂ ਬਹੁਤ ਸਾਰੀਆਂ ਸੀਟਾਂ ਨਹੀਂ ਹੁੰਦੀਆਂ।

ਸੰਸਦ ਦੇ ਪਿਛਲੇ ਸੈਸ਼ਨ ਵਿੱਚ ਚੋਣ ਸੁਧਾਰਾਂ ’ਤੇ ਬਹਿਸ ਜ਼ਰੂਰ ਹੋਈ ਪਰ ਇਹ ਹਕੀਕੀ ਸੁਧਾਰਾਂ ਬਾਰੇ ਨਹੀਂ ਸੀ। ਸਾਰਾ ਧਿਆਨ ਐੱਸਆਈਆਰ ’ਤੇ ਰਿਹਾ। ਇਹ ਸਮਝਣਾ ਚਾਹੀਦਾ ਹੈ ਕਿ ਚੋਣ ਸੁਧਾਰਾਂ ਦੀ ਰਫ਼ਤਾਰ ਮੱਠੀ ਹੈ। ਆਦਰਸ਼ ਚੋਣ ਜ਼ਾਬਤਾ 1967 ਵਿੱਚ ਬਣਿਆ ਸੀ। ਚੋਣ ਜ਼ਾਬਤੇ ਦੀ ਪਾਲਣਾ ਕਰਨਾ ਸਭ ਦਾ ਕਰਤੱਵ ਹੈ ਪਰ ਚੋਣ ਪ੍ਰਚਾਰ ਕਰਦੇ ਸਮੇਂ ਬਹੁਤ ਸਾਰੀਆਂ ਪਾਰਟੀਆਂ ਚੋਣ ਜ਼ਾਬਤੇ ਦੀ ਉਲੰਘਣਾ ਕਰਦੀਆਂ ਹਨ। ਲੋਕਤੰਤਰ ਵਿਚ ਲੋਕ ਆਪਣੇ ਨੁਮਾਇੰਦਿਆਂ ਨੂੰ ਚੁਣਦੇ ਹਨ ਪਰ ਚੋਣ ਪ੍ਰਕਿਰਿਆ ਬਾਹੂਬਲ ਅਤੇ ਧਨਬਲ ਜ਼ਰੀਏ ਸੱਤਾ ਪ੍ਰਾਪਤੀ ਦੀ ਖੇਡ ਬਣ ਗਈ ਹੈ। ਰਾਜਨੀਤਕ ਦਲ ਇਸ ਖੇਡ ਦੇ ਮੁੱਖ ਖਿਡਾਰੀ ਹਨ। ਪਾਰਟੀਆਂ ਆਪਣੇ ਨਿਯਮਤ ਸੰਚਾਲਨ ’ਤੇ ਕਰੋੜਾਂ ਰੁਪਏ ਖ਼ਰਚ ਕਰਦੀਆਂ ਹਨ ਪਰ ਵਿਚਾਰ ਅਤੇ ਕਾਰਕੁਨ ਆਧਾਰਤ ਸੰਗਠਨ ਨਹੀਂ ਬਣਾਉਂਦੀਆਂ। ਚੋਣਾਂ ਨੇੜੇ ਆਉਂਦਿਆਂ ਹੀ ਜਿੱਤਣ ਵਾਲੇ ਉਮੀਦਵਾਰਾਂ ਦੀ ਭਾਲ ਸ਼ੁਰੂ ਹੋ ਜਾਂਦੀ ਹੈ। ਧਨਬਲ ਦੇ ਦੁਰਉਪਯੋਗ ਹੁੰਦੇ ਹਨ। ਖ਼ਰਚੀਲੀਆਂ ਰੈਲੀਆਂ, ਹੋਟਲ, ਵਾਹਨ ਅਤੇ ਸੈਂਕੜੇ ਚਾਰਟਰਡ ਜਹਾਜ਼ ਅਤੇ ਆਕਾਸ਼ ਵਿੱਚ ਉੱਡਦੇ ਹੈਲੀਕਾਪਟਰ ਹੈਰਾਨ ਕਰਦੇ ਹਨ। ਆਖ਼ਰਕਾਰ ਇਹ ਧਨ ਕਿੱਥੋਂ ਆਉਂਦਾ ਹੈ? ਜ਼ਿਆਦਾਤਰ ਪਾਰਟੀਆਂ ਚੋਣਾਂ ਵਿੱਚ ਮਾਫ਼ੀਆ ਅਤੇ ਧਨ,ਬਲ ਦਾ ਇਸਤੇਮਾਲ ਕਰਦੀਆਂ ਹਨ। ਮਾਫ਼ੀਆ ਨੂੰ ਟਿਕਟ ਦਿੱਤੇ ਜਾਂਦੇ ਹਨ। ਜ਼ਿਆਦਾਤਰ ਪਾਰਟੀਆਂ ਪੈਸੇ ਵਾਲੇ ਉਮੀਦਵਾਰਾਂ ਦੇ ਨਾਲ-ਨਾਲ ਬਾਹੂਬਲੀਆਂ ’ਤੇ ਵੀ ਦਾਅ ਲਗਾਉਂਦੀਆਂ ਹਨ। ਆਪਣੇ ਦੇਸ਼ ਵਿੱਚ ਸਿਹਤਮੰਦ ਦਲਤੰਤਰ ਦਾ ਵਿਕਾਸ ਨਹੀਂ ਹੋਇਆ। ਅਨੇਕ ਪਾਰਟੀਆਂ ਵਿੱਚ ਤਾਉਮਰ/ਪਿਤਾ-ਪੁਰਖੀ ਰਾਸ਼ਟਰੀ ਪ੍ਰਧਾਨ ਹਨ। ਸਾਰੀਆਂ ਪਾਰਟੀਆਂ ਦੀਆਂ ਸੰਗਠਨ ਚੋਣਾਂ ਵੀ ਚੋਣ ਕਮਿਸ਼ਨ ਨੂੰ ਕਰਵਾਉਣ ਦੀਆਂ ਕਾਨੂੰਨੀ ਵਿਵਸਥਾਵਾਂ ਹੋਣੀਆਂ ਚਾਹੀਦੀਆਂ ਹਨ। ਉਮੀਦਵਾਰਾਂ ਦੇ ਪੈਨਲ ਵੀ ਸਥਾਨਕ ਕਮੇਟੀਆਂ, ਜ਼ਿਲ੍ਹਿਆਂ ਤੋਂ ਹੁੰਦੇ ਹੋਏ ਉੱਪਰ ਆਉਣੇ ਚਾਹੀਦੇ ਹਨ। ਜੋ ਪਾਰਟੀਆਂ ਆਪਣੇ ਵਿੱਚ ਲੋਕਤੰਤਰ ਨਹੀਂ ਲਿਆਉਂਦੀਆਂ,ਆਮਦਨ-ਖ਼ਰਚ ਦਾ ਪੂਰਾ ਵੇਰਵਾ ਜਨਤਕ ਨਹੀਂ ਕਰਦੀਆਂ, ਚੁਣਾਵੀ ਜਿੱਤ ਲਈ ਮਾਫ਼ੀਆ/ਧਨਬਲੀ ਨੂੰ ਉਮੀਦਵਾਰ ਬਣਾਉਂਦੀਆਂਹਨ, ਉਨ੍ਹਾਂ ਤੋਂ ਹੀ ਚੋਣ ਸੁਧਾਰਾਂ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਹੁਣ ਮਾਫ਼ੀਆ ਦੇ ਮਰਨ ਦੀ ਸਥਿਤੀ ਵਿਚ ਪਤਨੀ ਜਾਂ ਪੁੱਤਰ ਉਮੀਦਵਾਰ ਬਣ ਜਾਂਦੇ ਹਨ।

ਉਮੀਦਵਾਰ ਚੁਣਨ ਦੀ ਪ੍ਰਕਿਰਿਆ ’ਤੇ ਦੁਬਾਰਾ ਵਿਚਾਰ ਕਰਨ ਦੀ ਲੋੜ ਹੈ। ਵੋਹਰਾ ਕਮੇਟੀ (1993) ਨੇ ਸੰਸਦੀ ਸੰਸਥਾਵਾਂ ਵਿਚ ਅਪਰਾਧੀਆਂ ਦੇ ਦਾਖ਼ਲੇ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਸੀ। ਚੋਣਾਂ ਵਿੱਚ ਕਾਲੇਧਨ ਦੇ ਪ੍ਰਭਾਵ ਅਤੇ ਮਾਫ਼ੀਆ ਦੀ ਪਕੜ ਨੂੰ ਢਿੱਲੀ ਕਰਨਾ ਜ਼ਰੂਰੀ ਹੈ। ਆਖ਼ਰਕਾਰ ਚੋਣ ਸੁਧਾਰਾਂ ’ਤੇ ਗੰਭੀਰਤਾ ਨਾਲ ਵਿਚਾਰ ਕਿਉਂ ਨਹੀਂ ਹੁੰਦਾ? ਦਲਤੰਤਰ ਦੇ ਗ਼ਲਤ ਆਚਰਣ ਕਾਰਨ ਯੋਗ ਅਤੇ ਵਿਚਾਰਸ਼ੀਲ ਕਾਰਕੁਨ ਪਾਰਟੀ ਦੀ ਟਿਕਟ ਨਹੀਂ ਲੈ ਪਾਉਂਦੇ। ਚੋਣਾਂ ਵਿੱਚ ਬੇਹਿਸਾਬ ਖ਼ਰਚਾ ਹੁੰਦਾ ਹੈ। ਨਿਰਧਾਰਤ ਖ਼ਰਚੇ ਦੀ ਹੱਦ ਤੋਂ ਦਸ ਗੁਣਾ, ਵੀਹ ਗੁਣਾ ਤੋਂ ਵੀ ਘੱਟ ਨਾਲ ਕੰਮ ਨਹੀਂ ਚੱਲਦਾ। ਸਰਕਾਰ ਦੁਆਰਾ ਚੋਣ ਖ਼ਰਚਾ ਚੁੱਕਣ ਦੀ ਬਹਿਸ ਪੁਰਾਣੀ ਹੈ। ਦਿਨੇਸ਼ ਗੋਸਵਾਮੀ ਕਮੇਟੀ (1990) ਨੇ ਵੀ ਅਜਿਹੀਆਂ ਹੀ ਸਿਫ਼ਾਰਸ਼ਾਂ ਕੀਤੀਆਂ ਸਨ। ਚੋਣ ਕਮਿਸ਼ਨ ਨੇ ਚੋਣਾਂ ਨੂੰ ਨਿਰਪੱਖ ਬਣਾਉਣ ਲਈ 2006 ਵਿੱਚ ਸਿਆਸੀ ਪਾਰਟੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ ਪਰ ਚੋਣ ਸੁਧਾਰਾਂ ’ਤੇ ਕੋਈ ਠੋਸ ਪਹਿਲ ਨਹੀਂ ਹੋਈ। ਸੁਝਾਅ ਇਹ ਵੀ ਸੀ ਕਿ ਉਮੀਦਵਾਰਾਂ ਅਤੇ ਪਾਰਟੀਆਂ ਨੂੰ ਵਾਧੂ ਖ਼ਰਚੇ ਤੋਂ ਰੋਕ ਕੇ ਸਰਕਾਰੀ ਖ਼ਰਚੇ ’ਤੇ ਚੋਣਾਂ ਕਰਵਾਉਣ ਦੀ ਵਿਵਸਥਾ ਕੀਤੀ ਜਾਵੇ। ਮੁੱਖ ਚੋਣ ਕਮਿਸ਼ਨ ਨੇ ਇਸ ਨੂੰ ਵਿਵਹਾਰਕ ਨਹੀਂ ਸਮਝਿਆ। ਇੰਗਲੈਂਡ, ਆਇਰਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਕੈਨੇਡਾ ਦੀਆਂ ਸਰਕਾਰਾਂ ਸੀਮਤ ਚੋਣ ਖ਼ਰਚਾ ਦਿੰਦੀਆਂ ਹਨ। ਅਮਰੀਕਾ ਵਿੱਚ ਚੋਣ ਦਾ ਖ਼ਰਚਾ ਨਿੱਜੀ ਖੇਤਰ ਹੀ ਚੁੱਕਦੇ ਹਨ।

ਰਾਜਨੀਤੀ ਦੇ ਅਪਰਾਧੀਕਰਨ ਨੂੰ ਰੋਕਣ ਦੀ ਦਿਸ਼ਾ ਵਿੱਚ ਵੀ ਬਹੁਤ ਕੰਮ ਕਰਨਾ ਬਾਕੀ ਹੈ। ਜੋ ਧਨਬਲ, ਬਾਹੂਬਲ ਅਤੇ ਭ੍ਰਿਸ਼ਟਾਚਾਰ ਦੇ ਸਹਾਰੇ ਚੋਣ ਜਿੱਤ ਜਾਂਦੇ ਹਨ, ਉਨ੍ਹਾਂ ਤੋਂ ਕੋਈ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਮਾਫ਼ੀਆ ਜਿੱਤਦੇ ਹਨ। ਵੋਟਰ ਡਰਦੇ ਹਨ। ਪੂੰਜੀਪਤੀ ਜਿਤਾਉਣ ਵਾਲੇ ਹੁੰਦੇ ਹਨ। ਉਹ ਸਮਰਥਨ ਖ਼ਰੀਦਦੇ ਹਨ। ਪੰਡਿਤ ਦੀਨਦਿਆਲ ਉਪਾਧਿਆਏ ਨੇ ਪੋਲੀਟੀਕਲ ਡਾਇਰੀ (ਪੰਨਾ 146) ਵਿੱਚ ਲਿਖਿਆ ਹੈ, “ਭਾਰਤ ਵਿੱਚ ਪਾਰਟੀਆਂ ਇੱਕ ਹੀ ਵਿਚਾਰ ਕਰਦੀਆਂ ਹਨ ਕਿ ਉਮੀਦਵਾਰ ਅਜਿਹਾ ਹੋਵੇ ਜੋ ਚੋਣ ਜਿੱਤੇ।” ਉਨ੍ਹਾਂ ਨੇ ਸਾਰੀਆਂ ਪਾਰਟੀਆਂ ਨੂੰ ਅਪੀਲ ਕੀਤੀ ਸੀ ਕਿ ਇਮਾਨਦਾਰ ਪਾਰਟੀ ਕਾਰਕੁਨ ਨੂੰ ਹੀ ਟਿਕਟ ਦੇਣੀ ਚਾਹੀਦੀ ਹੈ। ਜੇਕਰ ਉਮੀਦਵਾਰ ਆਦਰਸ਼ ਕਾਰਕੁਨ ਨਹੀਂ ਹੈ ਤਾਂ ਉਸ ਨੂੰ ਵੋਟ ਨਾ ਪਾਓ।

ਸੰਵਿਧਾਨ ਨਿਰਮਾਤਾ ਭਵਿੱਖ ਦੇ ਚੁਣਾਵੀ ਭ੍ਰਿਸ਼ਟਾਚਾਰ ਅਤੇ ਉਸ ਦੇ ਨਤੀਜਿਆਂ ਪ੍ਰਤੀ ਸਾਵਧਾਨ ਸਨ। ਸਭਾ (16.6.1949) ਵਿੱਚ ਹਿਰਦੇਨਾਥ ਕੁੰਜਰੂ ਨੇ ਸ਼ੰਕਾ ਪ੍ਰਗਟ ਕੀਤੀ ਸੀ ਕਿ ਦੋਸ਼ਪੂਰਨ ਚੋਣ ਪ੍ਰਣਾਲੀ ਨਾਲ ਲੋਕਤੰਤਰ ਜ਼ਹਿਰੀਲਾ ਹੋਵੇਗਾ। ਕੇਐੱਮ ਮੁਨਸ਼ੀ ਨੇ ਕਿਹਾ ਸੀ, “ਭਾਰਤ ਦੀ ਜਨਤਾ ਨੂੰ ਆਪਣੇ ਪ੍ਰਤੀਨਿਧੀ ਸੰਦੇਹ ਅਤੇ ਪੱਖਪਾਤ ਰਹਿਤ ਸਿਹਤਮੰਦ ਪ੍ਰਣਾਲੀ ਜ਼ਰੀਏ ਚੁਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ।” ਪ੍ਰਸਤਾਵਕ ਡਾ. ਬੀਆਰ ਅੰਬੇਡਕਰ ਨੇ ਕਿਹਾ ਸੀ, “ਵੋਟ ਦਾ ਅਧਿਕਾਰ ਹੀ ਲੋਕਤੰਤਰ ਦਾ ਪ੍ਰਾਣ ਹੈ।” ਸੰਵਿਧਾਨ ਸਭਾ ਨੇ ਨਿਰਪੱਖ ਚੋਣ ਪ੍ਰਕਿਰਿਆ ’ਤੇ ਲੰਬੀ ਬਹਿਸ ਕੀਤੀ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਸੰਵਿਧਾਨਕ ਸੰਸਥਾ ਬਣਾਇਆ ਪਰ ਪਹਿਲੀ ਆਮ ਚੋਣ (1952) ਤੋਂ ਹੀ ਚੋਣਾਂ ਵਿਚ ਧਾਂਦਲੀ ਸ਼ੁਰੂ ਹੋ ਗਈ। ਸੰਵਿਧਾਨ ਘਾੜਿਆਂ ਦੀ ਸ਼ੰਕਾ ਸੱਚੀ ਸਾਬਿਤ ਹੋਈ। ਧਾਂਦਲੀ ਦੇ ਦੋਸ਼ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਮੇਤ ਵੱਡੇ-ਵੱਡੇ ਲੋਕਾਂ ’ਤੇ ਵੀ ਲੱਗੇ। ਜਿਸ ਦੇਸ਼ ਵਿਚ ਪ੍ਰਧਾਨ ਮੰਤਰੀ ਨੂੰ ਵੀ ਚੁਣਾਵੀ ਕਦਾਚਾਰ ਦਾ ਦੋਸ਼ੀ ਪਾ ਕੇ ਸਦਨ ਦੀ ਮੈਂਬਰਸ਼ਿਪ ਖ਼ਾਰਜ ਕੀਤੀ ਗਈ ਹੋਵੇ, ਉਸੇ ਦੇਸ਼ ਵਿਚ ਚੋਣ ਸੁਧਾਰਾਂ ਦੀ ਮੱਠੀ ਰਫ਼ਤਾਰ ’ਤੇ ਨਿਰਾਸ਼ ਹੋਣਾ ਸੁਭਾਵਿਕ ਹੈ। ਚੋਣ ਸੁਧਾਰਾਂ ’ਤੇ ਸੁਚੱਜੇ ਢੰਗ ਨਾਲ ਵਿਚਾਰ ਕਰਨ ਦੀ ਰਫ਼ਤਾਰ ਬਹੁਤ ਮੱਠੀ ਕਿਉਂ ਹੈ? ਜਦੋਂ ਦੁਨੀਆ ਦੇ ਕਈ ਦੇਸ਼ ਨਿਰਪੱਖ ਚੋਣ ਪ੍ਰਣਾਲੀ ਬਣਾਉਣ ਅਤੇ ਉਸ ਨੂੰ ਲਾਗੂ ਕਰਨ ਵਿਚ ਕਾਮਯਾਬ ਰਹੇ ਹਨ ਤਾਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੋਣ ਅਤੇ ਆਦਰਸ਼ ਚੋਣ ਪ੍ਰਣਾਲੀ ਵਿਕਸਤ ਕਰਨ ਦਾ ਸਿਹਰਾ ਭਾਰਤ ਕਿਉਂ ਨਹੀਂ ਲੈਂਦਾ? ਚੋਣ ਸੁਧਾਰਾਂ ਦੀ ਅਗਵਾਈ ਚੋਣ ਕਮਿਸ਼ਨ ਹੀ ਕਰੇ। ਅਪਰਾਧੀਆਂ ਨੂੰ ਚੋਣਾਂ ਤੋਂ ਅਲੱਗ ਰੱਖਣ ਦਾ ਸਖ਼ਤ ਕਾਨੂੰਨ ਅਸੰਭਵ ਨਹੀਂ ਹੈ। ਵਿਆਪਕ ਚੋਣ ਸੁਧਾਰ ਸਮੁੱਚੇ ਦੇਸ਼ ਦੀ ਖ਼ਾਹਿਸ਼ ਹਨ।

# ਕਦੇ ਵੀ ਖ਼ਤਮ ਨਹੀਂ ਹੁੰਦੀਆਂ ਸਮਾਜਿਕ ਸਮੱਸਿਆਵਾਂ



ਡਾ. ਵਿਭਾ ਤ੍ਰਿਪਾਠੀ





ਕਹਿੰਦੇ ਹਨ, ਸਮਾਜਿਕ ਕੁਰੀਤੀਆਂ ਦਾ ਕੋਈ ਮਜ਼ਹਬ ਨਹੀਂ ਹੁੰਦਾ। ਹਿੰਸਾ ਦੀ ਕੋਈ ਜਾਤ ਨਹੀਂ ਹੁੰਦੀ। ਇਹ ਗੱਲਾਂ ਉਸ ਵੇਲੇ ਸਹੀ ਸਾਬਿਤ ਹੋਈਆਂ ਜਦੋਂ ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਸੰਵੇਦਨਸ਼ੀਲਤਾ ਦਿਖਾਉਂਦਿਆਂ ਸੰਵਿਧਾਨਕ ਸਮਾਨਤਾ ਅਤੇ ਸਮਾਜਿਕ ਅਸਮਾਨਤਾ ਵਿਚਾਲੇ ਡੂੰਘੇ ਖੱਪੇ ਨੂੰ ਪੂਰਨ ਦਾ ਯਤਨ ਕੀਤਾ। ਹਾਲ ਹੀ ਵਿੱਚ ਅਜਮਲ ਬੇਗ ਬਨਾਮ ਉੱਤਰ ਪ੍ਰਦੇਸ਼ ਰਾਜ ਦੇ ਮਾਮਲੇ ਵਿੱਚ ਫ਼ੈਸਲਾ ਦਿੰਦੇ ਹੋਏ ਸਰਬਉੱਚ ਅਦਾਲਤ ਨੇ ਇਹ ਸਾਫ਼ ਕਰ ਦਿੱਤਾ ਕਿ ਸਮਾਜਿਕ ਸਮੱਸਿਆਵਾਂ ਕਦੇ ਵੀ ਖ਼ਤਮ ਨਹੀਂ ਹੁੰਦੀਆਂ, ਬਲਕਿ ਉਨ੍ਹਾਂ ’ਤੇ ਸਮੇਂ ਦੀ ਧੂੜ ਪੈ ਜਾਂਦੀ ਹੈ ਅਤੇ ਅਸੀਂ ਕੁਝ ਹੋਰ ਸਮੱਸਿਆਵਾਂ ਨੂੰ ਚਲੰਤ ਅਤੇ ਭਖਦੀਆਂ ਹੋਈਆਂ ਮੰਨਦੇ ਹੋਏ ਉਨ੍ਹਾਂ ਦੀ ਚਰਚਾ ਵਿੱਚ ਉਲਝ ਜਾਂਦੇ ਹਾਂ।

ਸੰਨ 1961 ਵਿੱਚ ਲੰਬੀ ਜਦੋਜਹਿਦ ਤੋਂ ਬਾਅਦ ਦਾਜ ਰੋਕੂ ਕਾਨੂੰਨ ਹੋਂਦ ਵਿੱਚ ਆਇਆ ਅਤੇ ਭਾਰਤੀ ਦੰਡ ਸੰਹਿਤਾ ਵਿੱਚ ਉਸ ਦੇ 25 ਸਾਲਾਂ ਬਾਅਦ (1986) ਦਾਜ ਕਾਰਨ ਹੱਤਿਆ ਦੇ ਅਪਰਾਧ ਨੂੰ ਜਗ੍ਹਾ ਮਿਲੀ। ਹਾਲੀਆ ਦਿਨਾਂ ਵਿੱਚ ਕੁਝ ਔਰਤਾਂ ਦੁਆਰਾ ਦਾਜ ਰੋਕੂ ਕਾਨੂੰਨ ਦੀ ਦੁਰਵਰਤੋਂ ਦੇ ਮਾਮਲਿਆਂ ’ਤੇ ਚਰਚਾਵਾਂ ਨੇ ਇੰਨਾ ਜ਼ੋਰ ਫੜ ਲਿਆ ਕਿ ਅਸੀਂ ਭੁੱਲ ਗਏ ਕਿ ਅੱਜ ਵੀ ਸੱਜ-ਵਿਆਹੀਆਂ ਨੂੰ ਦਾਜ ਦੀ ਪੀੜਾ ਸਹਿਣੀ ਪੈਂਦੀ ਹੈ।

ਇਸ ਮਾਮਲੇ ਵਿੱਚ ਅਦਾਲਤ ਨੇ ਇਕ ਪਾਸੇ ਆਪਣੇ ਤੋਂ ਉੱਚੇ ਅਹੁਦੇ ਵਾਲੇ ਪਰਿਵਾਰਾਂ ਵਿੱਚ ਵਿਆਹ ਦੀ ਪਰੰਪਰਾ ਦਾ ਜ਼ਿਕਰ ਕੀਤਾ ਅਤੇ ਇਹ ਦੱਸਣਾ ਚਾਹਿਆ ਕਿ ਕਈ ਵਾਰ ਉਸ ਦੀ ਕੀਮਤ ਜਵਾਨ-ਜਹਾਨ ਔਰਤਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪੈਂਦੀ ਹੈ। ਕੋਰਟ ਨੇ ਇਹ ਵੀ ਕਿਹਾ ਕਿ ਜਿਸ ਮੁਸਲਮਾਨ ਸਮੁਦਾਇ ਵਿੱਚ ਦਾਜ ਦੀ ਕੋਈ ਵਿਵਸਥਾ ਹੀ ਨਹੀਂ ਹੈ, ਉਲਟੇ ਜਿੱਥੇ ‘ਮੇਹਰ’ ਦੀ ਗੱਲ ਕੀਤੀ ਜਾਂਦੀ ਹੈ, ਉਸੇ ਸਮੁਦਾਇ ਵਿੱਚ ਕਿਸੇ ਔਰਤ ਨੂੰ ਸਾੜ ਕੇ ਮਾਰ ਦਿੱਤਾ ਜਾਣਾ ਇਹ ਸਾਬਿਤ ਕਰਦਾ ਹੈ ਕਿ ਸਾਡਾ ਸਮਾਜ ਕੁਰੀਤੀਆਂ ਨੂੰ ਅਪਣਾਉਣ ਵਾਲਾ ਹੈ।

ਇਸ ਵਿੱਚ ਅਸੀਂ ਆਦਰਸ਼ ਤੋਂ ਹਰ ਵੇਲੇ ਕਿਨਾਰਾ ਕਰਦੇ ਦਿਖਾਈ ਦਿੰਦੇ ਹਾਂ। ਕਾਨੂੰਨੀ ਵਿਵਸਥਾਵਾਂ ਅਤੇ ਸਮਾਜਿਕ ਸੋਚ ਵਿੱਚ ਸਮਾਨਤਾ ਨਾ ਹੋਣ ਦਾ ਸਬੂਤ ਹਰ ਵਾਰ ਦਿਖਾਈ ਦਿੰਦਾ ਹੈ। ਜਦੋਂ ਦੇਸ਼ ਦੇ ਕਾਨੂੰਨ ਘਾੜਿਆਂ ਨੂੰ ਲੱਗਾ ਕਿ ਜੇ ਅਸੀਂ ਔਰਤਾਂ ਨੂੰ ਜਨਮ ਤੋਂ ਹੀ ਬਰਾਬਰ ਮੰਨਦੇ ਹੋਏ ਉਨ੍ਹਾਂ ਨੂੰ ਪਿਤਾ-ਪੁਰਖੀ ਜਾਇਦਾਦ ਵਿਚ ਬਰਾਬਰ ਦਾ ਭਾਗੀਦਾਰ ਬਣਾ ਦੇਵਾਂਗੇ ਤਾਂ ਦਾਜ ਦੀ ਸਮੱਸਿਆ ਆਪਣੇ-ਆਪ ਹੀ ਖ਼ਤਮ ਹੋ ਜਾਵੇਗੀ ਪਰ ਅਜਿਹਾ ਨਹੀਂ ਹੋਇਆ।

ਜਾਂ ਤਾਂ ਪਰਿਵਾਰਕ ਸਬੰਧਾਂ ਨੂੰ ਬਚਾਉਣ ਲਈ ਔਰਤਾਂ ਨੂੰ ਹਲਫ਼ਨਾਮਾ ਦੇਣਾ ਪੈਂਦਾ ਹੈ ਕਿ ਉਹ ਜੱਦੀ-ਪੁਰਖੀ ਜਾਇਦਾਦ ਵਿਚ ਆਪਣੇ ਹੱਕ ਦੀ ਮੰਗ ਹੀ ਨਹੀਂ ਕਰਨਗੀਆਂ ਜਾਂ ਜੇ ਮੰਗ ਕਰਨਗੀਆਂ ਵੀ ਤਾਂ ਪਰਿਵਾਰ ਆਪਣੀ ਮਰਜ਼ੀ ਨਾਲ ਉਨ੍ਹਾਂ ਨੂੰ ਇਹ ਅਧਿਕਾਰ ਨਹੀਂ ਦੇਵੇਗਾ ਅਤੇ ਸੁਪਰੀਮ ਕੋਰਟ ਤੱਕ ਆਪਣੇ ਹੱਕ ਦੀ ਲੜਾਈ ਲੜਨੀ ਪਵੇਗੀ। ਸਮਾਜ ਅਜੇ ਵੀ ਅੱਧੀ ਆਬਾਦੀ ਨੂੰ ਬਰਾਬਰੀ ਦਾ ਪੂਰਾ ਦਰਜਾ ਦੇਣ ਲਈ ਤਿਆਰ ਨਹੀਂ ਹੈ।

ਇਸ ਲਈ ਅੱਜ ਵੀ ਦਾਜ ਦੀ ਮੰਗ ਜਾਰੀ ਹੈ ਅਤੇ ਵਿਆਹੁਤਾ ਮਹਿਲਾਵਾਂ ਦੀ ਹੱਤਿਆ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ। ਸਮਾਜ ਇੱਥੇ ਹੀ ਨਹੀਂ ਰੁਕਦਾ ਬਲਕਿ ਜਦੋਂ ਕੋਈ ਔਰਤ ਗਰਭ ਧਾਰਨ ਕਰਦੀ ਹੈ ਤਾਂ ਬਹੁਤ ਸਾਰੇ ਘਰਾਂ ਵਿੱਚ ਉਸ ਦੇ ਰਿਸ਼ਤੇਦਾਰ ਇਹੀ ਆਸ ਲਗਾਈ ਰਹਿੰਦੇ ਹਨ ਕਿ ਹੋਣ ਵਾਲੀ ਸੰਤਾਨ ਪੁੱਤਰ ਹੀ ਹੋਵੇ। ਪਹਿਲੀ ਸੰਤਾਨ ਦੇ ਰੂਪ ਵਿੱਚ ਧੀ ਫਿਰ ਵੀ ਸਵੀਕਾਰ ਕੀਤੀ ਜਾਂਦੀ ਹੈ ਪਰ ਦੂਜੀ ਵਾਰ ਕਾਨੂੰਨਾਂ ਦੀ ਦੁਰਵਰਤੋਂ ਦੀ ਤਲਾਸ਼ ਸ਼ੁਰੂ ਹੋ ਜਾਂਦੀ ਹੈ ਜੋ ਕਈ ਵਾਰ ਮਾਦਾ ਭਰੂਣ ਹੱਤਿਆ ਦਾ ਕਾਰਨ ਬਣਦੀ ਹੈ।

ਸ਼ਾਇਦ ਇਸੇ ਕਾਰਨ ਵਿਸ਼ਵ ਆਰਥਿਕ ਸੰਗਠਨ ਨੇ ਇਹ ਅਨੁਮਾਨ ਲਗਾਇਆ ਹੈ ਕਿ ਵਿਸ਼ਵ ਪੱਧਰ ’ਤੇ ਪੂਰੀ ਲਿੰਗਕ ਸਮਾਨਤਾ 2150 ਤੱਕ ਹੀ ਆ ਸਕੇਗੀ। ਮਤਲਬ ਇਹ ਹੈ ਕਿ ਅਜੇ 125 ਸਾਲ ਹੋਰ ਲੱਗਣਗੇ। ਕੀ ਤਦ ਤੱਕ ਇੰਜ ਹੀ ਸੱਜ ਵਿਆਹੀਆਂ ਨੂੰ ਤੰਗ-ਪਰੇਸ਼ਾਨ ਕੀਤਾ ਜਾਂਦਾ ਰਹੇਗਾ ਅਤੇ ਧੀਆਂ ਗਰਭ ਵਿਚ ਮਾਰੀਆਂ ਜਾਂਦੀਆਂ ਰਹਿਣਗੀਆਂ? ਜੇ ਮਾਤਾ-ਪਿਤਾ ਨੇ ਸਮਾਜ ਨਾਲ ਸੰਘਰਸ਼ ਕਰਦੇ ਹੋਏ ਉਨ੍ਹਾਂ ਨੂੰ ਜਨਮ ਦੇ ਵੀ ਦਿੱਤਾ ਤਾਂ ਕੀ ਉਹ ਫਿਰ ਦਾਜ ਦੇ ਦੈਂਤ ਦਾ ਸ਼ਿਕਾਰ ਹੋਣਗੀਆਂ? ਦਾਜ ਰੋਕੂ ਇੱਕ ਧਰਮ-ਨਿਰਪੱਖ ਐਕਟ ਹੈ ਅਤੇ ਹਰ ਧਰਮ-ਫ਼ਿਰਕੇ ਦੇ ਲੋਕਾਂ ’ਤੇ ਲਾਗੂ ਹੁੰਦਾ ਹੈ।

ਇਹੀ ਕਾਰਨ ਹੈ ਕਿ ਅਜਮਲ ਬੇਗ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਕੱਠੇ ਕਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਉਦਾਹਰਨ ਵਜੋਂ, ਸਕੂਲੀ ਪਾਠਕ੍ਰਮ ਵਿੱਚ ਅਜਿਹੇ ਬਦਲਾਅ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਨਾਲ ਲਿੰਗਕ ਰੂੜੀਵਾਦ ਖ਼ਤਮ ਹੋ ਸਕੇ। ਸ਼ੁਰੂ ਤੋਂ ਹੀ ਸੁਨੇਹਾ ਜਾਣਾ ਚਾਹੀਦਾ ਹੈ ਕਿ ਵਿਆਹ ਵਿੱਚ ਦੋਵੇਂ ਪੱਖ ਬਰਾਬਰ ਹਨ ਅਤੇ ਕੋਈ ਵੀ ਦੂਜੇ ਦੇ ਅਧੀਨ ਨਹੀਂ ਹੈ। ਇਹ ਸੰਵਿਧਾਨਕ ਸਮਾਨਤਾ ਦੀ ਭਾਵਨਾ ਜਦ ਤੱਕ ਸਮਾਜਿਕ ਸਮਾਨਤਾ ਦੇ ਧਰਾਤਲ ’ਤੇ ਹਕੀਕੀ ਰੂਪ ਨਹੀਂ ਧਾਰੇਗੀ, ਉਦੋਂ ਤੱਕ ਅਸੀਂ ਪੂਰਨ ਨਿਆਂ ਪ੍ਰਾਪਤ ਕਰਨ ਦੀ ਸਥਿਤੀ ਵਿੱਚ ਨਹੀਂ ਹੋਵਾਂਗੇ।

ਸਾਰੇ ਰਾਜਾਂ ਵਿੱਚ ਨਾ ਸਿਰਫ਼ ਦਾਜ ਰੋਕੂ ਅਧਿਕਾਰੀਆਂ ਦੀ ਪ੍ਰਭਾਵਸ਼ਾਲੀ ਨਿਯੁਕਤੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਬਲਕਿ ਉਨ੍ਹਾਂ ਦੇ ਨਾਂ, ਫੋਨ ਨੰਬਰ ਅਤੇ ਈ-ਮੇਲ ਵਰਗੀਆਂ ਜਾਣਕਾਰੀਆਂ ਸਥਾਨਕ ਪੱਧਰ ’ਤੇ ਵਿਆਪਕ ਰੂਪ ਵਿਚ ਪ੍ਰਸਾਰਿਤ ਕਰਨ ਦੇ ਨਾਲ ਉਨ੍ਹਾਂ ਨੂੰ ਸੰਵੇਦਨਸ਼ੀਲ ਬਣਾਇਆ ਜਾਣਾ ਚਾਹੀਦਾ ਹੈ।

ਮਹਿਲਾ ਅਤੇ ਬਾਲ ਕਲਿਆਣ ਅਧਿਕਾਰੀਆਂ ਦੇ ਨਾਲ-ਨਾਲ ਪੁਲਿਸ ਅਤੇ ਨਿਆਇਕ ਅਧਿਕਾਰੀਆਂ ਨੂੰ ਵੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਦਾਜ ਕਾਰਨ ਮੌਤਾਂ ਅਤੇ ਕਰੂਰਤਾ ਦੇ ਮਾਮਲਿਆਂ ਦੇ ਸਮਾਜਿਕ-ਮਨੋਵਿਗਿਆਨਕ ਪਹਿਲੂਆਂ ਨੂੰ ਉੱਚਿਤ ਤਰੀਕੇ ਨਾਲ ਸਮਝਿਆ ਜਾ ਸਕੇ ਅਤੇ ਅਸਲ ਮਾਮਲਿਆਂ ਅਤੇ ਝੂਠੇ ਜਾਂ ਦੁਰਵਰਤੋਂ ਵਾਲੇ ਮਾਮਲਿਆਂ ਵਿੱਚ ਫ਼ਰਕ ਕੀਤਾ ਜਾ ਸਕੇ। ਇਸੇ ਕਾਰਨ ਸਾਰੇ ਹਾਈ ਕੋਰਟਾਂ ਨੂੰ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਦਾਜ ਕਾਰਨ ਮੌਤ ਅਤੇ ਦਹੇਜ ਕਾਰਨ ਤੰਗ-ਪਰੇਸ਼ਾਨ ਕਰਨ ਨਾਲ ਜੁੜੇ ਬਕਾਇਆ ਮਾਮਲਿਆਂ ਦੀ ਸਮੀਖਿਆ ਕਰ ਕੇ ਉਨ੍ਹਾਂ ਦੇ ਜਲਦ ਨਿਪਟਾਰੇ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ।

ਇਸ ਦਾ ਮਤਲਬ ਇਹ ਹੈ ਕਿ ਸਮਾਜ ਦਾ ਹਰ ਪਰਿਵਾਰ ਆਪਣੇ ਬੱਚਿਆਂ ਨੂੰ ਸਿੱਖਿਆ ਦੇਵੇ, ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਿਖਲਾਈ ਦੇਵੇ ਅਤੇ ਸਮਾਨਤਾ ਦੇ ਮਜ਼ਬੂਤ ਤਾਣੇ-ਬਾਣੇ ਨਾਲ ਵਿਆਹ ਜਿਹੇ ਰਿਸ਼ਤੇ ਦੀ ਬੁਨਿਆਦ ਰੱਖੇ ਤਾਂ ਜੋ ਪੂਰੇ ਸਮਾਜ ਨੂੰ ਇਹ ਸੁਨੇਹਾ ਮਿਲੇ ਕਿ ਵਿਆਹ ਇੱਕ ਸਮਾਜਿਕ ਸੰਸਥਾ ਹੈ ਅਤੇ ਮਾਂ ਬਣਨਾ ਇੱਕ ਸਮਾਜਿਕ ਜ਼ਿੰਮੇਵਾਰੀ। ਗ੍ਰਹਿਸਥੀ ਦੀ ਗੱਡੀ ਇਕ ਪਹੀਏ ’ਤੇ ਨਹੀਂ ਚੱਲ ਸਕਦੀ ਬਲਕਿ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ। ਇੱਕ ਸੁਲਝੇ ਹੋਏ ਪਰਿਵਾਰ ਵਿੱਚ ਹੀ ਇੱਕ ਸੁਲਝਿਆ ਹੋਇਆ ਸਮਾਜ ਵਸਦਾ ਹੈ।

**-(ਲੇਖਿਕਾ ਕਾਸ਼ੀ ਹਿੰਦੂ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿੱਚ ਪ੍ਰੋਫ਼ੈਸਰ ਹੈ)।**

# ਸਿਕਲੀਗਰ ਕਬੀਲੇ ਦਾ ਸਿੱਖ ਇਤਿਹਾਸ ਵਿੱਚ ਯੋਗਦਾਨ

**ਡਾ. ਬਿਕਰਮਜੀਤ ਸਿੰਘ**

ਪੰਜਾਬੀ ਸਭਿਆਚਾਰ 'ਚ ਅਨੇਕਾਂ ਜਾਤੀਆਂ, ਧਰਮਾਂ, ਨਸਲਾਂ, ਕੌਮਾਂ ਅਤੇ ਕਬੀਲਿਆਂ ਦਾ ਮਿਸ਼ਰਣ ਮਿਲਦਾ ਹੈ। ਪੰਜਾਬੀ ਸੱਭਿਆਚਾਰ 'ਚ ਬਹੁਤ ਸਾਰੇ ਕਬੀਲੇ ਸਮੇਂ-ਸਮੇਂ ਸ਼ਾਮਿਲ ਹੁੰਦੇ ਰਹਿੰਦੇ ਹਨ। ਹੌਲੀ-ਹੌਲੀ ਇਨ੍ਹਾਂ ਕਬੀਲਿਆਂ ਦਾ ਪੰਜਾਬੀ ਸੱਭਿਆਚਾਰ 'ਚ ਸੁਮੇਲ ਹੁੰਦਾ ਗਿਆ। ਵਰਤਮਾਨ ਸਮੇਂ 'ਚ ਬਹੁਤ ਸਾਰੇ ਕਬੀਲੇ ਪੰਜਾਬੀ ਸੱਭਿਆਚਾਰ 'ਚ ਸੰਮਲਿਤ ਹੋ ਚੁੱਕੇ ਹਨ, ਪ੍ਰੰਤੂ ਇਨ੍ਹਾਂ ਕਬੀਲਿਆਂ ਦੇ ਜੀਵਨ ਵਿਵਹਾਰ ਦੇ ਪੈਟਰਨ ਪੰਜਾਬੀ ਸੱਭਿਆਚਾਰ 'ਚ ਵੱਖਰੇ ਹੀ ਪਹਿਚਾਣੇ ਜਾ ਸਕਦੇ ਹਨ। ਪੰਜਾਬੀ ਸੱਭਿਆਚਾਰ ਦੇ ਸੰਦਰਭ 'ਚ ਇਨ੍ਹਾਂ ਕਬੀਲਿਆਂ ਦੀ ਬੜੀ ਅਹਿਮੀਅਤ ਹੈ। ਪੰਜਾਬ 'ਚ ਵਸਣ ਵਾਲੇ ਕਬੀਲੇ ਕਿਸੇ ਨਾ ਕਿਸੇ ਲੋਕ ਸਿਰਜਣਾ ਨਾਲ ਜੁੜੇ ਹੋਏ ਹਨ। ਖੇਤੀਬਾੜੀ ਦੀ ਲੋੜ ਵਜੋਂ ਕੰਮ ਆਉਣ ਵਾਲੇ ਸੰਦਾਂ ਦਾ ਨਿਰਮਾਣ ਕਰਨਾ, ਜਿਵੇਂ ਛੱਜ ਬਣਾਉਣੇ, ਵਾਣ ਵੱਟਣਾ, ਟੋਕਰੀਆਂ ਬਣਾਉਣਾ, ਨਵੇਂ ਦੌਰ 'ਚ ਢੋਲ ਵਜਾਉਣਾ ਆਦਿ ਕਿੱਤੇ ਵੱਖ-ਵੱਖ ਕਬੀਲਿਆਂ ਨਾਲ ਸੰਬੰਧਿਤ ਹਨ। ਪੰਜਾਬੀ ਸੱਭਿਆਚਾਰ 'ਚ ਤਕਰੀਬਨ 30 ਕਬੀਲਿਆਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਪ੍ਰੰਤੂ ਵਰਤਮਾਨ ਸਮੇਂ 'ਚ 8 ਕਬੀਲਿਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਪੰਜਾਬ 'ਚ ਵਸਦੇ ਪ੍ਰਮੁੱਖ ਕਬੀਲੇ ਸਾਂਸੀ, ਬਾਜ਼ੀਗਰ, ਬੋਰੀਆਂ, ਗੁੱਜਰ, ਮਿਆਰੀ, ਸ਼ਿਕਾਰ, ਗਾਡੀਲੁਹਾਰ (ਗੱਡੀਆਂ ਵਾਲੇ) ਆਦਿ ਕਬੀਲੇ ਵੱਸੇ ਹੋਏ ਹਨ।

'ਸਿਕਲੀਗਰ' ਸ਼ਬਦ ਫ਼ਾਰਸੀ ਭਾਸ਼ਾ ਦੇ 'ਸਕਲਗਰ' ਦਾ ਪੰਜਾਬੀ ਰੂਪਾਂਤਰ ਹੈ, ਜਿਸ ਦਾ ਅਰਥ ਹੈ-ਸਿਕਲ ਕਰਨ ਵਾਲਾ, ਜੰਗ (ਜੰਗਾਲ) ਉਤਾਰਨ ਵਾਲਾ। ਅਰਬੀ/ਫ਼ਾਰਸੀ 'ਚ 'ਸਕਲ' (ਸਿਕਲ) ਦਾ ਅਰਥ ਹੈ- ਸਾਫ਼ ਕਰਨ ਦੀ ਕਿਰਿਆ, ਜੰਗ ਉਤਾਰ ਕੇ ਸ਼ਸਤਰ ਆਦਿ ਨੂੰ ਚਮਕਾਉਣ ਦਾ ਕਰਮ।



ਪੰਜਾਬ ਦੇ ਟੱਪਰੀਵਾਸ ਕਬੀਲਿਆਂ 'ਚ ਸਿਕਲੀਗਰ ਕਬੀਲੇ ਦਾ ਪ੍ਰਮੁੱਖ ਸਥਾਨ ਹੈ। ਸਿਕਲੀਗਰ ਕਬੀਲੇ ਦੇ ਲੋਕ ਲੋਹੇ ਦੇ ਕੰਮ ਨਾਲ ਜੁੜੇ ਹੋਏ ਹਨ। ਇਸ ਕਬੀਲੇ ਦੇ ਲੋਕ ਲੋਹੇ ਦੇ ਨਿਪੁੰਨ ਕਾਰੀਗਰ ਹੁੰਦੇ ਹਨ। ਇਹ ਲੋਹੇ ਤੋਂ ਹਥਿਆਰ ਅਤੇ ਘਰੇਲੂ ਲੋੜੀਂਦੀਆਂ ਵਸਤਾਂ ਤਿਆਰ ਕਰਦੇ ਹਨ। ਲੋਹੇ ਦੇ ਹਥਿਆਰ ਬਣਾਉਣ 'ਚ ਇਨ੍ਹਾਂ ਨੂੰ ਖ਼ਾਸ ਮੁਹਾਰਤ ਹਾਸਿਲ ਹੁੰਦੀ ਹੈ। ਜੇਕਰ ਇਨ੍ਹਾਂ ਦੇ ਇਤਿਹਾਸਕ ਪਿਛੋਕੜ ਦੀ ਗੱਲ ਕਰੀਏ ਤਾਂ ਇਹ ਆਪਣਾ ਸੰਬੰਧ ਰਾਜਸਥਾਨ ਦੇ ਮਾਰਵਾੜ ਦੇ ਇਲਾਕੇ ਦੇ ਨਾਲ ਜੋੜਦੇ ਹਨ। ਕਬੀਲੇ ਦੇ ਲੋਕਾਂ ਅਨੁਸਾਰ ਇਨ੍ਹਾਂ ਦੇ ਪੂਰਵਜ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਬੁਲਾਵੇ 'ਤੇ ਪੰਜਾਬ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਹਿਬਾਨਾਂ ਦੀ ਸੇਵਾ 'ਚ ਵਿਚਰਦੇ ਰਹੇ। ਇਹ ਗੁਰੂ ਸਹਿਬਾਨਾਂ ਅਤੇ ਸਿੱਖਾਂ ਵਾਸਤੇ ਹਥਿਆਰ ਤਿਆਰ ਕਰਦੇ ਸਨ। ਸਿਕਲੀਗਰ ਕਬੀਲੇ ਦੇ ਬਾਬਾ ਰਾਮ ਸਿੰਘ ਅਤੇ ਬਾਬਾ ਵੀਰ ਸਿੰਘ ਗੁਰੂ ਗੋਬਿੰਦ ਸਿੰਘ ਦੀ ਫ਼ੌਜ 'ਚ ਉੱਚ ਅਹੁਦਿਆਂ 'ਤੇ ਰਹੇ ਸਨ। ਇਨ੍ਹਾਂ ਨੇ ਆਪਣੇ ਹੱਥੀਂ ਤਿਆਰ ਕੀਤੀਆਂ ਵਿਸ਼ੇਸ਼ ਕਿਸਮ ਦੀਆਂ ਬੰਦੂਕਾਂ ਗੁਰੂ ਸਾਹਿਬ ਨੂੰ ਭੇਟ ਕੀਤੀਆਂ ਸਨ। ਗੁਰੂ ਸਾਹਿਬ ਦੀ ਮਿਹਰ ਹੇਠ ਇਹ ਸਿੱਖ ਧਰਮ ਨਾਲ ਜੁੜ ਗਏ। ਸਿਕਲੀਗਰ ਕਬੀਲੇ ਦੇ ਲੋਕ ਜ਼ਿਆਦਾਤਰ ਨਿਰੰਕਾਰੀ ਸੰਪਰਦਾਇ ਅਤੇ ਸਿੱਖ ਧਰਮ ਨਾਲ ਜੁੜੇ ਹੋਏ ਹਨ। ਸਿੱਖ ਰਾਜ ਦੇ ਪਤਨ ਤੋਂ ਬਾਅਦ ਹਥਿਆਰ ਬਣਾਉਣ ਦੇ ਕਿੱਤੇ ਦਾ ਵੀ ਪਤਨ ਹੋ ਗਿਆ। ਸੋ, ਅੱਜ ਸਿਕਲੀਗਰ ਕਬੀਲੇ ਨਾਲ ਸੰਬੰਧਤ ਲੋਕ ਬਹੁਗਿਣਤੀ 'ਚ ਬਾਜ਼ਾਰੂ ਵਸਤਾਂ ਨੂੰ ਹੀ ਪਿੰਡਾਂ 'ਚ ਵੇਚਣ ਜਾਂਦੇ ਹਨ ਜਾਂ ਰਸੋਈ 'ਚ ਲੋੜੀਂਦੀਆਂ ਛੋਟੀਆਂ-ਮੋਟੀਆਂ ਵਸਤਾਂ ਹੀ ਤਿਆਰ ਕਰਦੇ ਹਨ। ਸਿਕਲੀਗਰ ਕਬੀਲੇ 'ਚ ਗੋਤਰ ਸਤਰੀਕਰਣ ਪਾਇਆ ਜਾਂਦਾ ਹੈ। ਸਿਕਲੀਗਰ ਕਬੀਲੇ ਨੂੰ ਮੁੱਖ ਰੂਪ 'ਚ ਤੇਰਾਂ ਗੋਤਾਂ 'ਚ ਵੰਡਿਆ ਜਾਂਦਾ ਹੈ। ਸਿਕਲੀਗਰ ਕਬੀਲੇ ਦੇ ਪ੍ਰਮੱਖ ਗੋਤਰ ਜੂਨੀ, ਡਾਂਗੀ, ਭੇਂਟ, ਟਾਂਕ, ਖੀਚੀ, ਤਲਬਿਥੀਆਂ, ਬਉਗੀਏ, ਘਾਸੀ ਟਾਂਕ, ਪਟੋਆ, ਘਟਾੜੇ, ਪਿਆਲਾ, ਜਿਊਣੀ ਆਦਿ ਹਨ। ਇਨ੍ਹਾਂ ਗੋਤਰਾਂ ਦੀਆਂ ਅੱਗੋਂ ਉਪ ਗੋਤਰਾਂ ਵੀ ਹਨ। ਗੋਤਰਾਂ ਨੂੰ ਲੈ ਕੇ ਕਬੀਲੇ 'ਚ ਸਖ਼ਤ ਮਨਾਹੀਆਂ ਮੌਜੂਦ ਹਨ। ਸਾਰੇ ਗੋਤਰਾਂ ਵਲੋਂ ਹੀ ਇਨ੍ਹਾਂ ਮਨਾਹੀਆਂ ਦੀ ਪਾਲਣਾ ਕੀਤੀ ਜਾਂਦੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤਕ ਦੇ ਲੰਮੇ ਸਮੇਂ ਦੌਰਾਨ ਹਥਿਆਰਬੰਦ ਸੰਘਰਸ਼ ਦੀ ਲੋੜ ਨਾ ਪਈ। ਇਹ ਹਾਲਾਤ ਰਾਜਪੂਤੀ ਸੁਭਾਅ ਦੇ ਅਨੁਕੂਲ ਨਹੀਂ ਸਨ। ਇਸੇ ਸਮੇਂ ਦੌਰਾਨ ਕੁਝ ਮਾਰਵਾੜੀ ਪਰਿਵਾਰ ਵਾਪਸ ਮਾਤ-ਭੂਮੀ ਵੱਲ ਪਰਤ ਗਏ। ਕਈ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਖਿੰਡ ਗਏ। ਕਈਆਂ ਨੇ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰਿਆਸਤੀ ਰਜਵਾੜਿਆਂ ਨੂੰ ਹਥਿਆਰ ਵੇਚਣ ਲੱਗ ਪਏ। ਦੂਜੇ ਪਾਸੇ, ਮਾਰਵਾੜ ਅਤੇ ਹੋਰ ਰਾਜਪੂਤ ਰਾਜਿਆਂ-ਰਜਵਾੜਿਆਂ ਦੀਆਂ ਆਪਸੀ ਲੜਾਈਆਂ, ਮੁਗ਼ਲਾਂ ਦੇ ਹਮਲਿਆਂ, ਰਾਜਪੂਤਾਂ ਦੇ ਆਪਸੀ ਵੈਰ-ਵਿਰੋਧ ਅਤੇ ਪਰਿਵਾਰਕ ਤੰਗੀ-ਤਰੁਸ਼ੀ ਦੇ ਸਤਾਏ ਬਹੁਤ ਸਾਰੇ ਰਾਜਪੂਤ ਪਰਿਵਾਰ ਮਾਤ-ਭੂਮੀ ਛੱਡ ਕੇ ਪੰਜਾਬ ਵੱਲ ਆ ਰਹੇ ਸਨ। ਇਹ ਘੁਮੱਕੜ/ਟੱਪਰੀਵਾਸ ਕਬੀਲਿਆਂ ਦੇ ਰੂਪ 'ਚ ਇੱਧਰ-ਉੱਧਰ ਘੁੰਮਦੇ ਰਹਿੰਦੇ ਸਨ ਅਤੇ ਟਿਕ ਕੇ ਨਹੀਂ ਸੀ ਬਹਿੰਦੇ।

ਹੌਲੀ-ਹੌਲੀ ਇਹ ਮੁੱਖ ਧਾਰਾ ਨਾਲੋਂ ਟੁੱਟ ਗਏ। ਜਿਹੜੇ ਪਰਿਵਾਰ ਕਿਸੇ ਕਾਰਨ ਵਾਪਸ ਆਪਣੀ ਧਰਤੀ ਵੱਲ ਪਰਤ ਵੀ ਜਾਂਦੇ, ਉਨ੍ਹਾਂ ਨੂੰ ਮਾਰਵਾੜ ਦੀ ਰਾਜਪੂਤ ਅੱਖ ਨਫ਼ਰਤ ਨਾਲ ਵੇਖਦੀ ਸੀ। ਮਾਰਵਾੜ ਰਹਿੰਦੇ ਰਾਜਪੂਤਾਂ ਨੇ ਇਨ੍ਹਾਂ ਦੇ ਰਿਸ਼ਤੇ ਲੈਣ-ਦੇਣ ਤੋਂ ਨਾਂਹ ਕਰ ਦਿੱਤੀ। ਅਜਿਹੀਆਂ ਸਥਿਤੀਆਂ 'ਚੋਂ ਹੀ ਵੱਟੋ-ਸੱਟਾ ਵਿਆਹ-ਪ੍ਰਥਾ ਪ੍ਰਚੱਲਿਤ ਹੋਈ ਅਤੇ ਅਜਿਹੇ ਕਈ ਕਾਰਨ ਪੈਦਾ ਹੋਏ, ਜਿਨ੍ਹਾਂ ਨੇ ਮਾਰਵਾੜੀ ਲੋਹਾਰਾਂ ਨੂੰ ਕਬੀਲਾਵਾਦ ਦੀਆਂ ਪੀਡੀਆਂ ਵਲਗਣਾਂ 'ਚ ਜਕੜ ਦਿੱਤਾ। ਇੱਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਾਤੀ-ਪਾਤੀ ਭਾਵਨਾ ਦੇ ਨਾਲ-ਨਾਲ ਕਈ ਹੋਰ ਸਮਾਜਿਕ ਬੰਦਿਸ਼ਾਂ ਤੇ ਕਬੀਲਾਵਾਦੀ ਰੀਤਾਂ ਸ਼ੁਰੂ ਤੋਂ ਹੀ ਰਾਜਪੂਤੀ ਜੀਵਨ-ਸ਼ੈਲੀ ਅਤੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਹਨ।ਇਕ ਰਵਾਇਤ ਅਨੁਸਾਰ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਪ੍ਰਦਾਨ ਕੀਤੀ ਸੀ। ਡਾ. ਕਿਰਪਾਲ ਸਿੰਘ ਕਜ਼ਾਕ ਨੇ ਸਿਕਲੀਗਰ ਬਜ਼ੁਰਗਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਜਦੋਂ ਉਨ੍ਹਾਂ ਨੇ ਕਬੀਲਾ ਮਾਰਵਾੜੀ ਲੋਹਾਰਾਂ ਨੂੰ ਪ੍ਰੇਮ ਅਤੇ ਸ਼ਰਧਾ ਨਾਲ ਹਥਿਆਰਾਂ ਨੂੰ ਚਮਕਾਉਂਦੇ (ਸਿਕਲ ਕਰਦੇ) ਵੇਖਿਆ ਤਾਂ ਉਨ੍ਹਾਂ ਖ਼ੁਸ਼ ਹੋ ਕੇ ਕਬੀਲੇ ਦੀ ਸਮੁੱਚੀ ਲੋਹਵੰਸ਼ ਨੂੰ ਹੀ 'ਸਿਕਲੀਗਰਾਂ' ਦੀ ਉਪਾਧੀ ਨਾਲ ਨਿਵਾਜ ਦਿੱਤਾ, ਜਿਸ ਮਗਰੋਂ ਇਹ ਸਮੁੱਚਾ ਕਬੀਲਾ ਹੀ ਸਿਕਲੀਗਰਾਂ ਵਜੋਂ ਜਾਣਿਆ ਜਾਣ ਲੱਗਾ।

ਗੁਰੂ ਗੋਬਿੰਦ ਸਿੰਘ ਤੋਂ ਬਾਅਦ 'ਸਿਕਲੀਗਰ' ਸ਼ਬਦ, ਸ਼ਸਤਰ ਤਿਆਰ ਕਰਨ ਵਾਲੇ ਮਾਰਵਾੜੀ ਕਬੀਲਿਆਂ ਲਈ ਰੂੜ੍ਹ ਹੋ ਚੁੱਕਾ ਸੀ। ਉਹ ਤਲਵਾਰ ਦਾ ਯੁੱਗ ਸੀ, ਜਦੋਂ ਆਧੁਨਿਕ ਹਥਿਆਰਾਂ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ। ਬਿਨਾਂ ਸ਼ੱਕ ਅਠ੍ਹਾਰਵੀਂ ਸਦੀ ਦੌਰਾਨ ਹਥਿਆਰਬੰਦ ਸੰਘਰਸ਼ ਜ਼ੋਰਾਂ 'ਤੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਅਤੇ ਉਸ ਤੋਂ ਬਾਅਦ ਸ਼ਸਤਰਾਂ ਦੀ ਲੋੜ ਸੁਭਾਵਿਕ ਸੀ। ਅਜਿਹੇ ਸਮੇਂ ਬਾਬਾ ਬੰਦਾ ਸਿੰਘ ਨਾਲ ਸਿਕਲੀਗਰਾਂ ਦੇ ਹੋਣ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਸੇ ਕਾਰਨ ਉਸ ਸਮੇਂ ਸਿਕਲੀਗਰ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ, ਟੱਪਰੀਵਾਸ ਤਰਜ਼ 'ਤੇ ਘੁੰਮਦੇ-ਘੁੰਮਾਉਂਦੇ ਹੀ ਹਥਿਆਰ ਬਣਾਉਂਦੇ ਅਤੇ ਸਥਾਨਕ ਰਜਵਾੜਿਆਂ ਸਮੇਤ ਜਿੱਥੇ-ਜਿੱਥੇ ਵੀ ਸੰਭਵ ਹੁੰਦਾ, ਵੇਚ ਦਿੰਦੇ। ਇਸ ਕੰਮ ਦੇ ਨਾਲ-ਨਾਲ ਉਨ੍ਹਾਂ ਨੇ ਆਮ ਲੋਕਾਂ ਲਈ ਚਾਕੂ-ਛੁਰੀਆਂ ਆਦਿ ਚੀਜ਼ਾਂ ਬਣਾਉਣ ਦੇ ਕੰਮ ਕਰਨੇ ਵੀ ਜਾਰੀ ਰੱਖੇ ਹੋਏ ਸਨ।

ਰਾਜੇ-ਰਜਵਾੜਿਆਂ ਦੀ ਆਪਸੀ ਖਹਿਬਾਜ਼ੀ/ਖਾਨਾਜੰਗੀ ਅਤੇ ਬਦੇਸ਼ੀ ਹਮਲਾਵਰਾਂ ਦੀ ਵਜ੍ਹਾ ਕਰਕੇ ਸਿਕਲੀਗਰ ਕਬੀਲੇ ਦੀ ਬੱਝਵੀਂ ਸ਼ਕਤੀ ਖਿੰਡ-ਪੁੰਡ ਚੁੱਕੀ ਸੀ। ਇਸ ਕਬੀਲੇ ਦੇ ਛੋਟੇ-ਛੋਟੇ ਟੋਲੇ, ਵੱਖੋ-ਵੱਖਰੀ ਥਾਵਾਂ 'ਤੇ ਵੱਖ-ਵੱਖ ਰਾਜਿਆਂ, ਸਰਦਾਰਾਂ ਲਈ ਕੰਮ ਕਰਦੇ ਸਨ। ਮਿਸਲਾਂ ਦੇ ਪ੍ਰਬੰਧ ਦੌਰਾਨ ਵੀ ਸਿਕਲੀਗਰ ਕਬੀਲੇ ਦੇ ਕਾਰੀਗਰ, ਵੱਖ-ਵੱਖ ਮਿਸਲਾਂ ਲਈ ਜੰਗੀ ਸਾਜ਼ੋ-ਸਾਮਾਨ ਤਿਆਰ ਕਰਦੇ ਸਨ।

# ਦੂਸ਼ਿਤ ਹੋ ਚੁੱਕੇ ਹਨ ਹਵਾ, ਪਾਣੀ ਅਤੇ ਮਿੱਟੀ



**ਪ੍ਰਕਾਸ਼ ਸਿੰਘ ਗਿੱਲ**
ਲੈਕਚਰਾਰ (ਪੰਜਾਬੀ) ਦਿੱਲੀ।





ਧਰਤੀ, ਜਿਸ ਨੂੰ ਜੀਵਨ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ, ਅੱਜ ਪ੍ਰਦੂਸ਼ਣ ਦੀ ਮਾਰ ਨਾਲ ਬੁਰੀ ਤਰ੍ਹਾਂ ਕੁਰਲਾ ਰਹੀ ਹੈ। ਹਵਾ, ਪਾਣੀ ਅਤੇ ਮਿੱਟੀ-ਤਿੰਨੋਂ ਹੀ ਦੂਸ਼ਿਤ ਹੋ ਚੁੱਕੇ ਹਨ। ਰੁੱਖਾਂ ਦੀ ਥਾਂ ਕੰਕਰੀਟ ਨੇ ਲੈ ਲਈ ਹੈ ਅਤੇ ਦਰਿਆਵਾਂ ਨੇ ਆਬ ਨਹੀਂ, ਬਲਕਿ ਜ਼ਹਿਰ ਵਹਾਉਣਾ ਸ਼ੁਰੂ ਕਰ ਦਿੱਤਾ ਹੈ। ਹਵਾ, ਪਾਣੀ, ਮਿੱਟੀ ਅਤੇ ਧੁਨੀ ਪ੍ਰਦੂਸ਼ਣ ਤੇਜ਼ੀ ਨਾਲ ਵਧ ਰਹੇ ਹਨ ਜਿਸ ਨਾਲ ਪ੍ਰਕਿਰਤੀ ਦਾ ਸੰਤੁਲਨ ਵਿਗੜ ਰਿਹਾ ਹੈ। ਇਸ ਹਾਲਤ ਵਿੱਚ ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਵਧ ਰਹੇ ਪ੍ਰਦੂਸ਼ਣ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ? ਸਭ ਤੋਂ ਵੱਡੀ ਜ਼ਿੰਮੇਵਾਰੀ ਮਨੁੱਖ ਦੀ ਖ਼ੁਦ ਆਪਣੇ ਉੱਤੇ ਆਉਂਦੀ ਹੈ।ਉਦਯੋਗਾਂ ਦਾ ਬੇਤਰਤੀਬੀ ਨਾਲ ਵਧਣਾ, ਫੈਕਟਰੀਆਂ ਵਿੱਚੋਂ ਨਿਕਲਣ ਵਾਲਾ ਧੂੰਆਂ ਅਤੇ ਰਸਾਇਣਕ ਕੂੜਾ ਆਦਿ ਹਵਾ ਅਤੇ ਪਾਣੀ ਨੂੰ ਜ਼ਹਿਰੀਲੇ ਬਣਾ ਰਹੇ ਹਨ।ਉਦਯੋਗਾਂ ਦੀ ਲਾਪਰਵਾਹੀ ਉਸ ਵਕਤ ਤੱਕ ਕਾਇਮ ਰਹਿੰਦੀ ਹੈ ਜਦ ਤੱਕ ਸਰਕਾਰ ਅਤੇ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਹੀਂ ਨਿਭਾਉਂਦੇ। ਕਾਨੂੰਨ ਕਾਗਜ਼ਾਂ ਤੱਕ ਹੀ ਸੀਮਿਤ ਰਹਿ ਜਾਣ, ਨਿਗਰਾਨੀ ਕਮਜ਼ੋਰ ਹੋਵੇ ਅਤੇ ਸਜ਼ਾ ਨਰਮ-ਤਾਂ ਪ੍ਰਦੂਸ਼ਣ ਰੋਕਣ ਦੀ ਮੁਹਿੰਮ ਅਧੂਰੀ ਰਹਿ ਜਾਂਦੀ ਹੈ।

ਸੜਕਾਂ 'ਤੇ ਚੱਲਣ ਵਾਲੀਆਂ ਗੱਡੀਆਂ ਦੀ ਗਿਣਤੀ ਵਿੱਚ ਬੇਹਿਸਾਬ ਵਾਧਾ ਵੀ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਹੈ।ਸਹੂਲਤਾਂ ਦੀ ਦੌੜ ਵਿਚ ਮਨੁੱਖ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਰਿਹਾ ਹੈ। ਪ੍ਰਦੂਸ਼ਣ ਫੈਲਾਉਣ ਵਿੱਚ ਪਲਾਸਟਿਕ ਦੀ ਅਤਿ-ਵਰਤੋਂ ਵੀ ਇਕ ਹੋਰ ਵੱਡਾ ਕਾਰਨ ਹੈ।ਪਲਾਸਟਿਕ ਨੂੰ ਖ਼ਤਮ ਹੋਣ ਵਿੱਚ ਸੈਂਕੜੇ ਸਾਲ ਲੱਗਦੇ ਹਨ ਅਤੇ ਇਹ ਧਰਤੀ ਅਤੇ ਸਮੁੰਦਰੀ ਜੀਵਾਂ ਲਈ ਵੱਡਾ ਖ਼ਤਰਾ ਬਣ ਚੁੱਕੀ ਹੈ। ਕੂੜੇ-ਕਰਕਟ ਦੀ ਸਹੀ ਨਿਪਟਾਰਾ ਪ੍ਰਣਾਲੀ ਨਾ ਹੋਣ ਕਰਕੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਚੱਲਣ ਵਾਲੀਆਂ ਗੰਦੀਆਂ ਹਵਾਵਾਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ।ਇਸ ਦੇ ਨਾਲ ਹੀ, ਸਰਕਾਰਾਂ ਅਤੇ ਪ੍ਰਸ਼ਾਸਨ ਦੀ ਬੇਧਿਆਨੀ ਵੀ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ। ਕਈ ਥਾਵਾਂ 'ਤੇ ਵਾਤਾਵਰਨ ਸਬੰਧੀ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਜਦੋਂ ਨਿਗਰਾਨੀ ਕਮਜ਼ੋਰ ਹੋਵੇ ਤਾਂ ਫੈਕਟਰੀਆਂ ਅਤੇ ਹੋਰ ਸੰਸਥਾਵਾਂ ਅਕਸਰ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ। ਇਸ ਸਭ ਦੇ ਬਾਵਜੂਦ ਸਾਰੇ ਦੋਸ਼ ਸਿਰਫ਼ ਸਰਕਾਰ ਜਾਂ ਉਦਯੋਗਾਂ ਦੇ ਸਿਰ ਨਹੀਂ ਥੋਪੇ ਜਾ ਸਕਦੇ। ਆਮ ਲੋਕਾਂ ਦੀ ਅਗਿਆਨਤਾ ਅਤੇ ਲਾਪਰਵਾਹੀ ਵੀ ਪ੍ਰਦੂਸ਼ਣ ਵਧਾਉਂਦੀ ਹੈ। ਪੌਦੇ ਘੱਟ ਲਗਾਉਣੇ, ਕੂੜਾ ਖੁੱਲ੍ਹੇ ਵਿੱਚ ਸੁੱਟਣਾ, ਪਾਣੀ ਦੀ ਬਰਬਾਦੀ, ਪਟਾਕੇ ਚਲਾਉਣਾ-ਇਹ ਸਭ ਆਮ ਆਦਤਾਂ ਪ੍ਰਦੂਸ਼ਣ ਨੂੰ ਹੋਰ ਵਧਾਉਂਦੀਆਂ ਹਨ। ਮੈਂ ਕੌਮੀ ਰਾਜਧਾਨੀ ਦਿੱਲੀ ਵਿੱਚ ਰਹਿ ਰਿਹਾ ਹਾਂ। ਇੱਥੋਂ ਦੀ ਹਵਾ ਪੂਰੀ ਤਰ੍ਹਾਂ ਪਲੀਤ ਹੋ ਚੁੱਕੀ ਹੈ।


ਆਪਣੇ ਬਚਾਅ ਲਈ ਮੂੰਹ 'ਤੇ ਮਾਸਕ ਲਾਉਣਾ ਜ਼ਰੂਰੀ ਹੈ। ਰੋਜ਼ਾਨਾ ਏਕਿਊਆਈ ਵਿੱਚ ਵਾਧਾ ਹੋ ਰਿਹਾ ਹੈ। ਸਕੂਲਾਂ ਨੂੰ ਹਾਈਬ੍ਰਿਡ ਮੋਡ 'ਤੇ ਲਿਆਉਣਾ ਪੈਂਦਾ ਹੈ। ਬੱਚਿਆਂ ਦੇ ਫੇਫੜੇ ਸੁੰਗੜ ਰਹੇ ਹਨ। ਡਾਕਟਰਾਂ ਦੇ ਕਲੀਨਿਕਾਂ 'ਤੇ ਮਰੀਜ਼ਾਂ ਦੀ ਭੀੜ ਵਧ ਰਹੀ ਹੈ।ਸਾਹ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਬਿਮਾਰੀਆਂ ਠੀਕ ਹੋਣ ਦਾ ਨਾਂ ਨਹੀਂ ਲੈ ਰਹੀਆਂ। ਖੰਘ, ਜ਼ੁਕਾਮ ਨਾਲ ਹਰ ਕੋਈ ਪਰੇਸ਼ਾਨ ਹੈ।ਆਮ ਤੌਰ 'ਤੇ ਲੋਕਾਂ ਵੱਲੋਂ ਪ੍ਰਦੂਸ਼ਣ ਦਾ ਦੋਸ਼ ਗੁਆਂਢੀ ਸੂਬਿਆਂ ਖ਼ਾਸ ਤੌਰ 'ਤੇ ਕਿਸਾਨਾਂ 'ਤੇ ਮੜ੍ਹ ਦਿੱਤਾ ਜਾਂਦਾ ਹੈ ਪਰ ਲੋਕ ਇਹ ਭੁੱਲ ਜਾਂਦੇ ਹਨ ਕਿ ਕਿਸਾਨਾਂ ਤੋਂ ਪਹਿਲਾਂ ਉਹ ਆਪ ਵੀ ਜ਼ਿੰਮੇਵਾਰ ਹਨ।ਤਿਉਹਾਰਾਂ, ਵਿਆਹਾਂ ਸ਼ਾਦੀਆਂ ਤੇ ਕਈ ਹੋਰ ਸਮਾਰੋਹਾਂ ਵਿੱਚ ਖ਼ੁਸ਼ੀ ਦੇ ਨਾਂ ਤਾਂ 'ਤੇ ਚਲਾਏ ਜਾਣ ਵਾਲੇ ਪਟਾਕਿਆਂ ਰਾਹੀਂ ਮਹੀਨਿਆਂ ਬੱਧੀ ਜਿਹੜਾ ਪ੍ਰਦੂਸ਼ਣ ਰਹਿੰਦਾ ਹੈ, ਉਸ ਦੀ ਕੋਈ ਗੱਲ ਨਹੀਂ ਕਰਦਾ।

ਮੁੱਕਦੀ ਗੱਲ ਇਹ ਹੈ ਕਿ ਵਧ ਰਹੇ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਮਨੁੱਖ ਆਪ ਹੈ। ਜੇ ਮਨੁੱਖ ਸੱਚੇ ਮਨ ਨਾਲ ਵਾਤਾਵਰਨ ਦੀ ਸੰਭਾਲ ਕਰੇ, ਸਰਕਾਰ ਸਖ਼ਤੀ ਨਾਲ ਕਾਨੂੰਨ ਲਾਗੂ ਕਰੇ ਅਤੇ ਉਦਯੋਗ ਆਪਣੇ ਫ਼ਰਜ਼ ਨਿਭਾਉਣ ਤਾਂ ਪ੍ਰਦੂਸ਼ਣ 'ਚ ਕਾਫ਼ੀ ਹੱਦ ਤੱਕ ਕਮੀ ਆ ਸਕਦੀ ਹੈ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਧਰਤੀ ਸਾਡੀ ਸਾਂਝੀ ਧਰੋਹਰ ਹੈ। ਪ੍ਰਦੂਸ਼ਣ ਨੂੰ ਰੋਕਣਾ ਕਿਸੇ ਇਕ ਦੀ ਨਹੀਂ, ਸਭ ਦੀ ਜ਼ਿੰਮੇਵਾਰੀ ਹੈ। ਸੋ ਆਓ, ਆਉਣ ਵਾਲੀ ਪੀੜ੍ਹੀ ਨੂੰ ਸ਼ੁੱਧ ਵਾਤਾਵਰਨ ਮੁਹੱਈਆ ਕਰਾਉਣ ਲਈ ਪਹਿਲ ਕਰੀਏ। ਵਧ ਰਹੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਅਸੀਂ ਆਪ ਹਾਂ ਪਰ ਇਸ ਨੂੰ ਰੋਕਣ ਦੀ ਤਾਕਤ ਵੀ ਸਾਡੇ ਹੱਥਾਂ ਵਿਚ ਹੀ ਹੈ। ਅਸੀਂ ਜੇ ਬਦਲ ਜਾਈਏ ਤਾਂ ਦੁਨੀਆ ਬਦਲਣ ਤੋਂ ਕੋਈ ਨਹੀਂ ਰੋਕ ਸਕਦਾ। ਮੁਲਕ ਦਾ ਹਰ ਨਾਗਰਿਕ ਕੁਦਰਤ ਨਾਲ ਮਨੁੱਖਤਾ ਵਾਂਗ ਨਹੀਂ, ਬਲਕਿ ਆਪਣੀ ਮਾਤਾ ਵਾਂਗ ਵਿਹਾਰ ਕਰੇ-ਤਾਂ ਹੀ ਇਹ ਧਰਤੀ ਮੁੜ ਹਰੀ-ਭਰੀ ਹੋ ਸਕਦੀ ਹੈ ਤੇ ਇੱਥੋਂ ਦੇ ਪ੍ਰਦੂਸ਼ਣ ਨੂੰ ਖ਼ਤਮ ਕੀਤਾ ਜਾ ਸਕਦਾ ਹੈ।




# ਸਾਲ ਦੀ ਪਹਿਲੀ ਸੂਹੀ ਸਵੇਰ ਦੀ ਜ਼ੀਨਤ



**ਵਕਤ ਦਾ ਪਹੀਆ ਨਿਰੰਤਰ ਆਪਣੀ ਚਾਲੇ ਤੁਰਿਆ ਰਹਿੰਦਾ ਹੈ ਅਤੇ ਇਸ ਦੇ ਨਾਲ ਹੀ ਦਿਨ, ਮਹੀਨੇ ਅਤੇ ਸਾਲ ਬਦਲਦੇ ਜਾਂਦੇ ਹਨ। ਭਾਵੇਂ ਹਰ ਦਿਨ ਸਾਲ ਬਾਅਦ ਹੀ ਆਉਂਦਾ ਹੈ ਪਰ ਪਹਿਲੀ ਜਨਵਰੀ ਦਾ ਦਿਨ ਸਾਲ ਦਾ ਪਹਿਲਾ ਦਿਨ ਹੋਣ ਕਰਕੇ ਕਾਫ਼ੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਪਿੱਛੇ ਸ਼ਾਇਦ ਇਹ ਧਾਰਨਾ ਹੈ ਕਿ ਪਹਿਲਾ ਦਿਨ ਜਿਸ ਤਰ੍ਹਾਂ ਜੋਸ਼ੋ-ਖਰੋਸ਼ ਨਾਲ ਬੀਤੇਗਾ ਸਾਲ ਦਾ ਹਰ ਦਿਨ ਉਸੇ ਤਰ੍ਹਾਂ ਖ਼ੁਸ਼ੀਆਂ-ਖੇੜਿਆਂ ਦੀਆਂ ਸੁਗਾਤਾਂ ਨਾਲ ਸਾਡਾ ਵਿਹੜਾ ਰੁਸ਼ਨਾਉਂਦਾ ਰਹੇਗਾ। ਇਸ ਲਈ ਇਸ ਦਿਨ ਨੂੰ ਇਕ ਸਮਾਗਮ ਦੇ ਰੂਪ ਵਿਚ ਹਰ ਦੇਸ਼ ਅਤੇ ਵਰਗ ਦੇ ਲੋਕ ਆਪੋ-ਆਪਣੇ ਢੰਗ ਨਾਲ ਬਹੁਤ ਉਤਸੁਕਤਾ ਨਾਲ ਮਨਾਉਂਦੇ ਹਨ।**

ਨਵੇਂ ਸਾਲ 2026 ਨੇ ਸਾਡੇ ਬੂਹਿਆਂ 'ਤੇ ਦਸਤਕ ਦੇ ਦਿੱਤੀ ਹੈ। ਇਸ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਪੂਰੇ ਆਲਮ ਵਿੱਚ ਹੀ ਜਸ਼ਨ ਮਨਾਏ ਜਾ ਰਹੇ ਹਨ, ਇੱਕ ਪਾਸੇ ਖੁਸ਼ੀ ਵਿੱਚ ਢੋਲ ਤੇ ਨਗਾੜੇ ਵੱਜ ਰਹੇ ਹਨ, ਦੂਜੇ ਪਾਸੇ ਡਿਸਕੋ, ਪੋਪ ਸੰਗੀਤ ਦੀਆਂ ਧੁਨਾਂ ਉਪਰ ਅੱਲੜ੍ਹ, ਜਵਾਨ ਉਮਰ ਦੇ ਨਾਲ ਹੀ ਅਧਖੜ ਉਮਰ ਦੇ ਵਿਅਕਤੀ ਵੀ ਡਾਂਸ ਕਰਕੇ ਖੁਸ਼ੀ ਮਨਾ ਰਹੇ ਹਨ। ਇਸ ਦੇ ਨਾਲ ਹੀ ਧਾਰਮਿਕ ਅਕੀਦੇ ਵਾਲੇ ਲੋਕ ਧਾਰਮਿਕ ਸਥਾਨਾਂ ਵਿੱਚ ਜਾ ਕੇ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਕਰ ਰਹੇ ਹਨ। ਗੱਲ ਕੀ, ਹਰ ਵਿਅਕਤੀ ਹੀ ਇਸ ਦਿਨ ਖੁਸ਼ ਜਿਹਾ ਦਿਖਾਈ ਦਿੰਦਾ ਹੈ। ਵੱਡੀ ਗਿਣਤੀ ਲੋਕ ਇਸ ਦਿਨ ਇੱਕ ਦੂਜੇ ਨੂੰ 'ਹੈਪੀ ਨਿਊ ਈਅਰ' ਕਹਿੰਦੇ ਹਨ।

ਦੁਨੀਆਂ ਭਰ ਵਿੱਚ ਨਵਾਂ ਸਾਲ 1 ਜਨਵਰੀ ਤੋਂ ਮਨਾਉਣ ਦਾ ਰਿਵਾਜ ਅੰਗਰੇਜ਼ਾਂ ਨੂੰ ਵੇਖ ਕੇ ਸ਼ੁਰੂ ਹੋਇਆ। ਅਸਲ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਸਾਰੀ ਦੁਨੀਆਂ ਵਿੱਚ ਅੰਗਰੇਜ਼ਾਂ ਦਾ ਹੀ ਰਾਜ ਹੁੰਦਾ ਸੀ। ਕਿਹਾ ਜਾਂਦਾ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਕਦੇ ਨਹੀਂ ਛਿਪਦਾ ਸੀ। ਇਹ ਗੱਲ ਇੱਕ ਤਰੀਕੇ ਨਾਲ ਠੀਕ ਵੀ ਕਹੀ ਜਾਂਦੀ ਹੈ ਕਿਉਂਕਿ ਕਿਸੇ ਸਮੇਂ ਅੰਗਰੇਜ਼ਾਂ ਦਾ ਰਾਜ ਹੀ ਐਡਾ ਵੱਡਾ ਸੀ ਕਿ ਇੱਕ ਪਾਸੇ ਸੂਰਜ ਚੜ੍ਹਦਾ ਸੀ, ਦੂਜੇ ਪਾਸੇ ਛਿਪਦਾ ਹੁੰਦਾ ਸੀ। ਸਾਇੰਸ ਅਤੇ ਇਤਿਹਾਸ ਦੇ ਵਿਦਿਆਰਥੀ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ। ਇਹੀ ਕਾਰਨ ਹੈ ਕਿ ਅੰਗਰੇਜ਼ਾਂ ਵਾਂਗੂੰ ਪੂਰੀ ਦੁਨੀਆਂ 1 ਜਨਵਰੀ ਤੋਂ ਸ਼ੁਰੂਆਤ ਕਰਦੀ ਹੈ। ਸਿੱਖਾਂ ਦਾ ਨਵਾਂ ਸਾਲ ਚੇਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਕਈ ਲੋਕ ਦਿਵਾਲੀ ਮੌਕੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਨ, ਉੱਥੇ ਨਵਾਂ ਸਾਲ ਦਿਵਾਲੀ ਤੋਂ ਸ਼ੁਰੂ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਅੰਗਰੇਜ਼ਾਂ ਵਾਂਗੂੰ 1 ਜਨਵਰੀ ਤੋਂ ਹੀ ਨਵੇਂ ਸਾਲ ਦੀ ਸ਼ੁਰੂਆਤ ਰਸਮੀ ਤੌਰ 'ਤੇ ਕੀਤੀ ਜਾਂਦੀ ਹੈ। ਨਵੇਂ ਸਾਲ ਮੌਕੇ ਵੱਖ-ਵੱਖ ਸ਼ਹਿਰਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ ਅਤੇ ਲੰਗਰ ਵੀ ਲਾਏ ਜਾਂਦੇ ਹਨ। ਇਸ ਤਰ੍ਹਾਂ ਧਾਰਮਿਕ ਰੀਤ-ਮਰਿਆਦਾ ਅਨੁਸਾਰ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਵੱਡੀ ਗਿਣਤੀ ਲੋਕ ਇਸ ਦਿਨ ਇੱਕ ਦੂਜੇ ਨੂੰ ਹੈਪੀ ਨਿਊ ਈਅਰ ਕਹਿੰਦੇ ਹਨ, ਇਸ ਦਿਨ ਲੋਕ ਭੁੱਲ ਜਾਂਦੇ ਹਨ ਕਿ ਮਹਿੰਗਾਈ ਨੇ ਉਹਨਾਂ ਦੀ ਕਮਰ ਤੋੜ ਦਿੱਤੀ ਹੈ, ਸਰਕਾਰੀ ਨੌਕਰੀ ਦੀ ਝਾਕ ਵਿੱਚ ਜਿਹੜੇ ਜਵਾਨ ਮੁੰਡੇ ਜਵਾਨੀ ਵਿੱਚ ਹੀ ਧੌਲ਼ੇ ਆਉਣ ਕਰਕੇ ਫ਼ਿਕਰਾਂ ਕਾਰਨ ਬੁੱਢੇ ਜਿਹੇ ਦਿਖਾਈ ਦਿੰਦੇ ਹਨ, ਉਹ ਵੀ ਇਸ ਦਿਨ ਚਿੱਟੇ ਵਾਲਾਂ ਨੂੰ ਡਾਈ ਲਗਾ ਕੇ ਨਵੇਂ ਕੱਪੜੇ ਪਾ ਕੇ ਯੂਨੀਵਰਸਿਟੀ ਜਾਂ ਕਾਲਜ ਤੇ ਸੱਜਣਾਂ ਦੇ ਘਰ ਅੱਗੇ ਗੇੜੀਆਂ ਜ਼ਰੂਰ ਮਾਰਦੇ ਹਨ। ਕਾਲਜਾਂ ਤੇ ਯੂਨੀਵਰਸਿਟੀ ਵਿੱਚ ਮੁੰਡੇ - ਕੁੜੀਆਂ ਟੋਲਿਆਂ ਵਾਂਗ ਫਿਰਦੇ ਹਨ। ਯੂਨੀਵਰਸਿਟੀ ਵਿੱਚ ਕਈ ਸਾਲ ਪੜਾਈ



ਕੀਤੀ ਹੋਣ ਅਤੇ ਹੁਣ ਰਿਹਾਇਸ਼ ਹੀ ਇੱਕ ਯੂਨੀਵਰਸਿਟੀ ਸਾਹਮਣੇ ਆਉਣ ਕਰਕੇ ਮੈਂ ਇਸ ਵਰਤਾਰੇ ਨੂੰ ਹਰ ਸਾਲ ਹੀ ਨਵੇਂ ਸਾਲ ਵਾਲੇ ਦਿਨ ਵੇਖਦਾ ਹਾਂ।

ਹੁਣ ਜ਼ਰ੍ਹਾ , ਸੋਚੋ ਖਾਂ! ਉਹਨਾਂ ਲੋਕਾਂ ਬਾਰੇ ਵੀ, ਜਿਨ੍ਹਾਂ ਦੇ ਬੀਤੇ ਸਾਲ ਵਿੱਚ ਮਾਪੇ ਗੁਜ਼ਰ ਗਏ ਹਨ ਜਾਂ ਵਿਦੇਸ਼ ਗਿਆ ਪੁੱਤ ਬਰਫ਼ੀਲੇ ਸਮੁੰਦਰੀ ਪਾਣੀਆਂ ਵਿੱਚ ਹੀ ਬਰਫ਼ ਬਣ ਗਿਆ/ਡੁੱਬ ਗਿਆ ਜਾਂ ਵਿਦੇਸ਼ ਵਿੱਚ ਉਸ ਦਾ ਕਤਲ ਹੋ ਗਿਆ ਜਾਂ ਫ਼ੇਰ ਫ਼ੌਜ ਵਿੱਚ ਭਰਤੀ ਪੁੱਤ ਦੇ ਛੁੱਟੀ ਆਉਣ ਦੀ ਥਾਂ ਉਸ ਦੀ ਲਾਸ਼ ਹੀ ਘਰ ਆ ਗਈ ਸੀ ਜਾਂ ਕਿਸੇ ਬਾਬਲ ਦੀ ਲਾਡਲੀ ਧੀ ਸਹੁਰਿਆਂ ਤੋਂ ਦੁਖੀ ਹੋਕੇ ਘਰ ਬੈਠ ਗਈ। ਅਜਿਹੇ ਲੋਕਾਂ/ ਨੌਜਵਾਨਾਂ ਬਾਰੇ ਵੀ ਕੀ ਲਿਖ ਸਕਦੇ ਹਾਂ ਜਿਨ੍ਹਾਂ ਦੀ ਬੇਰੁਜ਼ਗਾਰੀ ਜਾਂ ਨਸ਼ੇ ਦੀ ਆਦਤ ਤੋਂ ਦੁਖੀ ਪਤਨੀ ਤਲਾਕ ਦੇ ਗਈ ਜਾਂ ਉਂਝ ਹੀ ਛੱਡ ਕੇ ਕਿਸੇ ਹੋਰ ਨਾਲ ਜਾਂਦੀ ਹੋਈ ਕੰਧ ਦੇ ਵਿੱਚ ਲੱਗੀ ਜਾਂ ਦਰਵਾਜੇ ਦੇ ਪਿਛਲੇ ਪਾਸੇ ਲੱਗੀ ਕਿੱਲੀ ਉੱਪਰ ਆਪਣੀ ਨਿਸ਼ਾਨੀ ਛੱਡ ਗਈ , ਉਹ ਨੌਜਵਾਨ ਤਾਂ ਬੈੱਡ ਦੀ ਢੋਅ ਉੱਪਰ ਪਈ ਪਤਨੀ ਨਾਲ ਗਲਵੱਕੜੀ ਪਾਕੇ ਖਿਚਾਈ ਗਈ ਫੋਟੋ ਵੱਲ ਵੇਖ ਕੇ ਮੀਲ ਭਰ ਲੰਬਾ ਹੌਕਾ ਲੈ ਕੇ ਨਵੇਂ ਸਾਲ ਦੇ ਦਿਨ ਸਵੇਰ ਵੇਲੇ ਮੁੜ ਰਜਾਈ ਵਿੱਚ ਹੀ ਤਾਂ ਮੂੰਹ ਲੁਕੋ ਕੇ ਰੋਣ ਜੋਗੇ ਰਹਿ ਜਾਂਦੇ ਹਨ।

ਉਹਨਾਂ ਬੇਰੁਜ਼ਗਾਰਾਂ ਲਈ ਵੀ ਨਵਾਂ ਸਾਲ ਕੀ ਹੋਵੇਗਾ, ਜਿਨ੍ਹਾਂ ਨੂੰ ਮਿੱਤਰ/ ਸਹੇਲੀ ਨਾਲ ਕੰਟੀਨ ਜਾਂ ਕਿਸੇ ਹੋਟਲ ਦੀ ਨੁਕਰੇ ਉਹਲੇ ਜਿਹੇ ਚਾਹ ਜਾਂ ਕੋਲਡ ਕੌਫੀ ਪੀਣ ਲਈ ਵੀ ਕਈ ਤਰ੍ਹਾਂ ਦੇ ਬਹਾਨੇ ਲਾ ਕੇ ਘਰਦਿਆਂ ਤੋਂ ਪੈਸੇ ਮੰਗਣੇ ਪੈਂਦੇ ਹਨ। ਜਵਾਨ ਪੁੱਤ ਜਦੋਂ ਆਪਣੇ ਪਿਤਾ ਤੋਂ ਦਸ ਕੁ ਰੁਪਏ ਵੀ ਮੰਗਦਾ ਹੈ ਤਾਂ ਬਾਪ ਤਾਂ ਪੈਸੇ ਦੇ ਦਿੰਦਾ ਹੈ, ਪਰ ਪੁੱਤ ਨੂੰ ਜਰੂਰ ਸ਼ਰਮ ਜਿਹੀ ਆਉਂਦੀ ਹੈ। ਇਹ ਸਮਾਜ ਵੀ ਅਜੀਬ ਸ਼ੈਅ ਹੈ ਇਥੇ ਤਾਂ ਇੱਕ ਹੀ ਪਰਿਵਾਰ ਦੇ ਤਾਂ ਪੰਜ -ਪੰਜ ਮੈਂਬਰ ਸਰਕਾਰੀ ਨੌਕਰੀਆਂ ਕਰਦੇ ਹਨ ਪਰ ਕਿਸੇ ਪਰਿਵਾਰ ਦੇ ਜਵਾਨ ਪੁੱਤ ਵੀ ਪੜ੍ਹ ਲਿਖ ਕੇ ਵਿਹਲੇ ਬੈਠੇ ਹਨ, ਉਹਨਾਂ ਨੂੰ ਸਰਕਾਰੀ ਤਾਂ ਕੀ, ਕੋਈ ਪ੍ਰਾਈਵੇਟ ਨੌਕਰੀ ਵੀ ਨਹੀਂ ਮਿਲਦੀ।

ਹੁਣ ਉਹਨਾਂ ਲੋਕਾਂ ਬਾਰੇ ਵੀ ਕੀ ਮੈਂ ਲਿਖਾਂ ? ਜਿਨ੍ਹਾਂ ਕੋਲ ਜਿੰਦਗੀ ਤਾਂ ਹੁੰਦੀ ਹੈ, ਪਰ ਜਿਊਣ ਦਾ ਹੱਕ ਜਿਹਾ ਨਹੀਂ ਹੁੰਦਾ। ਉਹ ਆਜ਼ਾਦ ਮੁਲਕ ਦੇ ਵਾਸੀ ਹੋਣ ਦੇ ਬਾਵਜੂਦ ਵੀ ਗੁਲਾਮ ਜਿਹੇ ਹੁੰਦੇ ਹਨ। ਅਜਿਹੇ ਲੋਕਾਂ ਵਿੱਚ ਪ੍ਰਾਈਵੇਟ ਨੌਕਰੀ ਕਰਨ ਵਾਲੇ ਜਾਂ ਛੋਟਾ ਮੋਟਾ ਕੰਮ ਕਰਕੇ ਰੁਜ਼ਗਾਰ ਕਰਨ ਵਾਲੇ ਵੀ ਆ ਜਾਂਦੇ ਹਨ।

ਨਵੇਂ ਸਾਲ ਨੂੰ 'ਜੀ ਆਇਆਂ' ਕਹਿੰਦਿਆਂ ਅਸੀਂ ਦੁਆ ਕਰਦੇ ਹਾਂ ਕਿ ਇਹ ਸਾਲ ਹਰ ਕਿਸੇ ਲਈ ਖ਼ੁਸ਼ੀਆਂ ਅਤੇ ਖੇੜੇ ਲੈ ਕੇ ਆਵੇ। ਇਸ ਦੇ ਨਾਲ ਹੀ ਅਸੀਂ ਹਰ ਆਮ ਅਤੇ ਖ਼ਾਸ ਨੂੰ ਇਹ ਅਪੀਲ ਵੀ ਕਰਦੇ ਹਾਂ ਕਿ ਆਓ! ਇਸ ਨਵੇਂ ਸਾਲ ਦੇ ਮੌਕੇ ਅਸੀਂ ਪ੍ਰਣ ਕਰੀਏ ਕਿ ਨਵੇਂ ਸਾਲ ਦੀ ਸ਼ੁਰੂਆਤ ਤੋਂ ਹੀ ਅਸੀਂ ਖ਼ੁਦ ਇਮਾਨਦਾਰ ਰਹਿ ਕੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਵਿੱਚ ਆਪਣਾ ਯੋਗਦਾਨ ਪਾਵਾਂਗੇ। ਇਸ ਤੋਂ ਇਲਾਵਾ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਲਈ ਅਸੀਂ ਆਪਣੇ ਪੱਧਰ 'ਤੇ ਵੀ ਉਪਰਾਲੇ ਕਰਾਂਗੇ। ਨਵੇਂ ਸਾਲ ਮੌਕੇ ਸਾਨੂੰ ਆਪਣੇ ਸਾਰੇ ਹੀ ਗਿਲੇ ਸ਼ਿਕਵੇ ਭੁਲਾ ਕੇ ਨਵੇਂ ਸਾਲ ਦੀ ਸ਼ੁਰੂਆਤ ਖੁਸ਼ੀ ਤੇ ਨਵੇਂ ਉਤਸ਼ਾਹ ਨਾਲ ਕਰਨੀ ਚਾਹੀਦੀ ਹੈ। ਨਵੇਂ ਸਾਲ ਨੂੰ ਜੀ ਆਇਆਂ ਕਹਿੰਦਿਆਂ ਸਾਨੂੰ ਇਹ ਸੋਚ ਅਪਨਾਉਣੀ ਚਾਹੀਦੀ ਹੈ ਕਿ ਹਰ ਦਿਨ ਹੀ ਅਸੀਂ ਨਵੇਂ ਸਾਲ ਵਾਂਗ ਖੁਸ਼ ਰਹਾਂਗੇ ਤੇ ਉਤਸ਼ਾਹ ਨਾਲ ਕੰਮ ਕਰਾਂਗੇ ਅਤੇ ਨਿਰੋਏ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਵਾਂਗੇ।









# ਕੁੜੀਆਂ ਨੇ ਸਟੈਮ ਵਿਸ਼ਿਆਂ ਵਿੱਚ ਰੁਚੀ ਦਿਖਾ ਕੇ ਪੁਰਾਣੇ ਪੱਖਪਾਤਾਂ ਨੂੰ ਤੋੜਿਆ

2025 ਦਾ ਵਰ੍ਹਾ ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਮੀਲ ਪੱਥਰ ਸਾਬਿਤ ਹੋਇਆ ਹੈ। ਵਿਗਿਆਨ ਤੋਂ ਲੈ ਕੇ ਖੇਡਾਂ ਤੱਕ ਔਰਤਾਂ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਇਸ ਵਰ੍ਹੇ ਭਾਰਤ ਦੇ 'ਗਗਨਯਾਨ' ਮਿਸ਼ਨ ਅਤੇ ਹੋਰ ਅੰਤਰਰਾਸ਼ਟਰੀ ਪੁਲਾੜ ਮੁਹਿੰਮਾਂ ਵਿੱਚ ਮਹਿਲਾ ਵਿਗਿਆਨੀਆਂ ਅਤੇ ਪੁਲਾੜ ਯਾਤਰੀਆਂ ਨੇ ਮੋਹਰੀ ਭੂਮਿਕਾ ਨਿਭਾਈ। ਔਰਤਾਂ ਨੇ ਸਾਬਿਤ ਕੀਤਾ ਕਿ ਬ੍ਰਹਿਮੰਡ ਦੀਆਂ ਸੀਮਾਵਾਂ ਉਨ੍ਹਾਂ ਲਈ ਦੂਰ ਨਹੀਂ ਹਨ। ਇਹ ਵਰ੍ਹਾ ਸਿੱਖਿਆ ਸਿਰਫ਼ ਡਿਗਰੀਆਂ ਤੱਕ ਸੀਮਤ ਨਹੀਂ ਰਹੀ, ਸਗੋਂ 'ਸਕਿੱਲ ਡਿਵੈਲਪਮੈਂਟ' 'ਤੇ ਜ਼ੋਰ ਦਿੱਤਾ ਗਿਆ। ਕੁੜੀਆਂ ਨੇ ਸਟੈਮ ਵਿਸ਼ਿਆਂ ਵਿੱਚ ਰੁਚੀ ਦਿਖਾ ਕੇ ਪੁਰਾਣੇ ਪੱਖਪਾਤਾਂ ਨੂੰ ਤੋੜਿਆ ਹੈ। 'ਮਹਿਲਾ ਸਟਾਰਟਅੱਪਸ' ਦੀ ਗਿਣਤੀ ਵਿੱਚ ਰਿਕਾਰਡ ਵਾਧਾ ਦੇਖਿਆ ਗਿਆ। ਡਿਜੀਟਲ ਇੰਡੀਆ ਦੇ ਪ੍ਰਭਾਵ ਸਦਕਾ ਪੇਂਡੂ ਔਰਤਾਂ ਨੇ ਵੀ ਈ-ਕਾਮਰਸ ਰਾਹੀਂ ਆਪਣੇ ਹੁਨਰ ਨੂੰ ਕੌਮਾਂਤਰੀ ਬਾਜ਼ਾਰ ਤੱਕ ਪਹੁੰਚਾਇਆ ਤੇ ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਔਰਤਾਂ ਦੀ ਰਾਖਵੇਂਕਰਨ ਸਬੰਧੀ ਚਰਚਾਵਾਂ ਅਤੇ ਉਨ੍ਹਾਂ ਦੀ ਵਧਦੀ ਸ਼ਮੂਲੀਅਤ ਨੇ ਲੋਕਤੰਤਰ ਨੂੰ ਹੋਰ ਮਜ਼ਬੂਤ ਕੀਤਾ। ਔਰਤਾਂ ਨੇ ਏ.ਆਈ. ਤੇ ਕੋਡਿੰਗ ਵਰਗੇ ਗੁੰਝਲਦਾਰ ਖੇਤਰਾਂ ਵਿੱਚ ਮਰਦਾਂ ਦੇ ਬਰਾਬਰ ਪਕੜ ਬਣਾਈ ਹੈ। ਕਾਰਪੋਰੇਟ ਜਗਤ ਵਿੱਚ 'ਬੋਰਡਰੂਮ' ਤੋਂ ਲੈ ਕੇ ਪਿੰਡਾਂ ਦੀਆਂ ਪੰਚਾਇਤਾਂ ਤੱਕ, ਉਨ੍ਹਾਂ ਨੇ ਸੰਕਟ ਪ੍ਰਬੰਧਨ ਵਿੱਚ ਬਿਹਤਰੀਨ ਲੀਡਰਸ਼ਿਪ ਦਿਖਾਈ ਹੈ।

ਇਸ ਵਰ੍ਹੇ ਵੱਖ-ਵੱਖ ਵਿਸ਼ਵ ਚੈਂਪੀਅਨਸ਼ਿਪਾਂ ਵਿੱਚ ਭਾਰਤੀ ਮਹਿਲਾ ਅਥਲੀਟਾਂ ਨੇ ਕੁਸ਼ਤੀ, ਨਿਸ਼ਾਨੇਬਾਜ਼ੀ ਅਤੇ ਕ੍ਰਿਕਟ ਵਿੱਚ ਸੁਨਹਿਰੀ ਸਫਲਤਾ ਹਾਸਿਲ ਕੀਤੀ। ਉਲੰਪਿਕਸ ਤੋਂ ਲੈ ਕੇ ਕ੍ਰਿਕਟ ਤੱਕ, ਪੀ.ਵੀ. ਸਿੰਧੂ, ਮੀਤਾਲੀ ਰਾਜ ਅਤੇ ਨਿਕਹਤ ਜ਼ਰੀਨ ਵਰਗੀਆਂ ਖਿਡਾਰਨਾਂ ਨੇ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਂਅ ਰੋਸ਼ਨ ਕੀਤਾ ਹੈ। ਵਧਦੇ ਮੁਕਾਬਲੇਬਾਜ਼ੀ ਵਾਲੇ ਦੌਰ ਵਿਚ ਔਰਤਾਂ 'ਤੇ ਮਾਨਸਿਕ ਤਣਾਅ ਵਧਿਆ ਹੈ ਕਿਉਂਕਿ ਘਰੇਲੂ ਜ਼ਿੰਮੇਵਾਰੀਆਂ ਦਾ ਭਾਰ ਅਜੇ ਵੀ ਮੁੱਖ ਤੌਰ 'ਤੇ ਉਨ੍ਹਾਂ 'ਤੇ ਹੀ ਹੈ।


ਡਾ. ਪਾਲ ਕੌਰ


ਮਨਦੀਪ ਔਲਖ


ਮੁਸਕਾਮ ਗਰਗ

### ਸਾਹਿਤ ਅਕਾਦਮੀ ਪੁਰਸਕਾਰ ਜੇਤੂ ਡਾ. ਪਾਲ ਕੌਰ

ਡਾ. ਪਾਲ ਕੌਰ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਅਜਿਹਾ ਪ੍ਰਮੁੱਖ ਨਾਮ ਹੈ, ਜਿਸ ਨੇ ਆਪਣੀ ਸੰਵੇਦਨਸ਼ੀਲ ਅਤੇ ਬੌਧਿਕ ਪਹੁੰਚ ਨਾਲ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦਿੱਤੀ ਹੈ। ਹਾਲ ਹੀ ਵਿੱਚ ਉਸ ਦੇ ਕਾਵਿ-ਸੰਗ੍ਰਹਿ 'ਸੁਣ ਗੁਣਵੰਤਾ ਸੁਣ ਬੁਧਿਵੰਤਾ' ਲਈ ਸਾਲ 2024 ਦੇ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ, ਜੋ ਉਸ ਦੀ ਲੰਬੀ ਸਾਹਿਤਕ ਸਾਧਨਾ ਦਾ ਵਡਮੁੱਲਾ ਨਿਚੋੜ ਹੈ। ਉਸ ਦੀ ਕਵਿਤਾ ਮਨੁੱਖੀ ਮਨ ਦੀਆਂ ਡੂੰਘੀਆਂ ਪਰਤਾਂ ਫਰੋਲਦੀ ਹੈ ਅਤੇ ਸਮਾਜ ਵਿੱਚ ਮਨੁੱਖੀ ਹੋਂਦ ਦੇ ਅਸਲ ਅਰਥਾਂ ਦੀ ਤਲਾਸ਼ ਕਰਦੀ ਹੋਈ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ।

### ਸਾਹਿਤ ਅਕਾਦਮੀ ਯੁਵਾ ਪੁਰਸਕਾਰ ਪਿਆ ਮਨਦੀਪ ਔਲਖ ਦੀ ਝੋਲੀ

ਆਧੁਨਿਕ ਪੰਜਾਬੀ ਕਵਿਤਾ ਦੇ ਬਦਲਦੇ ਸੂਰਪ ਵਿੱਚ ਮਨਦੀਪ ਔਲਖ ਅਜਿਹੀ ਨਵੀਂ ਅਤੇ ਪ੍ਰਭਾਵਸ਼ਾਲੀ ਆਵਾਜ਼ ਵਜੋਂ ਉੱਭਰੀ ਹੈ, ਜਿਸ ਨੇ ਆਪਣੀ ਪਹਿਲੀ ਹੀ ਕਿਤਾਬ ਨਾਲ ਸਾਹਿਤਕ ਜਗਤ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸਾਲ 2025 ਲਈ ਉਸ ਦੇ ਕਾਵਿ-ਸੰਗ੍ਰਹਿ 'ਗਰਲਜ਼ ਹੋਸਟਲ' ਨੂੰ ਸਾਹਿਤ ਅਕਾਦਮੀ ਵੱਲੋਂ 'ਯੁਵਾ ਪੁਰਸਕਾਰ' ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਸਨਮਾਨ ਨਾ ਸਿਰਫ਼ ਮਨਦੀਪ ਦੀ ਸਿਰਜਣਾਤਮਕਤਾ ਦੀ ਮਾਨਤਾ ਹੈ, ਸਗੋਂ ਇਹ ਉਸ ਨਵੀਂ ਪੀੜ੍ਹੀ ਦੀਆਂ ਕੁੜੀਆਂ ਦੇ ਅਨੁਭਵਾਂ ਨੂੰ ਮਿਲੀ ਮਾਨਤਾ ਵੀ ਹੈ, ਜੋ ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜਿਊਣ ਦਾ ਸਾਹਸ ਕਰਦੀਆਂ ਹਨ।


ਚਰਨਪ੍ਰੀਤ ਕੌਰ ਤੇ ਮਹਿਕ ਦਹੀਆ


ਹਰਮਨਪ੍ਰੀਤ ਕੌਰ


ਪਰਮਜੀਤ ਕੌਰ

### ਏਅਰ ਫੋਰਸ ਅਕੈਡਮੀ 'ਚ ਛਾਈਆਂ ਚਰਨਪ੍ਰੀਤ ਕੌਰ ਤੇ ਮਹਿਕ ਦਹੀਆ

ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੀਪਰੇਟਰੀ ਇੰਸਟੀਚਿਊਟ ਫਾਰ ਗਰਲਜ਼ (ਮੋਹਾਲੀ) ਦੀਆਂ ਦੋ ਵਿਦਿਆਰਥਣਾਂ, ਚਰਨਪ੍ਰੀਤ ਕੌਰ ਅਤੇ ਮਹਿਕ ਦਹੀਆ, ਏਅਰ ਫੋਰਸ ਅਕੈਡਮੀ (ਡੁੰਡੀਗਲ) ਵਿੱਚੋਂ ਪਾਸ ਹੋ ਕੇ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫ਼ਸਰ ਵਜੋਂ ਕਮਿਸ਼ਨ ਹੋਈਆਂ। ਇਹ ਪ੍ਰਾਪਤੀ ਪੰਜਾਬ ਦੀਆਂ ਲੜਕੀਆਂ ਲਈ ਰੱਖਿਆ ਸੇਵਾਵਾਂ ਵਿੱਚ ਕੈਰੀਅਰ ਬਣਾਉਣ ਲਈ ਇੱਕ ਵੱਡੀ ਪ੍ਰੇਰਣਾ ਹੈ।

### ਸਭ ਛੋਟੀ ਉਮਰ ਦੀ ਜੱਜ ਬਣੀ ਮੁਸਕਾਮ ਗਰਗ

ਲੰਬੇ ਸਮੇਂ ਤੋਂ ਡਾਕਖਾਨੇ ਅਤੇ ਐੱਲਆਈਸੀ ਵਿੱਚ ਕਮਿਸ਼ਨ ਏਜੰਟ ਦਾ ਕੰਮ ਕਰਦੇ ਵਿਜੇ ਗਰਗ ਦੀ ਧੀ ਮੁਸਕਾਨ ਗਰਗ ਨੇ ਦਿਨ-ਰਾਤ ਪੜ੍ਹਾਈ ਕਰਕੇ ਜੱਜ ਦੀ ਕੁਰਸੀ ਹਾਸਲ ਕੀਤੀ। 23 ਸਾਲਾ ਮੁਸਕਾਨ ਗਰਗ ਨੇ ਆਲ ਇੰਡੀਆ ਚੋਂ ਕਲੈਡ ਦੇ ਪੇਪਰ 'ਚੋ 5ਵਾਂ ਰੈਂਕ ਹਾਸਲ ਕਰ ਮਾਂ-ਬਾਪ ਦਾ ਨਾਮ ਰੋਸ਼ਨ ਕੀਤਾ। ਮੁਸਕਾਨ ਗਰਗ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਦਾ ਉਸ ਨੂੰ ਇਸ ਮੁਕਾਮ 'ਤੇ ਲੈ ਕੇ ਆਉਣ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਉਸ ਦੀ ਕੋਈ ਵੀ ਗੱਲ ਨਹੀਂ ਮੋੜੀ। ਉਸ ਨੇ ਕਿਹਾ ਕਿ ਉਸ ਨੂੰ ਸ਼ੌਕ ਸੀ ਕਿ ਜੱਜ ਬਣ ਕੇ 'ਓਡਰ ਓਡਰ' ਕਰਨਾ, ਜੋ ਅੱਜ ਮੁਕੰਮਲ ਹੋ ਗਿਆ ਹੈ। ਉਸ ਨੇ ਆਪਣੀ ਇਸ ਪ੍ਰਾਪਤੀ ਲਈ ਪਰਮਾਤਮਾ ਦਾ ਸ਼ੁਕਰੀਆ ਅਦਾ ਕੀਤਾ।

### ਕ੍ਰਿਕਟ ਮੈਦਾਨਾਂ ਦੀ ਰਾਣੀ ਹਰਮਨਪ੍ਰੀਤ ਕੌਰ

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਦਾ ਨਾਂਅ ਮਾਹਿਰ ਬੱਲੇਬਾਜ਼ ਵਜੋਂ ਜਾਣਿਆ ਜਾਂਦਾ ਹੈ। ਮੋਗਾ ਦੀ ਰਹਿਣ ਵਾਲੀ ਇਹ ਖਿਡਾਰਨ ਉਦੋਂ ਹੋਰ ਵੀ ਚਰਚਾ ਵਿੱਚ ਆਈ ਜਦੋਂ ਉਸ ਦੀ ਕਪਤਾਨੀ ਹੇਠ ਟੀਮ ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਪਹੁੰਚੀ ਅਤੇ ਜਿੱਤ ਹਾਸਲ ਕੀਤੀ। ਹਰਮਨਪ੍ਰੀਤ ਦਾ ਸਫ਼ਰ ਕੁਰਬਾਨੀਆਂ ਭਰਿਆ ਰਿਹਾ ਹੈ। ਉਸ ਨੇ ਆਪਣੇ ਬਚਪਨ ਵਿੱਚ ਮੋਗਾ ਦੇ ਗੁਰੂ ਨਾਨਕ ਕਾਲਜ ਦੇ ਮੈਦਾਨ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਸੀ। ਸਥਾਨਕ ਲੋਕ ਦੱਸਦੇ ਹਨ ਕਿ ਉਹ ਅਕਸਰ ਮੁੰਡਿਆਂ ਨਾਲ ਖੇਡਦੀ ਸੀ ਅਤੇ ਸੀਮਤ ਬੁਨਿਆਦੀ ਢਾਂਚੇ ਦੇ ਬਾਵਜੂਦ ਕ੍ਰਿਕਟ ਕੋਚਿੰਗ ਲਈ ਮੀਲਾਂ ਦਾ ਸਫ਼ਰ ਤੈਅ ਕਰਦੀ ਸੀ। ਉਸ ਦੇ ਪਿਤਾ ਹਰਮਿੰਦਰ ਸਿੰਘ, ਜੋ ਕਿ ਉਤਸ਼ਾਹੀ ਖੇਡ ਪ੍ਰੇਮੀ ਸਨ ਅਤੇ ਮਾਤਾ ਸਤਵਿੰਦਰ ਕੌਰ ਨੇ ਉਸ ਦੇ ਸੁਪਨੇ ਨੂੰ ਜਿਉਂਦਾ ਰੱਖਣ ਲਈ ਅਟੁੱਟ ਸਮਰਥਨ ਦਿੱਤਾ। ਹਰਮਨਪ੍ਰੀਤ ਸੱਜੇ ਹੱਥ ਦੀ ਬੱਲੇਬਾਜ਼ ਅਤੇ ਕਾਰਗਰ ਆਫ-ਸਪਿਨ ਗੇਂਦਬਾਜ਼ ਹੈ। ਉਹ ਭਾਰਤੀ ਮਹਿਲਾ ਕ੍ਰਿਕਟ ਦੇ ਇਤਿਹਾਸ ਵਿਚ ਮਹੱਤਵਪੂਰਨ ਰਿਕਾਰਡ ਦਰਜ ਕਰ ਚੁੱਕੀ ਹੈ, ਜਿਨ੍ਹਾਂ ਵਿੱਚ 2017 ਵਿਸ਼ਵ ਕੱਪ ਸੈਮੀਫਾਈਨਲ ਵਿੱਚ ਆਸਟ੍ਰੇਲੀਆ ਵਿਰੁੱਧ 115 ਗੇਂਦਾਂ ਵਿੱਚ ਨਾਬਾਦ 171 ਦੌੜਾਂ ਬਣਾਉਣਾ ਸ਼ਾਮਲ ਹੈ।

> ਪੰਜਾਬਣਾਂ ਨੇ 2025 ਵਿੱਚ ਆਪਣੇ ਵਿਰਸੇ ਨੂੰ ਆਧੁਨਿਕਤਾ ਨਾਲ ਜੋੜਿਆ। ਵਿਦੇਸ਼ਾਂ ਵਿੱਚ ਬੈਠੀਆਂ ਪੰਜਾਬਣਾਂ ਨੇ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਕੀਤੀ, ਜਿਸ ਨਾਲ ਪੰਜਾਬੀਅਤ ਦਾ ਮਾਣ ਵਧਿਆ।

### 'ਦੈਟ ਗਰਲ਼' ਪਰਮਜੀਤ ਕੌਰ ਨੇ ਰਚਿਆ ਇਤਿਆਸ

19 ਸਾਲਾ ਪਰਮਜੀਤ ਕੌਰ, ਜਿਸ ਨੂੰ ਉਸ ਦੇ ਆਨਲਾਈਨ ਨਾਂ "ਦੈਟ ਗਰਲ਼' ਨਾਲ ਜਾਣਿਆ ਜਾਂਦਾ ਹੈ, ਪੰਜਾਬੀ ਸੰਗੀਤ ਅਤੇ ਡਿਜੀਟਲ ਮੀਡੀਆ ਵਿੱਚ ਇੱਕ ਤੇਜ਼ੀ ਨਾਲ ਉੱਭਰਦੀ ਸ਼ਖ਼ਸੀਅਤ ਹੈ। ਮੋਗਾ ਜ਼ਿਲ੍ਹੇ ਦੇ ਦੁੱਨੇਕੇ ਪਿੰਡ ਦੀ ਰਹਿਣ ਵਾਲੀ ਪਰਮ ਦਾ ਪਿਛੋਕੜ ਬਹੁਤ ਹੀ ਸਾਧਾਰਨ ਹੈ। ਉਸ ਦੇ ਪਿਤਾ ਸੁਰਜੀਤ ਸਿੰਘ ਦਿਹਾੜੀਦਾਰ ਮਜ਼ਦੂਰ ਹਨ, ਜਦੋਂ ਕਿ ਉਸ ਦੀ ਮਾਤਾ ਜਸਪਾਲ ਕੌਰ ਘਰੇਲੂ ਸਹਾਇਕ ਵਜੋਂ ਕੰਮ ਕਰਦੀ ਹੈ। ਪਰਮ ਨੇ ਮੋਗਾ ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਵਰਤਮਾਨ ਵਿੱਚ ਡੀਐੱਮ ਕਾਲਜ, ਮੋਗਾ ਵਿੱਚ ਪੜ੍ਹ ਰਹੀ ਹੈ। ਉਸ ਨੇ ਲਗਪਗ ਇੱਕ ਸਾਲ ਪਹਿਲਾਂ ਛੋਟੀਆਂ ਸੰਗੀਤ ਰੀਲਾਂ ਬਣਾਉਣੀਆਂ ਸ਼ੁਰੂ ਕੀਤੀ ਸਨ। ਉਸ ਦਾ ਡੈਬਿਊ ਸਿੰਗਲ ਰਿਲੀਜ਼ ਤੋਂ ਬਾਅਦ ਤੁਰੰਤ ਵਾਇਰਲ ਹੋ ਗਿਆ। ਇਸ ਗੀਤ ਨੇ ਹਫ਼ਤੇ ਦੇ ਅੰਦਰ 35 ਲੱਖ ਤੋਂ ਵੱਧ ਵਿਊਜ਼ ਪ੍ਰਾਪਤ ਕੀਤੇ। ਇਹ ਗੀਤ ਔਰਤਾਂ ਦੀ ਆਜ਼ਾਦੀ ਅਤੇ ਸਵੈ-ਵਿਸ਼ਵਾਸ ਦੇ ਸਸ਼ਕਤੀਕਰਨ ਸੰਦੇਸ਼ ਲਈ ਮਕਬੂਲ ਹੋਇਆ।

### ਨੌਜਵਾਨਾਂ ਲਈ ਮਿਸਾਲ ਬਣੀ ਅਮਨਜੀਤ ਕੌਰ

ਜ਼ਿਲ੍ਹਾ ਮਾਨਸਾ ਦੇ ਪਿੰਡ ਕੁਲਰੀਆਂ ਦੀ ਅਮਨਜੀਤ ਕੌਰ ਫੁੱਲਾਂ ਦੀ ਕਾਸ਼ਤ ਨਾਲ ਜਿੱਥੇ ਨੌਜਵਾਨਾਂ ਲਈ ਉਦਾਹਰਣ ਬਣੀ ਹੈ। ਉੱਥੇ ਹੀ ਆਪਣੇ ਪਰਿਵਾਰ ਦਾ ਵੀ ਸਹਾਰਾ ਬਣੀ ਹੈ। ਪਿੰਡ ਕੁਲਰੀਆਂ ਦੀ ਅਮਨਜੀਤ ਕੌਰ (25 ਸਾਲ) ਪੁੱਤਰੀ ਜੀਤਾ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸਵਾ 2 ਕਿੱਲ੍ਹੇ ਜ਼ਮੀਨ ਦੀ ਵਾਹੀ ਕਰਦੇ ਹਨ ਅਤੇ ਉਸ ਦੇ ਪਰਿਵਾਰ ਵਿਚ ਮਾਤਾ-ਪਿਤਾ ਅਤੇ ਉਸ ਦੇ ਦੋ ਭਰਾ ਹਨ। ਇੰਨੇ ਘੱਟ ਰਕਬੇ ਦੀ ਵਾਹੀ ਨਾਲ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਉਸ ਨੇ ਪੀਜੀਡੀਸੀਏ ਦੀ ਫ਼ੀਸ ਵੀ ਮੁਸ਼ਕਿਲ ਨਾਲ ਸਵੈ ਸੇਵੀ ਸੰਸਥਾ ਅਤੇ ਪਰਿਵਾਰ ਦੀ ਮਦਦ ਨਾਲ ਭਰੀ ਸੀ। ਵਿੱਤੀ ਹਾਲਾਤ ਮਾੜੇ ਹੋਣ ਕਾਰਨ ਅਗਲੀ ਪੜ੍ਹਾਈ ਦਾ ਕੋਈ ਰਾਹ ਨਹੀਂ ਸੀ।



ਮੈਥਿਲੀ ਠਾਕੁਰ

### ਸਭ ਤੋਂ ਘੱਟ ਉਮਰ ਦੀ ਵਿਧਾਇਕ ਮੈਥਿਲੀ ਠਾਕੁਰ

ਮੈਥਿਲੀ ਠਾਕੁਰ ਬਹੁਤ ਹੀ ਪ੍ਰਤਿਭਾਸ਼ਾਲੀ ਭਾਰਤੀ ਸ਼ਾਸਤਰੀ ਤੇ ਲੋਕ ਗਾਇਕਾ ਹੈ, ਜਿਸ ਨੇ ਬਹੁਤ ਹੀ ਛੋਟੀ ਉਮਰ ਵਿੱਚ ਸੰਗੀਤ ਅਤੇ ਰਾਜਨੀਤੀ ਦੋਵਾਂ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਸ ਦਾ ਜਨਮ 25 ਜੁਲਾਈ 2000 ਨੂੰ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿੱਚ ਹੋਇਆ ਸੀ। ਉਸ ਦੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਉਸ ਦੇ ਪਿਤਾ ਰਮੇਸ਼ ਠਾਕੁਰ ਦੀ ਅਗਵਾਈ ਹੇਠ ਹੋਈ, ਜਿਨ੍ਹਾਂ ਨੇ ਉਸ ਨੂੰ ਬਚਪਨ ਤੋਂ ਹੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਸਿੱਖਿਆ ਦਿੱਤੀ। ਮੈਥਿਲੀ ਨੂੰ ਅਸਲ ਪਛਾਣ ਸਾਲ 2017 ਵਿੱਚ ਰਿਐਲਿਟੀ ਸ਼ੋਅ 'ਰਾਈਜ਼ਿੰਗ ਸਟਾਰ' ਰਾਹੀਂ ਮਿਲੀ, ਜਿੱਥੇ ਉਸ ਦੀ ਗਾਇਕੀ ਨੇ ਪੂਰੇ ਦੇਸ਼ ਦਾ ਦਿਲ ਜਿੱਤ ਲਿਆ। ਉਹ ਮੈਥਿਲੀ, ਭੋਜਪੁਰੀ, ਹਿੰਦੀ ਅਤੇ ਪੰਜਾਬੀ ਸਮੇਤ ਕਈ ਭਾਸ਼ਾਵਾਂ ਵਿਚ ਗਾਉਂਦੀ ਹੈ ਅਤੇ ਸੋਸ਼ਲ ਮੀਡੀਆ 'ਤੇ ਆਪਣੇ ਭਰਾਵਾਂ, ਰਿਸ਼ਵ ਅਤੇ ਅਯਾਚੀ ਨਾਲ ਪੇਸ਼ ਕੀਤੇ ਭਜਨਾਂ ਅਤੇ ਲੋਕ ਗੀਤਾਂ ਲਈ ਵਿਸ਼ਵ ਪੱਧਰ 'ਤੇ ਮਸ਼ਹੂਰ ਹੈ।



# ਸਿਹਤ ਸੰਭਾਲ






## ਇੱਕ ਸੁਪਰ-ਕੰਪਿਊਟਰ ਹੁੰਦੈ ਦਿਮਾਗ

ਲੋਕ ਮਹਿੰਗੇ ਬਦਾਮ ਤਾਂ ਖੂਬ ਖਾਂਦੇ ਹਨ ਫਿਰ ਵੀ 5 ਮਿੰਟ ਬਾਅਦ ਹੀ ਘਰ ਦੀ ਚਾਬੀ ਰੱਖ ਕੇ ਭੁੱਲ ਜਾਂਦੇ ਹਨ ਜਾਂ ਕਮਰੇ ਵਿੱਚ ਵੜਦੇ ਹੀ ਸੋਚਦੇ ਹਨ ਕਿ ਇੱਥੇ ਆਏ ਕਿਉਂ ਸੀ ?

ਸੱਚ ਕੌੜਾ ਹੈ, ਪਰ ਸੁਣ ਲਓ- ਜੇਕਰ ਸਿਰਫ਼ ਬਦਾਮ ਖਾਣ ਨਾਲ ਹੀ ਦਿਮਾਗ ਤੇਜ਼ ਹੁੰਦਾ ਤਾਂ ਬਦਾਮ ਵੇਚਣ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਵਿਗਿਆਨੀ ਹੁੰਦਾ। ਦੱਸ ਦੇਈਏ, ਤੁਹਾਡਾ ਦਿਮਾਗ ਇੱਕ ਸੁਪਰ-ਕੰਪਿਊਟਰ ਹੈ ਅਤੇ ਇਸਨੂੰ ਚਲਾਉਣ ਲਈ ਸਿਰਫ਼ ਚੰਗੇ 'ਹਾਰਡਵੇਅਰ' ਦੀ ਨਹੀਂ, ਬਲਕਿ ਸਹੀ 'ਸਾਫਟਵੇਅਰ' ਦੀ ਵੀ ਜ਼ਰੂਰਤ ਹੈ। ਚੱਲੋ ਜਾਣਦੇ ਹਾਂ ਉਹ 5 ਆਦਤਾਂ ਜੋ ਤੁਹਾਡੇ ਦਿਮਾਗ ਨੂੰ ਸੱਚਮੁੱਚ ਏ.ਆਈ. ਵਰਗਾ ਸ਼ਾਰਪ ਬਣਾ ਸਕਦੀਆਂ ਹਨ।

**1. ਦਿਮਾਗ ਦਾ 'ਸਾਫਟਵੇਅਰ ਅਪਡੇਟ' ਕਰਦੇ ਰਹੋ**

ਜਿਵੇਂ ਤੁਹਾਡੇ ਫ਼ੋਨ ਨੂੰ ਸਮੇਂ-ਸਮੇਂ 'ਤੇ ਅਪਡੇਟ ਦੀ ਜ਼ਰੂਰਤ ਹੁੰਦੀ ਹੈ, ਉਸੇ ਤਰ੍ਹਾਂ ਦਿਮਾਗ ਨੂੰ ਵੀ। ਜੇਕਰ ਤੁਸੀਂ ਰੋਜ਼ ਇੱਕੋ ਤਰ੍ਹਾਂ ਦਾ ਕੰਮ ਕਰੋਗੇ ਤਾਂ ਦਿਮਾਗ ਸੁਸਤ ਹੋ ਜਾਵੇਗਾ। ਉਸਨੂੰ ਚੁਣੌਤੀ ਦੇਣਾ ਸ਼ੁਰੂ ਕਰੋ। ਕੋਈ ਨਵੀਂ ਭਾਸ਼ਾ ਸਿੱਖੋ, ਸੁਡੋਕੂ ਖੇਡੋ, ਜਾਂ ਕੋਈ ਸਾਜ਼ ਵਜਾਉਣਾ ਸਿੱਖੋ। ਜਦੋਂ ਤੁਸੀਂ ਕੁਝ ਨਵਾਂ ਸਿੱਖਦੇ ਹੋ ਤਾਂ ਦਿਮਾਗ ਵਿੱਚ ਨਵੇਂ ਰਸਤੇ ਬਣਦੇ ਹਨ, ਜਿਸ ਨਾਲ ਤੁਹਾਡੀ ਸੋਚਣ ਦੀ ਸ਼ਕਤੀ ਵਧਦੀ ਹੈ।

**2. 'ਸਲੀਪ ਮੋਡ' ਹੈ ਸਭ ਤੋਂ ਜ਼ਰੂਰੀ**

ਕੀ ਤੁਸੀਂ ਕਦੇ ਸੋਚਿਆ ਹੈ ਕਿ ਥੱਕਿਆ ਹੋਇਆ ਕੰਪਿਊਟਰ ਹੈਂਗ ਕਿਉਂ ਹੁੰਦਾ ਹੈ ? ਇਹੀ ਹਾਲ ਸਾਡੇ ਦਿਮਾਗ ਦਾ ਹੈ। ਦਿਨ ਭਰ ਦੀ ਜਾਣਕਾਰੀ ਨੂੰ ਸਹੀ ਜਗ੍ਹਾ 'ਸੇਵ' ਕਰਨ ਲਈ ਦਿਮਾਗ ਨੂੰ ਨੀਂਦ ਦੀ ਜ਼ਰੂਰਤ ਹੁੰਦੀ ਹੈ। ਰੋਜ਼ਾਨਾ 7-8 ਘੰਟੇ ਦੀ ਚੰਗੀ ਨੀਂਦ ਲੈਣਾ ਸਿਰਫ਼ ਆਰਾਮ ਨਹੀਂ ਹੈ, ਇਹ ਦਿਮਾਗ ਦੀ 'ਮੈਮੋਰੀ' ਨੂੰ ਪੱਕਾ ਕਰਨ ਦਾ ਸਮਾਂ ਹੈ। ਚੰਗੀ ਨੀਂਦ ਤੋਂ ਬਿਨਾਂ ਤੁਸੀਂ ਚਾਹੇ ਕਿੰਨੇ ਵੀ ਬਦਾਮ ਖਾ ਲਓ, ਦਿਮਾਗ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰੇਗਾ।

**3. ਮਲਟੀਟਾਸਕਿੰਗ ਬੰਦ ਕਰੋ, 'ਫੋਕਸ ਮੋਡ' ਆਨ ਕਰੋ**

ਅਸੀਂ ਅਕਸਰ ਸੋਚਦੇ ਹਾਂ ਕਿ ਇੱਕੋ ਸਮੇਂ ਚਾਰ ਕੰਮ ਕਰਨਾ ਸਮਾਰਟਨੈੱਸ ਹੈ ਪਰ ਇਹ ਦਿਮਾਗ ਲਈ ਜ਼ਹਿਰ ਹੈ। ਜਦੋਂ ਤੁਸੀਂ ਇੱਕੋ ਸਮੇਂ ਕਈ ਕੰਮ ਕਰਦੇ ਹੋ ਤਾਂ ਤੁਹਾਡਾ ਦਿਮਾਗ ਕਿਸੇ ਵੀ ਇੱਕ ਚੀਜ਼ 'ਤੇ 100% ਧਿਆਨ ਨਹੀਂ ਦੇ ਪਾਉਂਦਾ। ਏ.ਆਈ. ਦੀ ਤਰ੍ਹਾਂ ਸਮਾਰਟ ਬਣਨ ਲਈ 'ਸਿੰਗਲ ਟਾਸਕਿੰਗ' ਦੀ ਆਦਤ ਪਾਓ। ਇੱਕ ਸਮੇਂ ਵਿੱਚ ਇੱਕ ਹੀ ਕੰਮ ਕਰੋ ਅਤੇ ਪੂਰਾ ਧਿਆਨ ਉਸੇ 'ਤੇ ਲਗਾਓ। ਇਸ ਨਾਲ ਤੁਹਾਡੀ ਇਕਾਗਰਤਾ ਬਹੁਤ ਵਧ ਜਾਵੇਗੀ।

**4. ਸਰੀਰ ਚੱਲੇਗਾ ਤਾਂ ਹੀ ਦਿਮਾਗ ਦੌੜੇਗਾ**

ਕਸਰਤ ਸਿਰਫ਼ ਬੌਡੀ ਬਣਾਉਣ ਲਈ ਨਹੀਂ ਹੁੰਦੀ, ਇਹ ਦਿਮਾਗ ਲਈ ਵੀ 'ਫਿਊਲ' ਦਾ ਕੰਮ ਕਰਦੀ ਹੈ। ਜਦੋਂ ਤੁਸੀਂ ਦੌੜਦੇ ਹੋ ਜਾਂ ਕਸਰਤ ਕਰਦੇ ਹੋ ਤਾਂ ਦਿਮਾਗ ਤੱਕ ਖ਼ੂਨ ਅਤੇ ਆਕਸੀਜਨ ਦਾ ਵਹਾਅ ਤੇਜ਼ ਹੁੰਦਾ ਹੈ। ਇਹ ਦਿਮਾਗ ਦੇ ਉਨ੍ਹਾਂ ਹਿੱਸਿਆਂ ਨੂੰ ਐਕਟਿਵ ਕਰਦਾ ਹੈ ਜੋ ਯਾਦਦਾਸ਼ਤ ਅਤੇ ਸਿੱਖਣ ਲਈ ਜ਼ਿੰਮੇਵਾਰ ਹਨ। ਦਿਨ ਵਿੱਚ ਸਿਰਫ਼ 20 ਮਿੰਟ ਦੀ ਸੈਰ ਵੀ ਤੁਹਾਡੇ ਦਿਮਾਗ ਨੂੰ 'ਰੀਬੂਟ' ਕਰ ਸਕਦੀ ਹੈ।

**5. ਮੈਡੀਟੇਸ਼ਨ ਦਾ 'ਐਂਟੀ-ਵਾਇਰਸ' ਵਰਤੋਂ**

ਅੱਜ-ਕੱਲ੍ਹ ਸਾਡੇ ਦਿਮਾਗ ਵਿੱਚ ਦਿਨ ਭਰ ਹਜ਼ਾਰਾਂ ਫਾਲਤੂ ਵਿਚਾਰ ਅਤੇ ਤਣਾਅ ਘੁੰਮਦਾ ਰਹਿੰਦਾ ਹੈ। ਇਹ ਇੱਕ ਵਾਇਰਸ ਦੀ ਤਰ੍ਹਾਂ ਹੈ ਜੋ ਦਿਮਾਗ ਦੀ ਸਪੀਡ ਘੱਟ ਕਰ ਦਿੰਦਾ ਹੈ। ਇਸਨੂੰ ਹਟਾਉਣ ਲਈ ਮੈਡੀਟੇਸ਼ਨ (ਧਿਆਨ) ਸਭ ਤੋਂ ਵਧੀਆ ਐਂਟੀ-ਵਾਇਰਸ ਹੈ। ਰੋਜ਼ ਸਵੇਰੇ ਸਿਰਫ਼ 10 ਮਿੰਟ ਸ਼ਾਂਤੀ ਨਾਲ ਬੈਠ ਕੇ ਆਪਣੀਆਂ ਸਾਹਾਂ 'ਤੇ ਧਿਆਨ ਲਗਾਓ। ਇਸ ਨਾਲ ਦਿਮਾਗ ਦਾ ਕੂੜਾ ਸਾਫ਼ ਹੁੰਦਾ ਹੈ ਅਤੇ ਸੋਚਣ ਦੀ ਸਪੱਸ਼ਟਤਾ ਵਧਦੀ ਹੈ। ਬਦਾਮ ਖਾਣਾ ਬੁਰੀ ਗੱਲ ਨਹੀਂ ਹੈ ਪਰ ਜੇਕਰ ਤੁਸੀਂ ਇਨ੍ਹਾਂ 5 ਆਦਤਾਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਲ ਕਰ ਲਓਗੇ ਤਾਂ ਤੁਹਾਨੂੰ ਖੁਦ ਫਰਕ ਮਹਿਸੂਸ ਹੋਵੇਗਾ। ਯਾਦ ਰੱਖੋ, ਤੇਜ਼ ਦਿਮਾਗ ਰਾਤੋ-ਰਾਤ ਨਹੀਂ ਬਣਦਾ, ਇਹ ਤੁਹਾਡੀਆਂ ਛੋਟੀਆਂ-ਛੋਟੀਆਂ ਰੋਜ਼ਾਨਾ ਦੀਆਂ ਆਦਤਾਂ ਦਾ ਨਤੀਜਾ ਹੁੰਦਾ ਹੈ।

## ਸਿਆਲ ਰੁੱਤ 'ਚ ਖਜੂਰ ਖਾਣ ਦੇ ਬਹੁਤ ਹੁੰਦੇ ਹਨ ਲਾਭ

ਸਰਦੀ ਦੇ ਮੌਸਮ ਵਿੱਚ ਖਜੂਰ ਖਾਣਾ ਸਿਹਤ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਔਰਤਾਂ ਲਈ ਹੋਰ ਵੀ ਜ਼ਿਆਦਾ ਲਾਭਦਾਇਕ ਸਾਬਤ ਹੋ ਸਕਦਾ ਹੈ।

ਰੋਜ਼ਾਨਾ 2-3 ਖਜੂਰ ਖਾਣ ਨਾਲ ਔਰਤਾਂ ਦੀ ਸਿਹਤ ਵਿੱਚ ਕਾਫੀ ਸੁਧਾਰ ਆ ਸਕਦੇ ਹਨ। ਆਓ ਜਾਣੀਏ ਰੋਜ਼ ਖਜੂਰ ਖਾਣ ਨਾਲ ਔਰਤਾਂ ਦੀ ਸਿਹਤ ਨੂੰ ਕੀ-ਕੀ ਫਾਇਦੇ

**1. ਐਨਰਜੀ ਦਾ ਕੁਦਰਤੀ ਸ੍ਰੋਤ**

ਔਰਤਾਂ ਅਕਸਰ ਘਰ, ਪਰਿਵਾਰ ਅਤੇ ਕੰਮ ਦੀਆਂ ਜ਼ਿੰਮੇਵਾਰੀਆਂ ਦੇ ਵਿੱਚਕਾਰ ਥਕਾਵਟ ਮਹਿਸੂਸ ਕਰਦੀਆਂ ਹਨ। ਖਜੂਰ ਕੁਦਰਤੀ ਸ਼ੂਗਰ (ਫਰੂਕਟੋਜ਼, ਗਲੂਕੋਜ਼) ਨਾਲ ਭਰਪੂਰ ਹੁੰਦਾ ਹੈ, ਜੋ ਤੁਰੰਤ ਐਨਰਜੀ ਜਾਰੀ ਕਰਦਾ ਹੈ। ਆਇਰਨ ਦੀ ਭਰਪੂਰ ਮਾਤਰਾ ਸਰੀਰ ਵਿੱਚ ਹੀਮੋਗਲੋਬਿਨ ਵਧਾ ਕੇ ਅਨੀਮੀਆ ਤੋਂ ਬਚਾਉਂਦੀਹੈ, ਜੋ ਔਰਤਾਂ ਵਿੱਚ ਇੱਕ ਆਮ ਸਮੱਸਿਆ ਹੈ।

**2. ਹੱਡੀਆਂ ਨੂੰ ਮਜ਼ਬੂਤੀ**

ਔਰਤਾਂ ਵਿੱਚ ਆਸਟੀਓਪੋਰੋਸਿਸ ਯਾਨੀ ਹੱਡੀਆਂ ਦੇ ਕਮਜ਼ੋਰ ਹੋਣ ਦਾ ਖ਼ਤਰਾ ਪੁਰਸ਼ਾਂ ਨਾਲੋਂ ਜ਼ਿਆਦਾ ਹੁੰਦਾ ਹੈ। ਖਜੂਰ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ ਅਤੇ ਵਿਟਾਮਿਨ-ਕੇ ਵਰਗੇ ਤੱਤ ਹੱਡੀਆਂ ਦੀ ਸਿਹਤ ਲਈ ਜ਼ਰੂਰੀ ਹਨ। ਰੋਜ਼ਾਨਾ ਖਜੂਰ ਖਾਣ ਨਾਲ ਹੱਡੀਆਂ ਦੀ ਘਣਤਾ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ।

**3. ਚਮੜੀ ਅਤੇ ਵਾਲਾਂ ਲਈ ਵਰਦਾਨ**



ਖਜੂਰ ਵਿੱਚ ਮੌਜੂਦ ਵਿਟਾਮਿਨ-ਸੀ ਅਤੇ ਵਿਟਾਮਿਨ-ਡੀ ਚਮੜੀ ਦੀ ਲਚਕਤਾ ਬਣਾਈ ਰੱਖਦੇ ਹਨ ਅਤੇ ਝੁਰੜੀਆਂ ਨੂੰ ਘੱਟ ਕਰਦੇ ਹਨ। ਇਸ ਦੇ ਐਂਟੀਆਕਸੀਡੈਂਟ ਗੁਣ ਚਮੜੀ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਂਦੇ ਹਨ। ਨਾਲ ਹੀ, ਆਇਰਨ ਅਤੇ ਵਿਟਾਮਿਨ-ਬੀ ਵਾਲਾਂ ਦੇ ਝੜਨ ਦੀ ਸਮੱਸਿਆ ਘੱਟ ਕਰਕੇ ਉਨ੍ਹਾਂ ਨੂੰ ਮਜ਼ਬੂਤ ਅਤੇ ਚਮਕਦਾਰ ਬਣਾਉਂਦੇ ਹਨ।

**4. ਪਾਚਨ ਪ੍ਰਣਾਲੀ ਨੂੰ ਦਰੁਸਤ ਰੱਖਣਾ**

ਖਜੂਰ ਫਾਈਬਰ ਦਾ ਇੱਕ ਬਿਹਤਰੀਨ ਸ੍ਰੋਤ ਹੈ, ਜੋ ਪਾਚਨ ਕਿਰਿਆ ਨੂੰ ਦਰੁਸਤ ਰੱਖਦਾ ਹੈ ਅਤੇ ਕਬਜ਼ ਤੋਂ ਰਾਹਤ ਦਿਵਾਉਂਦਾ ਹੈ। ਇਹ ਅੰਤੜੀਆਂ ਵਿੱਚ ਸਿਹਤਮੰਦ ਬੈਕਟੀਰੀਆ ਨੂੰ ਵਧਾਵਾ ਦੇ ਕੇ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ, ਜਿਸ ਨਾਲ ਪੇਟ ਸੰਬੰਧੀ ਸਮੱਸਿਆਵਾਂ ਦੂਰ ਰਹਿੰਦੀਆਂ ਹਨ।

**5. ਹਾਰਮੋਨਲ ਬੈਲੇਂਸ ਅਤੇ ਮੂਡ ਵਿੱਚ ਸੁਧਾਰ**

ਖਜੂਰ ਵਿੱਚ ਮੌਜੂਦ ਵਿਟਾਮਿਨ-ਬੀ6 ਅਤੇ ਮੈਗਨੀਸ਼ੀਅਮ ਹਾਰਮੋਨਲ ਬੈਲੇਂਸ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ, ਜਿਸ ਨਾਲ ਪੀ.ਐੱਮ.ਐੱਸ. ਦੇ ਲੱਛਣ ਘੱਟ ਹੁੰਦੇ ਹਨ। ਇਹ ਸੇਰੋਟੋਨਿਨ ਵਰਗੇ ਨਿਊਰੋਟ੍ਰਾਂਸਮੀਟਰ ਨੂੰ ਵਧਾਵਾ ਦੇ ਕੇ ਮੂਡ ਨੂੰ ਬਿਹਤਰ ਬਣਾਉਂਦਾ ਹੈ ਅਤੇ ਤਣਾਅ ਘੱਟ ਕਰਦਾ ਹੈ।

**ਖੁਰਾਕ ਵਿੱਚ ਕਿਵੇਂ ਸ਼ਾਮਲ ਕਰੀਏ ?**

ਰੋਜ਼ਾਨਾ 2-4 ਖਜੂਰ ਖਾਣਾ ਕਾਫੀ ਹੁੰਦਾ ਹੈ। ਇਸ ਨੂੰ ਸਵੇਰੇ ਨਾਸ਼ਤੇ ਵਿੱਚ ਦੁੱਧ ਦੇ ਨਾਲ ਜਾਂ ਸਮੂਦੀ ਵਿੱਚ ਮਿਲਾ ਕੇ ਲਿਆ ਜਾ ਸਕਦਾ ਹੈ। ਧਿਆਨ ਰਹੇ, ਸ਼ੂਗਰ ਦੇ ਮਰੀਜ਼ਾਂ ਅਤੇ ਗਰਭਵਤੀ ਔਰਤਾਂ ਨੂੰ ਡਾਕਟਰ ਤੋਂ ਪੁੱਛ ਕੇ ਹੀ ਇਸ ਨੂੰ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

## ਦਿਲ ਦੇ ਦੌਰੇ ਦੇ ਪਹਿਲਾਂ ਤੋਂ ਹੀ ਮਿਲਣ ਲੱਗ ਜਾਂਦੇ ਨੇ ਸੰਕੇਤ



ਦਿਲ ਦੇ ਦੌਰੇ ਨੂੰ ਅਕਸਰ ਅਚਾਨਕ ਤੇ ਬਿਨਾਂ ਚਿਤਾਵਨੀ ਵਾਲੀ ਘਟਨਾ ਮੰਨਿਆ ਜਾਂਦਾ ਹੈ, ਪਰ ਇਹ ਧਾਰਨਾ ਪੂਰੀ ਤਰ੍ਹਾਂ ਸਹੀ ਨਹੀਂ ਹੈ। ਸਿਹਤ ਮਾਹਰ ਦੱਸਦੇ ਹਨ ਕਿ ਦਿਲ ਦੇ ਦੌਰੇ ਤੋਂ ਪਹਿਲਾਂ ਸਰੀਰ ਕਈ ਸੰਕੇਤ ਦੇਣ ਲੱਗਦਾ ਹੈ ਜਿਨ੍ਹਾਂ ਨੂੰ ਪਛਾਣ ਕੇ ਤੁਰੰਤ ਮਦਦ ਲਈ ਜਾਵੇ ਤਾਂ ਜਾਨ ਬਚਾਈ ਜਾ ਸਕਦੀ ਹੈ। ਇਹ ਸੰਕੇਤ ਸਪਸ਼ਟ ਤਾਂ ਕਦੇ ਬਹੁਤ ਮਾਮੂਲੀ ਹੁੰਦੇ ਹਨ, ਪਰ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਜਾਨਲੇਵਾ ਸਾਬਿਤ ਹੋ ਸਕਦਾ ਹੈ। ਆਓ ਜਾਣਦੇ ਹਾਂ ਦਿਲ ਦੇ ਦੌਰੇ ਤੋਂ ਪਹਿਲਾਂ ਸਰੀਰ ਕਿਵੇਂ ਸੰਕੇਤ ਦੇਣਾ ਸ਼ੁਰੂ ਕਰ ਦਿੰਦਾ ਹੈ।

**1. ਕੰਮ ਕਰਦੇ ਸਮੇਂ ਸਾਹ ਫੁੱਲਣਾ**

ਸਾਧਾਰਨ ਕੰਮ ਕਰਦੇ ਸਮੇਂ, ਜਿਵੇਂ ਤੁਰਨਾ, ਪੌੜੀਆਂ ਚੜ੍ਹਨਾ ਜਾਂ ਹਲਕਾ ਫਰਸ਼ ਸਾਫ਼ ਕਰਨ 'ਤੇ ਜੇਕਰ ਸਾਹ ਫੁੱਲਣ ਲੱਗੇ ਤੇ ਇਹ ਸਮੱਸਿਆ ਹੁਣੇ-ਹੁਣੇ ਸ਼ੁਰੂ ਹੋਈ ਹੈ ਤਾਂ ਇਹ ਦਿਲ ਦੀ ਕਮਜ਼ੋਰੀ ਦਾ ਸੰਕੇਤ ਹੋ ਸਕਦਾ ਹੈ। ਜਦੋਂ ਦਿਲ ਠੀਕ ਤਰ੍ਹਾਂ ਨਾਲ ਖ਼ੂਨ ਪੰਪ ਨਹੀਂ ਕਰ ਪਾਉਂਦਾ ਤਾਂ ਫੇਫੜਿਆਂ ਤਕ ਜ਼ਰੂਰੀ ਮਾਤਰਾ 'ਚ ਆਕਸੀਜਨ ਨਹੀਂ ਪਹੁੰਚਦੀ, ਜਿਸ ਨਾਲ ਸਾਹ ਲੈਣ 'ਚ ਤਕਲੀਫ਼ ਹੁੰਦੀ ਹੈ। ਇਸ ਨੂੰ 'ਡਿਸਪਨੀਆ' ਕਹਿੰਦੇ ਹਨ ਤੇ ਇਹ ਦਿਲ ਦੀ ਅਸਫਲਤਾ ਜਾਂ ਕੋਰੋਨਰੀ ਆਰਟਰੀ ਡਿਜ਼ੀਜ਼ ਦਾ ਲੱਛਣ ਹੋ ਸਕਦਾ ਹੈ।

**2. ਛਾਤੀ 'ਚ ਦਰਦ, ਦਬਾਅ ਜਾਂ ਬੇਚੈਨੀ**

ਇਹ ਦਿਲ ਦੇ ਦੌਰੇ ਦਾ ਸਭ ਤੋਂ ਆਮ ਲੱਛਣ ਹੈ, ਪਰ ਇਸ ਨੂੰ ਹਮੇਸ਼ਾ ਤੇਜ਼ ਦਰਦ ਦੇ ਰੂਪ 'ਚ ਮਹਿਸੂਸ ਨਹੀਂ ਕੀਤਾ ਜਾਂਦਾ। ਕਈ ਵਾਰ ਛਾਤੀ 'ਚ ਭਾਰੀਪਨ, ਜਲਨ, ਕਸਾਵ ਜਾਂ ਦਬਾਅ ਜਿਹਾ ਮਹਿਸੂਸ ਹੁੰਦਾ ਹੈ। ਇਹ ਦਰਦ ਕਦੇ-ਕਦੇ ਖੱਬੇ ਹੱਥ, ਜਬਾੜੇ, ਗਰਦਨ ਜਾਂ ਪਿੱਠ ਤਕ ਫੈਲ ਸਕਦਾ ਹੈ। ਇਹ ਆਰਾਮ ਕਰਨ 'ਤੇ ਘੱਟ ਹੋ ਸਕਦਾ ਹੈ ਅਤੇ ਸਰੀਰਕ ਜਾਂ ਭਾਵਨਾਤਮਕ ਤਣਾਅ 'ਚ ਵੱਧ ਸਕਦਾ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

**3. ਪੈਰਾਂ 'ਚ ਸੋਜ ਜਾਂ ਅਚਾਨਕ ਭਾਰ ਵਧਣਾ**

ਦਿਲ ਦੇ ਕਮਜ਼ੋਰ ਹੋਣ 'ਤੇ ਸਰੀਰ ਵਿੱਚ ਤਰਲ ਪਦਾਰਥ ਜਮ੍ਹਾਂ ਹੋਣ ਲੱਗਦੇ ਹਨ, ਜਿਸ ਨਾਲ ਪੈਰਾਂ, ਗਿੱਟਿਆਂ ਅਤੇ ਪੰਜਿਆਂ 'ਚ ਸੋਜ (ਐਡੀਮਾ) ਆ ਜਾਂਦੀ ਹੈ। ਨਾਲ ਹੀ, ਬਿਨਾਂ ਕਿਸੇ ਕਾਰਨ ਦੇ ਕੁਝ ਦਿਨਾਂ 'ਚ ਹੀ ਭਾਰ ਤੇਜ਼ੀ ਨਾਲ ਵਧ ਸਕਦਾ ਹੈ। ਇਹ ਦਿਲ ਦੀ ਅਸਫਲਤਾ ਦਾ ਆਮ ਸੰਕੇਤ ਹੈ ਕਿਉਂਕਿ ਦਿਲ ਸਰੀਰ ਦੇ ਅੰਗਾਂ ਤੋਂ ਖ਼ੂਨ ਨੂੰ ਸਹੀ ਤਰੀਕੇ ਨਾਲ ਵਾਪਸ ਨਹੀਂ ਖਿੱਚ ਪਾਉਂਦਾ।

**4. ਚੱਕਰ ਆਉਣਾ, ਬੇਹੋਸ਼ੀ ਜਾਂ ਦਿਲ ਦੀ ਧੜਕਣ ਦਾ ਤੇਜ਼ ਹੋਣਾ**

ਬਿਨਾਂ ਕਿਸੇ ਕਾਰਨ ਦੇ ਚੱਕਰ ਆਉਣਾ, ਸਿਰ ਹਲਕਾ ਹੋਣਾ ਜਾਂ ਬੇਹੋਸ਼ ਹੋ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਦਿਮਾਗ ਤੱਕ ਸਹੀ ਮਾਤਰਾ 'ਚ ਖ਼ੂਨ ਨਹੀਂ ਪਹੁੰਚ ਪਾ ਰਿਹਾ। ਇਸੇ ਤਰ੍ਹਾਂ, ਦਿਲ ਦੀ ਧੜਕਣ ਦਾ ਅਚਾਨਕ ਵਧਣਾ, ਹੌਲੀ ਜਾਂ ਅਨਿਯਮਿਤ ਹੋ ਜਾਣਾ ਵੀ ਦਿਲ ਦੀ ਇਲੈਕਟ੍ਰਿਕ ਰਿਦਮ 'ਚ ਗੜਬੜੀ ਵੱਲ ਇਸ਼ਾਰਾ ਕਰਦਾ ਹੈ। ਇਹ ਲੱਛਣ ਐਰੀਥਮੀਆ ਨਾਲ ਜੁੜੇ ਹੋ ਸਕਦੇ ਹਨ।

**5. ਅਸਧਾਰਨ ਕਮਜ਼ੋਰੀ ਜਾਂ ਥਕਾਵਟ**

ਬਿਨਾਂ ਮਿਹਨਤ ਦੇ ਹੀ ਬਹੁਤ ਜ਼ਿਆਦਾ ਥਕਾਵਟ ਅਤੇ ਕਮਜ਼ੋਰੀ ਮਹਿਸੂਸ ਹੋਣਾ, ਖਾਸ ਕਰਕੇ ਔਰਤਾਂ 'ਚ ਦਿਲ ਦੇ ਦੌਰੇ ਦਾ ਲੱਛਣ ਹੋ ਸਕਦਾ ਹੈ। ਇਹ ਥਕਾਵਟ ਆਰਾਮ ਕਰਨ 'ਤੇ ਵੀ ਦੂਰ ਨਹੀਂ ਹੁੰਦੀ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਦਿਲ ਦੀਆਂ ਮਾਸਪੇਸ਼ੀਆਂ ਨੂੰ ਸਹੀ ਮਾਤਰਾ 'ਚ ਖ਼ੂਨ ਨਹੀਂ ਮਿਲ ਪਾ ਰਿਹਾ ਹੁੰਦਾ ਹੈ ਅਤੇ ਸਰੀਰ ਦੇ ਹੋਰ ਅੰਗਾਂ ਤਕ ਵੀ ਘੱਟ ਆਕਸੀਜਨ ਪਹੁੰਚਦੀ ਹੈ ਜਿਸ ਨਾਲ ਵਿਅਕਤੀ ਸੁਸਤ ਅਤੇ ਥੱਕਿਆ ਹੋਇਆ ਮਹਿਸੂਸ ਕਰਦਾ ਹੈ।

# ਸਾਡੇ ਖੂਹ 'ਤੇ ਰੱਬ ਵੱਸਦਾ...

ਸੁਖਪਾਲ ਸਿੰਘ ਗਿੱਲ



ਜੀਵ-ਵਿਗਿਆਨਕ, ਪਦਾਰਥਵਾਦੀ ਅਤੇ ਵਿਹਾਰਕ ਤੌਰ 'ਤੇ ਬਣੀ ਕਿਸੇ ਵੀ ਚੀਜ਼ ਦਾ ਖ਼ਾਸ ਮੰਤਵ ਅਤੇ ਮਹੱਤਵ ਹੁੰਦਾ ਹੈ। ਇਸੇ ਲੜੀ ਤਹਿਤ ਇੱਕ ਕਹਾਵਤ ਹੈ, 'ਖੂਹ ਗਿੜਦਿਆਂ ਦੇ, ਸਾਕ ਮਿਲਦਿਆਂ ਦੇ' ਨੂੰ ਅੱਜ ਦੇ ਸੰਦਰਭ ਵਿੱਚ ਦੇਖੀਏ ਤਾਂ ਮਹਿਸੂਸ ਹੁੰਦਾ ਹੈ ਕਿ ਇਹ ਕਹਾਵਤ ਸਮੇਂ 'ਤੇ ਢੁੱਕਵੀਂ ਹੈ। ਇੱਕ ਸਮਾਂ ਸੀ ਕਿ ਖੂਹ ਅਤੇ ਰਿਸ਼ਤੇ-ਨਾਤੇ ਆਪਣੇ ਉਦੇਸ਼ ਦੀ ਪੂਰਤੀ ਕਰਦੇ ਸਨ। ਅੱਜ ਇਨ੍ਹਾਂ ਦੀ ਤਸਵੀਰ ਕੁਝ ਹੋਰ ਹੀ ਹੋ ਗਈ ਹੈ।

ਲਹੂ ਦੇ ਰਿਸ਼ਤੇ ਮਨੁੱਖਤਾ ਲਈ ਨਹੁੰ-ਮਾਸ ਦੇ ਰਿਸ਼ਤੇ ਬਰਾਬਰ ਹਨ। ਹਰ ਰਿਸ਼ਤੇ ਦਾ ਅੱਡਰਾ ਦਰਜਾ ਹੁੰਦਾ ਹੈ। ਇਨ੍ਹਾਂ ਵਿੱਚ ਸਤਿਕਾਰ ਹੁੰਦਾ ਹੈ। ਵੱਖ-ਵੱਖ ਰਿਸ਼ਤੇ ਜੀਵਨ ਦੇ ਵੱਖ-ਵੱਖ ਪੱਖਾਂ ਦੀ ਪੂਰਤੀ ਕਰਦੇ ਹਨ।

ਅੱਜਕੱਲ੍ਹ ਇੱਕ ਭੇਡਚਾਲ ਚੱਲੀ ਹੋਈ ਹੈ ਕਿ ਬੱਚਾ ਇੱਕ ਹੀ ਕਾਫ਼ੀ ਹੈ। ਉਸ ਬੱਚੇ ਨੂੰ ਅਪਣੱਤ ਦਾ ਸਬਕ ਕਿਵੇਂ ਮਿਲੂ ? ਉਸ ਦੀ ਨਾ ਭੈਣ, ਨਾ ਭਾਈ। ਮਿਲਦੇ ਅਤੇ ਵਰਤ ਦੇ ਸਾਕ ਦੀ ਬੁਨਿਆਦ ਨਾਨਕੇ ਅਤੇ ਦਾਦਕੇ ਹੁੰਦੇ ਹਨ। ਸਾਕ ਸਬੰਧੀਆਂ ਦਾ ਮੂਲ ਭਾਵ ਇੱਕ-ਦੂਜੇ ਨਾਲ ਨਿਸ਼ਕਾਮ ਤੌਰ 'ਤੇ ਮਿਲਣਾ ਹੁੰਦਾ ਹੈ। ਭੈਣ-ਭਰਾ ਦੇ ਪਿਆਰ ਦਾ ਵਰਤਾਓ ਰੱਖੜੀ 'ਤੇ ਉਤਪੰਨ ਹੁੰਦਾ ਹੈ। ਅੱਜ ਪੱਛਮੀ ਦੇਸ਼ਾਂ, ਸੋਸ਼ਲ ਮੀਡੀਆ ਅਤੇ ਪਦਾਰਥਵਾਦ ਨੇ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਮਿਲਣ ਤੋਂ ਦੂਰ ਕੀਤਾ ਹੈ। ਦਾਦਰ ਪੰਡੋਰਵੀ ਕਹਿੰਦੇ ਹਨ;

'ਰਿਸ਼ਤੇ ਵਸਤਾਂ ਤੋਂ ਪਹਿਲਾਂ ਵਿਕਣ ਲਈ ਕਾਹਲੇ ਹਨ, ਬਿਲਕੁਲ ਬੈੱਡਰੂਮ ਦੇ ਨੇੜੇ ਪਹੁੰਚ ਗਿਆ ਹੈ ਬਾਜ਼ਾਰ।'

ਜਦੋਂ ਦਾ ਰਿਸ਼ਤਿਆਂ ਨੂੰ ਮਿਲਣ ਦਾ ਗ੍ਰਹਿਣ ਲੱਗਿਆ ਹੈ ਉਦੋਂ ਤੋਂ ਪ੍ਰਾਹੁਣਚਾਰੀ ਵੀ ਕੰਢੇ 'ਤੇ ਪੁੱਜ ਗਈ ਹੈ। ਇਸ ਦਾ ਸਵਾਦ ਹੀ ਖ਼ਤਮ ਹੋ ਗਿਆ ਹੈ।

ਖੂਹ ਗਿੜਦੇ ਰਹਿਣ ਪਾਣੀ ਦਿੰਦੇ ਰਹਿਣ, ਇਸੇ ਵਿੱਚ ਇਨ੍ਹਾਂ ਦੀ ਖ਼ੂਬਸੂਰਤੀ ਹੁੰਦੀ ਹੈ। ਇਸੇ ਤਰ੍ਹਾਂ ਸਾਡੇ ਸਾਕ-ਸਬੰਧੀ ਵੀ ਮਿਲਦੇ ਗਿਲਦੇ ਹਨ ਤਾਂ ਉਹ ਸਾਕ-ਸਬੰਧੀ ਹੁੰਦੇ ਹਨ, ਨਹੀਂ ਤਾਂ ਆਮ ਲੋਕ ਬਣ ਜਾਂਦੇ ਹਨ। ਖੂਹ ਦਾ ਉਦੇਸ਼ ਪਾਣੀ ਦੇਣਾ, ਰਿਸ਼ਤੇ ਦਾ ਉਦੇਸ਼ ਦੁਖ-ਸੁਖ ਵਿੱਚ ਸ਼ਰੀਕ ਹੋਣਾ ਹੈ।

ਹੁਣ ਗੱਲ ਕਰੀਏ ਖੂਹਾਂ ਦੀ। ਅੱਜ ਖੂਹ ਰਾਹਾਂ ਤੱਕਦੇ ਹਨ। ਆਪਣੇ ਉਦੇਸ਼ ਦੀ ਪੂਰਤੀ ਕਰਵਾਉਣ ਲਈ ਕਾਹਲੇ ਹਨ, ਪਰ ਪੂਰਤੀ ਹੋ ਨਹੀਂ ਰਹੀ। ਰਿਸ਼ਤੇ ਦੇ ਉਦੇਸ਼ ਦੀ ਪੂਰਤੀ ਨੂੰ ਸਮੇਂ ਦੀ ਘਾਟ ਨੇ ਸਮੇਟ ਦਿੱਤਾ ਹੈ। ਖੂਹ ਜ਼ਮੀਨ ਦੀ ਖੁਦਾਈ ਅਤੇ ਪੁਟਾਈ ਕਰਕੇ ਪਾਣੀ ਕੱਢਣ ਤੱਕ ਦਾ ਢਾਂਚਾ ਹੁੰਦਾ ਹੈ। ਇਹ ਪਾਣੀ ਪੀਣ ਲਈ ਅਤੇ ਸਿੰਜਾਈ ਲਈ ਵਰਤਿਆ ਜਾਂਦਾ ਸੀ। ਉਸ ਸਮੇਂ ਵਾਕਿਆ ਹੀ ਖੂਹਾਂ ਉੱਤੇ ਰੱਬ ਵਸਦਾ ਸੀ। ਆਜ਼ਾਦੀ ਤੋਂ ਪਹਿਲਾਂ ਅਤੇ ਹਰੀ ਕ੍ਰਾਂਤੀ ਸਮੇਂ ਖੂਹਾਂ ਦੀ ਸਰਦਾਰੀ ਰਹੀ। ਖੂਹ ਪੁੱਟਣ ਤੋਂ ਪਹਿਲਾਂ ਕੁਝ ਧਾਰਮਿਕ ਰਸਮਾਂ ਵੀ ਹੁੰਦੀਆਂ ਹਨ। ਇਹ ਵੀ ਦੰਦ ਕਥਾ ਆਉਂਦੀ ਹੈ ਕਿ ਖੂਹ ਲਾਉਣ ਵਾਲੀ ਜਗ੍ਹਾ ਬਾਰੇ ਪੰਡਤ ਜੀ ਨੂੰ ਪੁੱਛਿਆ ਜਾਂਦਾ ਸੀ ਕਿ ਧਰਤੀ ਸੁੱਤੀ ਹੈ ਕਿ ਜਾਗਦੀ। ਖੂਹ 'ਤੇ ਦੋ-ਸਾਂਗੜੀ ਲੱਕੜ ਗੱਡ ਕੇ ਉਸ ਵਿੱਚ ਭੌਣੀ ਫਿੱਟ ਕਰਕੇ ਲੱਜ ਨੂੰ ਬਾਲਟੀ ਪਾ ਕੇ ਭੌਣੀ ਰਾਹੀਂ ਬਾਲਟੀ ਖੂਹ ਵਿੱਚ ਭੇਜੀ ਜਾਂਦੀ ਸੀ। ਫਿਰ ਡੁਬਕੀ ਲਗਾ ਕੇ ਪਾਣੀ ਦੀ ਬਾਲਟੀ ਉੱਤੇ ਖਿੱਚ ਕੇ ਪਾਣੀ ਕੱਢਿਆ ਜਾਂਦਾ ਸੀ। ਇਸ ਪ੍ਰਕਿਰਿਆ ਦੀ ਇੱਕ ਖ਼ੂਬੀ ਇਹ ਵੀ ਰਹੀ ਹੈ ਕਿ ਜੋ ਪਾਣੀ ਖੂਹ 'ਚੋਂ ਕੱਢਦਾ ਸੀ, ਉਸ ਦੀ ਵਰਜਿਸ਼ ਵੀ ਹੁੰਦੀ ਰਹਿੰਦੀ ਸੀ। ਵੱਖ-ਵੱਖ ਖਿੱਤਿਆਂ ਵਿੱਚ ਖੂਹ ਦਾ ਪਾਣੀ ਵੱਖ ਵੱਖ ਪੱਧਰਾਂ 'ਤੇ ਹੁੰਦਾ ਸੀ। ਸੰਸਕ੍ਰਿਤੀ ਵਿੱਚ ਲੋਕ ਦਰਿਆਵਾਂ ਕੰਢੇ ਪਾਣੀ ਕਰਕੇ ਹੀ ਵਸਦੇ ਹਨ। ਫਿਰ ਸੋਚ ਆਜ਼ਾਦ ਹੋਣ ਨਾਲ ਖੂਹ ਬਣਾਏ ਜਾਣ ਲੱਗ ਪਏ।

ਖੂਹ ਉੱਤੇ ਹਲਟ ਲਗਾ ਕੇ ਪਾਣੀ ਬਲਦਾਂ ਨਾਲ ਕੱਢਿਆ ਜਾਂਦਾ ਸੀ। ਹਲਟ ਗਿੜਦੇ ਜਾਂਦੇ ਸਨ, ਪਾਣੀ ਨਿਕਲ ਕੇ ਖੇਤਾਂ ਦੀ ਸਿੰਚਾਈ ਕਰਦਾ ਰਹਿੰਦਾ ਸੀ। ਇਸ ਲਈ ਖੂਹ ਸਿੰਜਾਈ, ਪੀਣ ਵਾਲੇ ਪਾਣੀ ਅਤੇ ਅੰਨ ਦਾ ਪੁਰਾਤਨ ਸਮੇਂ ਤੋਂ ਸਾਧਨ ਰਹੇ। ਫਿਰ ਖੂਹ ਵਿੱਚ ਪਾਈਪ ਪਾ ਕੇ ਨਲਕੇ ਅਤੇ ਟਿਊਬਵੈੱਲ ਰਾਹੀਂ ਪਾਣੀ ਦੇ ਸਾਧਨ ਲੱਭੇ ਗਏ। ਇਹ ਸਾਧਨ ਵੀ ਸਮੇਂ ਦੇ ਹਾਣੀ ਰਹੇ। ਪਹਿਲਾਂ ਸਾਂਝੇ ਖੂਹ ਲਗਵਾਏ ਜਾਂਦੇ ਸਨ। ਫਿਰ ਖੂਹ ਕੁਝ ਰੱਜੇ ਪੁੱਜੇ ਘਰਾਂ ਨੇ ਆਪਣਾ ਲਗਵਾਇਆ। ਇਨ੍ਹਾਂ ਘਰਾਂ ਨੂੰ 'ਖੂਹ ਵਾਲੇ' ਦਾ ਤਖ਼ੱਲਸ ਦਿੱਤਾ ਜਾਂਦਾ ਸੀ। ਫਿਰ ਸਮਾਂ ਆਇਆ ਕਿ ਹਰ ਘਰ ਵਿੱਚ ਆਪਣਾ ਖੂਹ ਹੁੰਦਾ ਸੀ। ਖੂਹ ਕਿਸੇ ਸਮੇਂ ਖੇਤੀ ਅਤੇ ਮਨੁੱਖਤਾ ਲਈ ਪ੍ਰਧਾਨ ਰਹੇ ਹਨ, ਪਰ ਅੱਜ ਲੋਪ ਹੋਣ ਵੱਲ ਹਨ। ਟਾਵਾਂ ਟਿੱਲਾ ਖੂਹ ਹੀ ਰਹਿ ਗਿਆ ਹੈ।

ਖੂਹ 'ਤੇ ਬਹੁਤ ਕਿਸਮ ਦਾ ਸੱਭਿਆਚਾਰ ਵੀ ਸਿਰਜਿਆ ਗਿਆ ਹੈ। ਖੂਹਾਂ ਉੱਤੇ ਪਾਣੀ ਭਰਨ ਵੇਲੇ ਦਾ ਦ੍ਰਿਸ਼ ਬਹੁਤ ਹੀ ਮਨਮੋਹਕ ਲੱਗਦਾ ਸੀ। ਕਿੱਸਾ ਕਾਵਿ ਵਿੱਚ ਕੀਮਾ ਮਲਕੀ ਨੂੰ ਖੂਹ ਉੱਤੇ ਮਿਲਣ ਜਾਂਦਾ ਸੀ। ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਇਸ ਪ੍ਰਤੀ ਕਾਫ਼ੀ ਪ੍ਰਚੱਲਿਤ ਗਾਣਾ ਗਾਇਆ

ਮਲਕੀ ਭਰਦੀ ਸੀ ਉਹ ਖੂਹ ਦੇ ਉੱਤੇ ਪਾਣੀ<br>
ਕੀਮਾ ਕੋਲ ਜਾ ਕੇ ਬੇਨਤੀ ਗੁਜਾਰੇ<br>
ਲੰਮਾ ਪੈਂਡ ਰਾਹੀ, ਮਰ ਗਏ ਨੀਂ ਪਿਆਸੇ<br>
ਛੰਨਾ ਪਾਣੀ ਦਾ ਤੂੰ ਪਿਲਾ ਦੇ ਇੱਕ ਮੁਟਿਆਰੇ

ਧੀਆਂ ਦੀ ਬਾਬਲ ਅੱਗੇ ਅਰਜ਼ੋਈ ਵੀ ਰਹੀ ਕਿ ਖੂਹ ਵਾਲੇ ਘਰ ਦਈਂ;

ਦੇਈਂ ਵੇ ਬਾਬਲਾ ਉਸ ਘਰੇ<br>
ਜਿੱਥੇ ਵਗਣ ਦਵਾਟੇ ਖੂਹ<br>
ਠੰਢਾ ਮਿੱਠਾ ਜਲ ਭਰਾਂ<br>
ਮੇਰੀ ਭਿੱਜੀ ਰਹੇ ਸਦਾ ਰੂਹ<br>
ਬੇ ਬਾਬਲ ਤੇਰਾ ਪੁੰਨ ਹੋਵੇ

ਖੂਹਾਂ ਉੱਤੇ ਪਾਣੀ ਭਰਦੀਆਂ ਮੁਟਿਆਰਾਂ ਦੀ ਸੱਭਿਆਚਾਰਕ ਵੰਨਗੀ ਇਹ ਵੀ ਹੈ;

ਖੂਹ 'ਤੇ ਪਾਣੀ ਭਰਦੀਏ ਮੁਟਿਆਰੇ ਨੀਂ<br>
ਪਾਣੀ ਦੀ ਘੁੱਟ ਪਿਲਾ ਦੇ ਬਾਂਕੀਏ ਨਾਰੇ ਨੀਂ

ਪੰਜਾਬ ਦੇ ਮਸ਼ਹੂਰ ਲੇਖਕ ਸੋਹਣ ਸਿੰਘ ਸੀਤਲ ਦਾ ਨਾਵਲ 'ਤੂਤਾਂ ਵਾਲਾ ਖੂਹ' ਵੀ ਮਸ਼ਹੂਰ ਹੈ। 13 ਅਪ੍ਰੈਲ 1919 ਨੂੰ ਖੂਹ ਖੂਨੀ ਵੀ ਬਣਿਆ ਸੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਜੀ ਦੇ ਜਨਮ ਦੀ ਖ਼ੁਸ਼ੀ ਵਿੱਚ 1654 ਵਿੱਚ 6 ਹਲਟਾਂ ਵਾਲਾ ਖੂਹ ਲਗਾਇਆ ਸੀ। ਇਸ ਜਗ੍ਹਾ ਨੂੰ ਅੱਜਕੱਲ੍ਹ ਛੇਹਰਟਾ ਕਿਹਾ ਜਾਂਦਾ ਹੈ। ਸਾਡੇ ਸ਼ਾਨਾਮਤੀ ਵਿਰਸੇ ਦੀਆਂ ਬਹੁਤੀਆਂ ਸੌਗਾਤਾਂ ਹੁਣ ਬੀਤੇ ਦੀ ਕਹਾਣੀ ਬਣ ਗਈਆਂ ਹਨ। ਇਨ੍ਹਾਂ ਵਿੱਚੋਂ ਅੱਜ ਖੂਹ ਰਾਹਾਂ ਤੱਕ ਰਹੇ ਹਨ। ਬਚੇ-ਖੁਚੇ ਖੂਹਾਂ ਨੂੰ ਸਰਕਾਰ ਵੱਲੋਂ ਵਿਰਾਸਤੀ ਖੇਮੇ ਵਿੱਚ ਲਿਆ ਕੇ ਇਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ।

ਇੱਕ ਵਾਰ ਫਿਰ ਤੋਂ 'ਸਾਡੇ ਖੂਹ 'ਤੇ ਵਸਦਾ ਰੱਬ ਨੀਂ' ਦਾ ਸੰਕਲਪ ਲੈਣਾ ਚਾਹੀਦਾ ਹੈ। ਅੱਜ ਖੂਹ ਲੱਜ, ਬਾਲਟੀ ਅਤੇ ਹਲਟ ਨੂੰ ਉਡੀਕਦੇ ਹਨ ਅਤੇ ਆਪਣੇ ਅਤੀਤ ਨੂੰ ਝੂਰਦੇ ਹਨ।

ਮੁੱਕਦੀ ਗੱਲ ਇਹ ਹੈ ਕਿ ਜੋ ਵੀ ਇਜ਼ਾਦ ਹੋਇਆ ਹੈ, ਉਸ ਦਾ ਮੂਲ ਭਾਵ ਉਸ ਦੇ ਉਦੇਸ਼ ਦੀ ਪੂਰਤੀ ਹੋਣੀ ਚਾਹੀਦੀ ਹੈ, ਇਸ ਲਈ ਸਿਰਲੇਖ ਅਧੀਨ ਕਹਾਵਤ ਬਣੀ ਹੋਈ ਹੈ।

# ਭਾਈਆਂ ਬਾਝ ਬੇਲੀ ਕੋਈ ਯਾਰ ਨਾਹੀਂ ....

ਜਗਜੀਤ ਸਿੰਘ ਲੋਹਟਬੱਦੀ



ਭਰਾ ਦਾ ਚੇਤਾ ਆਉਂਦਿਆਂ ਈ ਜਿਵੇਂ ਸਿਰ 'ਤੇ ਕੋਈ ਛਤਰ ਜਿਹਾ ਤਣ ਜਾਂਦੈ। ਉਦਾਸੀ, ਉਲਝਣ ਛੱਟ ਜਾਂਦੀ ਐ। ਕਿਸੇ ਘੁੱਪ ਹਨੇਰੇ ਖੂਹ ਵਿੱਚ ਚਾਨਣ ਦੀ ਲਕੀਰ ਦਿਸਣ ਲੱਗਦੀ ਐ। ਇੱਕ ਇਕੱਲਾ ਤੇ ਦੋ ਗਿਆਰਾਂ ਦਾ ਅਹਿਸਾਸ ਬੱਝ ਜਾਂਦੈ। ਡਿੱਕ ਡੋਲੇ ਖਾਂਦਾ ਮਨ ਕਿਸੇ ਤਣ-ਪੱਤਣ ਦੀ ਆਸ ਵਿੱਚ ਖੀਵਾ ਹੋ ਜਾਂਦੈ। ਵੀਰ ਦਾ ਮੋਢੇ 'ਤੇ ਰੱਖਿਆ ਹੱਥ 'ਸਿਕੰਦਰ' ਬਣਾ ਧਰਦੈ। ਵੱਡੇ ਤੋਂ ਵੱਡੇ ਜਾਬਰ ਵੀ ਸਾਹਮਣੇ ਖੜ੍ਹੇ ਬੌਣੇ ਲੱਗਦੇ ਨੇ। ਸਿੱਧੇ ਮੱਥੇ ਟੱਕਰਨ ਦਾ ਜਨੂੰਨ ਖ਼ਤਰਿਆਂ ਨਾਲ ਖੇਡਣ ਲਾ ਦਿੰਦੈ। ਰਿਸ਼ਤਾ ਹੀ ਅਜਿਹਾ ਹੈ ਕਿ ਦੁਨੀਆ ਰੰਗ ਬਿਰੰਗੀ ਲੱਗਦੀ ਐ। ਮਨ ਕਹਿ ਉੱਠਦਾ, 'ਇਹ ਮੇਰਾ ਆਪਣੈ।'

ਭਾਈ ਢਾਹੁੰਦੇ, ਭਾਈ ਉਸਾਰਦੇ ਨੀ<br>
ਭਾਈਆਂ ਬਾਝ ਬੇਲੀ ਕੋਈ ਯਾਰ ਨਾਹੀਂ<br>
(ਹੀਰ ਵਾਰਿਸ)

ਭਾਈ ਜਾਨੀ ਯਾਰ ਹੁੰਦੇ ਨੇ। ਸਰੀਰ ਅਤੇ ਰੂਹ ਦਾ ਮੇਲ। ਖ਼ੁਸ਼ੀਆਂ ਗ਼ਮੀਆਂ ਦੇ ਸਾਂਝੀਵਾਲ। ਰਹੱਸ ਦੇ ਰਾਜ਼ਦਾਰ। ਮਨ ਵਿੱਚ ਗੁੰਝਲ ਬੱਝੀ ਹੋਵੇ, ਉਸ ਨੂੰ ਖੋਲ੍ਹਣ ਦਾ ਨੁਸਖ਼ਾ ਭਰਾਵਾਂ ਕੋਲ ਹੁੰਦੈ। ਅਜ਼ਲ ਤੋਂ ਹੀ ਮਨੁੱਖੀ ਫ਼ਿਤਰਤ ਸਾਥ ਭਾਲਣ ਦੀ ਰਹੀ ਹੈ, ਸਮਾਜਿਕ ਪ੍ਰਾਣੀ ਜੋ ਹੋਇਆ। ਇਕੱਲਤਾ ਸੁਖਾਉਂਦੀ ਨਹੀਂ। ਜੰਗਲਾਂ ਵਿਚਲੀਆਂ ਦੁਸ਼ਵਾਰੀਆਂ, ਬਿੱਖੜੇ ਪੈਂਡੇ ਅਤੇ ਡਾਢੇ ਦੁਸ਼ਮਣਾਂ ਨਾਲ ਆਢਾ ਲੈਣਾ ਕੋਈ ਸੁਖਾਲਾ ਨਹੀਂ ਸੀ। ਨਾ-ਖ਼ੁਸ਼ਗਵਾਰ ਮੌਸਮ, ਭਿਆਨਕ ਜੀਵ-ਜੰਤੂ ਅਤੇ ਕੁਦਰਤ ਦੀਆਂ ਕਰੋਪੀਆਂ ਨਾਲ ਮੱਥਾ ਲਾਉਣਾ 'ਕੱਲੇ ਦੁਕੱਲੇ ਦਾ ਕਾਰਜ ਨਹੀਂ ਸੀ। ਆਪਣੇ ਕਬੀਲੇ ਵਿੱਚੋਂ ਕੋਈ ਸਹਿਹੋਂਦ ਦੀ ਕਮੀ ਭਾਸਦੀ ਸੀ। ਕਈ ਗੁਣਾ ਤਾਕਤਵਰ ਔਕੜਾਂ ਨੂੰ ਠੱਲ੍ਹਣ ਲਈ ਜਿਹੜੇ ਹੱਥ ਅੱਗੇ ਆਏ, ਉਹੀ ਭਰਾਵਾਂ ਦਾ ਮੁੱਢਲਾ ਰੂਪ ਸਨ। ਕੋੜਮੇ ਨੂੰ ਵਧਾਉਣ ਲਈ, ਜਿਸ ਇਕੱਠ ਨੇ ਪੰਜੇ ਉਂਗਲਾਂ ਦੀ ਮੁੱਠੀ ਬਣਾ ਕੇ ਹਵਾ ਵਿੱਚ ਲਹਿਰਾਈ, ਉਹ ਭਰਾ ਹੀ ਤਾਂ ਸਨ। ਇੱਥੋਂ ਹੀ ਸਾਂਝੇ ਪਰਿਵਾਰਾਂ ਦਾ ਮੁੱਢ ਬੱਝਿਆ। ਸਾਹਮਣਿਉਂ ਆਉਂਦੇ ਹੱਲਿਆਂ ਨੂੰ ਨਿਹੱਥਾ ਕਰਨ ਲਈ, ਜਿਨ੍ਹਾਂ ਨੇ ਹੱਥਾਂ ਦੀਆਂ ਢਾਲਾਂ ਬਣਾਈਆਂ, ਉਹ ਹੀ 'ਆਪਣਾ' ਕਹਾਉਣ ਦੇ ਲਖਾਇਕ ਬਣੇ। ਸੁੰਞਾਪਣ ਮਨੁੱਖ ਲਈ ਕਦੇ ਵੀ ਸੁਹਾਵੀ ਨਹੀਂ ਰਿਹਾ। ਇੱਥੋਂ ਤੱਕ ਕਿ 'ਕੱਲਾ ਕਹਿਰਾ' ਰੁੱਖ ਅਤੇ ਪੁੱਤ ਤਰਸ ਦੇ ਪਾਤਰ ਬਣ ਜਾਂਦੇ ਨੇ। ਕਹਾਵਤ ਹੈ:

ਕੱਲੀ ਹੋਵੇ ਨਾ ਵਣਾਂ ਵਿੱਚ ਲੱਕੜੀ<br>
ਕੱਲਾ ਨਾ ਹੋਵੇ ਪੁੱਤ ਜੱਟ ਦਾ।

ਭਾਈਚਾਰੇ 'ਤੇ ਆਧਾਰਿਤ ਰਿਸ਼ਤਿਆਂ ਦੀ ਇਹ ਸਾਂਝ ਦੁੱਖ-ਸੁੱਖ ਅਤੇ ਜਟਿੱਲ ਸਮੇਂ ਵਿੱਚ ਇੱਕ-ਦੂਜੇ ਲਈ ਸਹਾਰਾ ਬਣਨ ਦਾ ਆਧਾਰ ਬਣਦੀ ਰਹੀ ਹੈ। ਅਜੋਕੇ ਸਮਾਜ ਦਾ ਇਹ ਦੁਖਾਂਤਕ ਪਹਿਲੂ ਹੈ ਕਿ ਮਨੁੱਖ ਆਪਣੇ ਭਾਈਚਾਰੇ ਤੋਂ ਟੁੱਟ ਕੇ ਨਵੀਂਆਂ ਮੰਜ਼ਿਲਾਂ ਵੱਲ ਪਰਵਾਸ ਕਰ ਰਿਹੈ। ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਮਹਾਂਨਗਰਾਂ ਅਤੇ ਮਹਾਂਨਗਰਾਂ ਤੋਂ ਬਿਗਾਨੀਆਂ ਧਰਤੀਆਂ ਵੱਲ, ਪਰ ਭਰਾਤਰੀ ਭਾਵ ਦੇ ਇਸ ਨਿੱਘ ਤੋਂ ਦੂਰ ਹੋਣ ਦੀ ਕਸਕ ਮਨ ਦੀ ਕਿਸੇ ਨੁੱਕਰੇ ਜ਼ਰੂਰ ਟੱਸ ਟੱਸ ਕਰਦੀ ਰਹਿੰਦੀ ਹੈ। ਆਪਣਿਆਂ ਤੋਂ ਦੂਰ ਹੋਣ ਦਾ ਝੋਰਾ ਕਿਸੇ ਪਲ ਚੈਨ ਲੈਣ ਨਹੀਂ ਦਿੰਦਾ। ਆਮ ਜ਼ਿੰਦਗੀ ਵਿੱਚ ਦੇਖਿਆ ਜਾਂਦੈ ਕਿ ਅਸੀਂ ਆਸ-ਪਾਸ ਰਹਿੰਦੇ ਲੋਕਾਂ ਨਾਲ ਕਾਰ ਵਿਹਾਰ ਰੱਖੀਏ ਜਾਂ ਨਾ ਰੱਖੀਏ, ਪਰ ਜਦੋਂ ਕਿਸੇ ਨਵੀਂ ਜਗ੍ਹਾ 'ਤੇ, ਕਿਸੇ ਓਪਰੀ ਧਰਤੀ 'ਤੇ ਉਹੀ ਮਨੁੱਖ ਮਿਲਦੇ ਨੇ, ਤਾਂ ਥੋੜ੍ਹਾ ਸਕੂਨ ਮਿਲਦੈ। ਲੱਗਦੈ, ਜਿਵੇਂ ਉਹੀ ਬਿਗਾਨਾ, ਆਪਣਾ ਸਕਾ ਸਬੰਧੀ ਬਣ ਕੇ ਬਹੁੜਿਆ ਹੋਵੇ। ਅਸੀਂ ਆਪਣੇ ਆਪ ਨੂੰ ਜ਼ਿਆਦਾ ਸੁਰੱਖਿਅਤ ਸਮਝਣ ਲੱਗਦੇ ਹਾਂ। ਵਿਦੇਸ਼ੀ ਮੁਲਕਾਂ ਵਿੱਚ ਬੈਠੇ ਬਜ਼ੁਰਗ ਜਦੋਂ ਕਦੀ ਕਦਾਈਂ ਉੱਥੋਂ ਦੇ ਪਾਰਕਾਂ ਵਿੱਚ ਬੈਠੇ ਦੁੱਖ ਸੁੱਖ ਵੰਡਾਉਂਦੇ ਹਨ, ਤਾਂ ਆਪਣੇ ਵਤਨ ਦੇ ਕਿਸੇ ਵੀ ਹਿੱਸੇ ਤੋਂ ਆਇਆ ਸ਼ਖ਼ਸ ਉਨ੍ਹਾਂ ਨੂੰ ਆਪਣਾ ਭਰਾ ਲੱਗਦੈ। ਆਪਣਾ ਸੱਭਿਆਚਾਰ ਜਿਉਂਦਾ ਜਾਗਦਾ ਮਹਿਸੂਸ ਹੁੰਦੈ। ਆਪਣੇਪਣ ਦਾ, ਆਪਣੇ ਭਾਈਚਾਰੇ ਦਾ ਇਹ ਸਾਥ, ਇਹ ਅਹਿਸਾਸ ਉਨ੍ਹਾਂ ਦੇ ਹਉਕਿਆਂ ਨੂੰ ਹਾਸਿਆਂ ਵਿੱਚ ਬਦਲਣ ਦੀ ਸਮਰੱਥਾ ਰੱਖਦੈ। ਪੱਗ ਦਾ ਸ਼ਮਲਾ ਹੋਰ ਉੱਚਾ ਲੱਗਣ ਲੱਗ ਪੈਂਦੈ। ਲੱਗਦੈ, ਚਾਰ ਭਰਾਵਾਂ ਦਾ ਏਕਾ ਹੀ ਉਨ੍ਹਾਂ ਦੀ ਅਮੁੱਲੀ ਵਿਰਾਸਤ ਐ; ਹੁੰਦੀ ਵੀਰਾਂ ਨਾਲ ਸਰਦਾਰੀ।

'ਭਰਾਵਾਂ ਨਾਲ ਸਰਦਾਰੀ' ਦਾ ਇਹ ਸੰਕਲਪ ਭੋਇੰ ਦੀਆਂ ਹੱਦਾਂ ਦਾ ਮੁਥਾਜ ਨਹੀਂ, ਕਿਸੇ ਕੰਡਿਆਲੀਆਂ ਤਾਰਾਂ ਦੀ ਵਲਗਣ ਦਾ ਗੁਲਾਮ ਨਹੀਂ। ਜਿੱਥੇ ਵੀ ਉਸ ਨੂੰ ਹਮ-ਖ਼ਿਆਲ ਰੂਹਾਂ ਦੀ ਖੁਸ਼ਬੂ ਆਉਂਦੀ ਹੈ, ਉਹ ਉੱਧਰ ਉਲਾਰ ਹੋ ਜਾਂਦਾ ਹੈ। ਕਿਸੇ ਸਾਂਝੇ ਦੁਸ਼ਮਣ ਨਾਲ ਦੋ ਹੱਥ ਕਰਨ ਲਈ ਉਸ ਨੂੰ ਬਾਹਵਾਂ ਦੀ ਲੋੜ ਭਾਸਦੀ ਹੈ। ਸਿਆਣੇ ਕਹਿੰਦੇ ਨੇ, ਦੁਸ਼ਮਣ ਦਾ ਦੁਸ਼ਮਣ, ਦੋਸਤ ਬਣ ਜਾਂਦੈ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਅਜਿਹਾ ਵਰਤਾਰਾ ਆਮ ਹੈ। ਸਾਡੇ ਦੇਸ਼ ਵਿੱਚ ਵੀ ਰਾਜਸੀ ਸੱਤਾ 'ਤੇ ਕਬਜ਼ਾ ਜਮਾਉਣ ਲਈ ਵੱਖਰੀਆਂ ਧਿਰਾਂ ਸਿਰ ਜੋੜ ਲੈਂਦੀਆਂ ਨੇ, ਭਾਵੇਂ ਇਹ ਥੋੜ ਚਿਰਾ ਤੇ ਆਪਾ ਵਿਰੋਧੀ ਹੋਵੇ। ਦਰਸਾਇਆ ਜਾਂਦੈ, ਜਿਵੇਂ ਇਹ ਜੁਗਾਂ ਜੁਗਾਂਤਰਾ ਦਾ ਜੋੜ ਹੋਵੇ। ਅੰਦਰ ਇਹ ਮਜਬੂਰੀ ਛੁਪੀ ਹੁੰਦੀ ਆ ਕਿ ਇੱਕ ਦੂਜੇ ਦਾ ਸਹਾਰਾ ਲੈ ਕੇ ਹੀ ਪੌੜੀ ਦੇ ਡੰਡੇ ਚੜ੍ਹੇ ਜਾ ਸਕਦੇ ਨੇ। ਠੰਢੀ ਜੰਗ ਦੇ ਦੌਰਾਨ ਵੀ ਨਾਟੋ ਅਤੇ ਸੋਵੀਅਤ ਬਲਾਕ ਦਾ ਇਹ ਬੰਧਨ ਇੱਕ ਵੱਡੇ ਸ਼ਰੀਕੇ, ਇੱਕ ਵੱਡੇ ਸਹਿਧਰਮ ਦਾ ਗੱਠਜੋੜ ਸੀ, ਜੋ ਬਾਹਰਲੇ ਖ਼ਤਰੇ ਦੇ ਡਰ ਕਰਕੇ ਇੱਕ ਦੂਜੇ ਦੀਆਂ ਫੌੜ੍ਹੀਆਂ ਭਾਲਦਾ ਸੀ। ਅੱਜ ਵੀ ਵੱਡੀਆਂ ਫ਼ੌਜੀ ਸ਼ਕਤੀਆਂ ਵਿੱਚ ਨਵੇਂ ਸਿਰ ਜੋੜਨ ਦੀ ਹੋੜ ਲੱਗੀ ਹੋਈ ਹੈ:

ਬਾਵ੍ਹਾਂ ਵਾਲਿਆਂ ਦੀ ਲੋਕ ਕਰਨ ਮਿੰਨਤ<br>
ਬਿਨਾਂ ਬਾਹਾਂ ਦੇ ਕੋਈ ਸਰਦਾਰ ਨਾਹੀਂ।<br>
ਬਾਹਾਂ ਕੱਲੀਆਂ ਨੂੰ ਲੋਕ ਮਾਰਦਾ ਜੇ<br>
ਬਾਹਾਂ ਵਾਲਿਆਂ ਨੂੰ ਕੋਈ ਸਾਰ ਨਾਹੀਂ।<br>
ਦੁਨੀਆ ਦੇ ਅਖਾੜੇ ਦੇ ਇੰਦਰਧਨੁਸ਼ੀ ਰੰਗ ਭਾਈਆਂ ਸੰਗ ਹੀ ਗੂੜ੍ਹੇ ਹੁੰਦੇ ਨੇ। ਜਿੱਥੇ ਹਾਸਿਆਂ ਦੀ ਠਣਕਾਰ ਦੂਰ ਤੱਕ ਸੁਣਾਈ ਦਿੰਦੀ ਹੋਵੇ, ਜ਼ਰੂਰ ਚਾਰ ਭਰਾ ਰੱਬ ਦੇ ਸ਼ਰੀਕ ਬਣੇ ਬੈਠੇ ਹੋਣਗੇ! ਭਾਈਆਂ ਦੀ ਸੰਗਤ ਵਿੱਚ ਪੈਰ ਅਚਨਚੇਤ ਹੀ ਧਰਤੀ ਤੋਂ ਉੱਠਣ ਲੱਗਦੇ ਨੇ ਅਤੇ ਕਿਸੇ ਪਰੀ ਦੇਸ਼ ਦੀਆਂ ਸੁਹਾਵਣੀਆਂ ਬਾਤਾਂ ਆ ਪ੍ਰਗਟ ਹੁੰਦੀਆਂ ਨੇ। ਭਾਈਆਂ ਦੀ ਮੌਜੂਦਗੀ ਸੂਰਬੀਰਤਾ ਦੀ ਮਿਸਾਲ ਦੇਣ ਲੱਗਦੀ ਐ;

ਮਾਂ ਜਿਹਾ ਰਿਸ਼ਤਾ ਨਾ ਕੋਈ, ਬਾਪੂ ਜਿਹੀ ਹੱਲਾ ਸ਼ੇਰੀ ਨਾ<br>
ਭੈਣਾਂ ਜਿਹਾ ਪਿਆਰ ਨਾ ਕਿਧਰੇ, ਭਰਾਵਾਂ ਬਾਝ ਦਲੇਰੀ ਨਾ।

ਇਤਿਹਾਸ ਦੇ ਪੰਨੇ ਅੱਜ ਵੀ ਰਾਮ ਤੇ ਲਛਮਣ ਦੇ ਪਿਆਰ ਦੀ ਗਵਾਹੀ ਭਰਦੇ ਨੇ। ਆਮ ਲੋਕਾਂ ਦੀ ਕਹਾਵਤ ਹੈ ਕਿ ਜਦੋਂ ਭਰਾਵਾਂ ਦੀ ਇਕਸੁਰਤਾ ਦਾ ਸੁਨੇਹਾ ਦੇਣਾ ਹੋਵੇ ਤਾਂ ਆਖਿਆ ਜਾਂਦੈ ਕਿ ਭਰਾਵਾਂ ਵਿੱਚੋਂ ਸੂਈ ਨ੍ਹੀਂ ਲੰਘਦੀ। ਇੰਨਾ ਡੂੰਘਾ ਤੇ ਸੰਘਣਾ ਰਿਸ਼ਤਾ ਹੁੰਦਾ ਮਾਂ ਜਾਇਆਂ ਦਾ। ਕਈ ਵਾਰ ਵੱਖਰੀਆਂ ਮਾਵਾਂ ਦੇ ਪੇਟੋਂ ਜਨਮੇ ਵੀ ਸਕੇ ਭਰਾਵਾਂ ਨਾਲੋਂ ਵੱਧ ਨਿਭਾ ਜਾਂਦੇ ਨੇ। ਸਾਡੇ ਧਰਮਾਂ ਨੇ ਮੁੱਢ ਕਦੀਮਾਂ ਤੋਂ ਹੀ ਭਰਾਤਰੀ ਭਾਵ ਨੂੰ ਸਲਾਹਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਭਾਈ ਨੂੰ ਉੱਚ ਦਰਜਾ ਪ੍ਰਦਾਨ ਕੀਤਾ ਗਿਆ ਹੈ, ਜੋ ਪਰਵਿਦਗਾਰ ਦੀਆਂ ਬਾਤਾਂ ਸੁਣਾਉਂਦਾ ਹੈ ਅਤੇ ਉਸ ਦੇ ਵਿਚਾਰਾਂ ਦਾ ਗੁਣਗਾਨ ਕਰਦਾ ਹੈ।

ਦਿੱਲੀ ਦੀਆਂ ਬਰੂਹਾਂ 'ਤੇ ਵੀ ਭਰਾਵਾਂ ਦਾ ਇਕੱਠ ਹੋਇਆ। (**ਬਾਕੀ ਸਫ਼ਾ 27 'ਤੇ**)

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

**FUEL CARDS**
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE
ROAD SQUAD connect

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਗੁਰੂ ਗੋਬਿੰਦ ਸਿੰਘ ਜੀ ਇੱਕ ਇਲਾਹੀ ਦੂਤ, ਇੱਕ ਯੋਧਾ ਅਤੇ ਇੱਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈ ਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿੱਚ ਆਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਪਰਮਾਤਮਾ ਦੇ ਪ੍ਰੇਮ ਵਿੱਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿੱਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖ਼ਾਲਸਾ ਸਾਜਿਆ ਕਿ ਇੱਕ ਪਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਰੱਖੇ ਅਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿੰਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਿਕ ਤੇ ਸੰਸਾਰਕ ਨੂੰ ਇੱਕ ਕਲਾਵੇ ਵਿੱਚ ਲੈ ਲਿਆ। ਦੇਗ, ਤੇਗ, ਫ਼ਤਹਿ ਦੀ ਦਾਤ ਖ਼ਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਿਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਗੁਰੂ ਕਾਲ ਦੇ ਚੱਲਦੇ ਸਮੇਂ ਵਿੱਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ ਵਿੱਚ 22 ਦਸੰਬਰ 1666 ਨੂੰ ਮਾਤਾ ਗੁਜ਼ਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ ’ਤੇ ਸਨ। ਸਾਹਿਬਜ਼ਾਦੇ ਦਾ ਨਾਉਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿੱਚ 30 ਮਾਰਚ 1699 ਵੈਸਾਖ਼ੀ ਵਾਲੇ ਦਿਨ ਆਪ ਜੀ ਨੇ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਉਂ ਗੁਰੂ ਗੋਬਿੰਦ ਸਿੰਘ ਜੀ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿੱਚ ਪਟਨਾ ਵਾਪਿਸ ਆਉਣ ’ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜ਼ਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਾਜ਼ਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫ਼ਿਰ ਕੀਰਤਪੁਰ ਪਹੁੰਚੇ। ਅਖੀਰ ਮਾਰਚ,1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਪੜ੍ਹਨਾ ਸੀ। ਸ਼ਸਤਰ ਵਿਦਿਆ ਵਿੱਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰੰਦਾਜੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿੱਚ ਸਾਥੀਆਂ ਨੂੰ ਦੋ ਟੋਲੀਆਂ ਵਿੱਚ ਵੰਡ ਲੈਂਦੇ ਸਨ। ਫ਼ਰਜ਼ੀ ਲੜਾਈਆਂ ਲੜੀਆਂ ਜਾਂਦੀਆਂ, ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜ਼ੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿੱਚ ਆਨੰਦਪੁਰ ਸਾਹਿਬ ਪਹੁੰਚ ਕੇ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ ਨੌਂ ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿੱਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਸਾਡਾ ਸਾਹਿਬਜ਼ਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸਤਰ ਵਿਦਿਆ ਦੇ ਹੁਨਰ ਨਾਲ ਸਾਹਿਤਕ ਉੱਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇੱਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ ਕਿ ਜਿਸ ਵਿੱਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿੱਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ ’ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਖੜੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇੱਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀ ਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿੱਚ ਧਾਰਮਿਕ ਵਾਰਤਾਲਾਪ ਚੱਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿੱਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮੁਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿੱਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ, ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇੱਕ ਸਰਵ ਉੱਚ ਵਿੱਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸ ਦੀ ਵਰਤੋ ਕਦੇ ਨਿਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈ ਮਾਣ ਦਾ ਪ੍ਰਤੀਕ ਹੈ। ਇਸ ਦੀ ਵਰਤੋ ਸਿਰਫ਼ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ ਜਦੋਂ ਹੋਰ ਸਾਰੇ ਯਤਨ ਅਸਫ਼ਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿੱਚ ਕਲਮਕਾਰ, ਕਲਾਕਾਰ, ਗੁਣੀ ਫ਼ਨਕਾਰ ਸਨ। ਜਿਨ੍ਹਾਂ ਦਾ ਸਮੇਂ ਸਮੇਂ ਤਾਂਤਾ ਲੱਗਾ ਰਹਿੰਦਾ ਸੀ ਪਰ 52 ਕਵੀ ਪੱਕੇ ਤੌਰ ’ਤੇ ਗੁਰੂ ਦਰਬਾਰ ਵਿੱਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਨ੍ਹਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿੱਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿਦਿਆ ਅਤੇ ਫ਼ੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰਾਂ ਪਾਉਂਦਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿੱਕ ਕੇ ਧਿਆਨ ਦੇ ਸਕੇ। ਗੁਰੂ ਸਾਹਿਬ ਜੀ ਦੀ ਵੱਧਦੀ ਤਾਕਤ ਅਤੇ ਲੋਕਾਂ ਵਿੱਚ ਵਧਦੇ ਪ੍ਰਭਾਵ ਤੋਂ ਗੁਆਢੀਂ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਕੁਝ ਖ਼ਾਲਸਾ ਸਾਜਣਾ ਤੋਂ ਪਹਿਲਾਂ ਤੇ ਕੁਝ ਖ਼ਾਲਸਾ ਸਾਜਣਾ ਤੋਂ ਬਾਅਦ। ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਅਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾਂ ਦੀ ਜੰਗ। ਸੰਨ 1694 ਨੂੰ ਸ਼ਹਿਜ਼ਾਦਾ ਮੁਅੱਜ਼ਮ ਬਾਅਦ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਿਆ, ਦੇ ਸਮੇਂ ਥੋੜੀ ਜਿਹੀ ਰਾਹਤ ਮਿਲੀ। ਸੰਨ 1699 ਵਿੱਚ ਵੱਖ ਵੱਖ ਹਿਸਿਆ ਵਿੱਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ। ਗੁਰੂ ਸਾਹਿਬ ਜੀ ਨੇ ਖ਼ਾਲਸਾ ਪੰਥ ਸਾਜਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖ਼ੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖ਼ੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ, ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। ‘ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।’ ਹੁਣ ਤੋਂ ਸਿੰਘ ਖ਼ਾਲਸਾ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਉਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿੱਚ 80,000 ਮਰਦਾਂ ਅਤੇ ਔਰਤਾਂ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿੱਚ ਚਲਦਾ ਰਿਹਾ।

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ, ਪਹੁੰਚੇ। ਉੱਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ ’ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਜੀ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ , ਗੁਰੂ ਗ੍ਰੰਥ ਸਾਹਿਬ ਜੀ ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇੱਕਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਨਸੀ (“ਉੱਤਰੀ ਪੂਰਬੀ ਮੱਧ ਭਾਰਤ”) ਵਰਗਾ ਵਿਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜ਼ੇਬ ਦਾ ਇੱਕ ਪੱਤਰ ਮਿਲਿਆ, ਜਿਸ ਵਿੱਚ ਉਸ ਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿੱਚ ਆ ਕੇ ਉਸ ਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉੱਤਰ ਵਿੱਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਦੀ ਜੰਗ ਤੋਂ ਬਾਅਦ ਉਸ ਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ ’ਤੇ ਲਿਖਿਆ। ਇਹ ਪੱਤਰ ਫ਼ਾਰਸੀ ਕਵਿਤਾ ਵਿੱਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵ ਸ਼ੈਲੀ ਅਤੇ ਚੜ੍ਹਦੀਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂਉਂ ਜਫ਼ਰ ਨਾਮਾਹ ਜਾਂ ਵਿਜੈਗੀਤ ਰੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜਫ਼ਰ ਨਾਮਾਹ ਔਰੰਗਜ਼ੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿੱਚ ਸਨ। ਜਦੋਂ ਫ਼ਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖ਼ਬਰ ਆਈ। ਸ਼ਾਹਜਹਾਨ ਬਾਦ ਦਿੱਲੀ ਰਾਹੀਂ ਪੰਜਾਬ ਵਾਪਿਸ ਆਉਣ ਤਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫ਼ਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿੱਚ ਤਾਪਦੀ ਨਦੀ ਅਤੇ ਅਗਸਤ ਵਿੱਚ ਗੰਗਾ ਨੂੰ ਪਾਰ ਕਰਕੇ ਹੋਏ ਅਗਸਤ ਦੇ ਅੰਤ ਵਿੱਚ ਨਾਂਦੇੜ ਪਹੁੰਚੇ। ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫ਼ੈਸਲਾ ਕੀਤਾ। ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।


ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸ ਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇੱਕ ਪਠਾਣ ਨੇ ਗੁਰੂ ਸਾਹਬਿ ਜੀ ਨੂੰ ਦਿਲ ਦੇ ਹੇਠਾਂ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ, ਗੁਰੂ ਸਾਹਿਬ ਜੀ ਸੰਭਲ ਗਏ ਸਨ। ਤਦ ਤਕ ਸਿੰਘਾਂ ਨੇ ਉਸ ਨੂੰ ਡੇਗ ਲਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਇਲਾਜ ਲਈ ਯੂਰਪੀਨ ਮਾਹਿਰ ਡਾਕਟਰਾਂ ਨੂੰ ਭੇਜਿਆ। ਤੁਰੰਤ ਜ਼ਖਮ ਤੇ ਟਾਂਕੇ ਲਗਾਏ ਗਏ। ਕੁਝ ਦਿਨਾਂ ਵਿੱਚ ਜ਼ਖ਼ਮ ਠੀਕ ਹੋ ਰਿਹਾ ਸੀ। ਜਦ ਗੁਰੂ ਸਾਹਿਬ ਜੀ ਨੇ ਇੱਕ ਮਜ਼ਬੂਤ ਧਨੁਸ਼ ਨੂੰ ਖਿੱਚਿਆ ਤਾਂ ਅੱਲਾ ਜ਼ਖ਼ਮ ਫ਼ਿਰ ਖੁੱਲ ਗਿਆ। ਬਹੁਤ ਸਾਰਾ ਖ਼ੂਨ ਵਹਿ ਗਿਆ। ਦੁਬਾਰਾ ਇਲਾਜ ਕੀਤਾ ਪਰ ਗੁਰੂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਹਨਾਂ ਖ਼ਾਲਸੇ ਨੂੰ ਆਖਰੀ ਸੰਦੇਸ਼ ਦਿੱਤਾ ਕਿ ਅੱਗੇ ਤੋਂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। “ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥ ਸਭ ਸਿੱਖਿਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥” ਅਰਥਾਤ ਅਬਿਨਾਸੀ ਪੁਰਖ ਦੇ ਹੁਕਮ ਨਾਲ ਪੰਥ ਦੀ ਸਿਰਜਣਾ ਕੀਤੀ ਗਈ ਹੈ। ਸਾਰੇ ਸਿੱਖਾਂ ਨੂੰ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੈ। ਗੁਰੂ ਗ੍ਰੰਥ ਨੂੰ ਗੁਰੂਆਂ ਦਾ ਸਰੂਪ ਸਮਝੋ। ਜੋ ਪਰਮਾਤਮਾ ਨੂੰ ਮਿਲਣਾ ਚਾਹੁੰਦੇ ਹਨ, ਉਹ ਉਸ ਦੀ ਬਾਣੀ ਵਿੱਚ ਪਾ ਸਕਦੇ ਹਨ। ਸ਼ੁੱਧ ਰਾਜ ਕਰੇਗਾ ਅਤੇ ਅਪਵਿੱਤਰ ਨਹੀਂ ਰਹੇਗਾ। ਜੋ ਵਿੱਛੜੇ ਹਨ, ਉਹ ਇਕੱਠੇ ਹੋ ਜਾਣਗੇ ਅਤੇ ਸਾਰੇ ਸ਼ਰਧਾਲੂ ਬਚ ਜਾਣਗੇ। ਇਹ ਘਟਨਾ ਅਕਤੂਬਰ 1708 ਦੀ ਹੈ।

ਇਤਿਹਾਸਕਾਰਾਂ ਨੇ ਆਪਣੀ ਯਥਾ ਸ਼ਕਤੀਆਂ ਅਤੇ ਸੂਝ ਨਾਲ ਗੁਰੂ ਸਾਹਿਬ ਜੀ ਬਾਰੇ ਲਿਖਿਆ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਗੰਜ ਏ ਸ਼ਹੀਦਾਂ ਵਿੱਚ ਲਿਖਿਆ ਹੈ ਕਿ :

ਕਰਤਾਰ ਦੀ ਸੋਗੰਦ ਹੈ, ਨਾਨਕ ਦੀ ਕਸਮ ਹੈ।

ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।





# ਰਿਸ਼ਤਿਆਂ ਦੇ ਚਿਰਾਗ

-ਹਰਮਨਜੀਤ ਸਿੰਘ ਸੱਲੋਮਾਜਰਾ

ਮੈਂ ਦਫ਼ਤਰ ਤੋਂ ਘਰ ਪੁੱਜ ਕੇ ਮੇਨ ਗੇਟ ਦੇ ਅੰਦਰ ਸਕੂਟਰ ਖੜ੍ਹਾਇਆ ਤਾਂ ਦੇਖਿਆ ਕਿ ਵੱਡਾ ਪੁੱਤਰ ਅੰਦਰਲੇ ਦਰਵਾਜ਼ੇ ਵਿੱਚ ਖੜ੍ਹਾ ਬੇਸਬਰੀ ਨਾਲ ਮੈਨੂੰ ਉਡੀਕ ਰਿਹਾ ਸੀ। ਮੈਨੂੰ ਆਉਂਦੇਨੂੰ ਦੇਖ ਉਸ ਨੂੰ ਚਾਅ ਚੜ੍ਹ ਗਿਆ ਤੇ ਭੱਜ ਕੇ ਅੰਦਰ ਆਪਣੀ ਨਿੱਕੀ ਭੈਣ ਨੂੰ ਦੱਸਣ ਗਿਆ ਕਿ ਪਾਪਾ ਆ ਗਏ, ਹੁਣ ਸਾਨੂੰ ਬਾਜ਼ਾਰ ਲੈ ਕੇ ਜਾਣਗੇ। ਸਾਰੇ ਦਿਨ ਦੇ ਕੰਮ ਤੋਂ ਕਾਫ਼ੀ ਥੱਕਿਆ ਹੋਇਆ ਸੀ, ਪਰ ਬੱਚਿਆਂ ਦੇ ਮਾਸੂਮ ਚਿਹਰੇ ਦੇਖ ਕੇ ਮੇਰੇ ਤੋਂ ਇਨਕਾਰ ਨਾ ਕੀਤਾ ਗਿਆ।

ਮੈਂ ਹੱਥ ਮੂੰਹ ਧੋ ਕੇ ਦੁਬਾਰਾ ਸਕੂਟਰ ਕੱਢ ਲਿਆ, ਪੁੱਤਰ ਨੂੰ ਪਿਛਲੀ ਸੀਟ 'ਤੇ ਬਿਠਾ ਲਿਆ ਅਤੇ ਨਿੱਕੀ ਅੱਗੇ ਖਲੋ ਗਈ। ਤਿਉਹਾਰਾਂ ਦੇ ਦਿਨ ਸਨ। ਦੀਵਾਲੀ ਨੂੰ ਬਸ ਤਿੰਨ ਕੁ ਦਿਨ ਹੀ ਰਹਿੰਦੇ ਸਨ। ਜ਼ਿਆਦਾ ਭੀੜ ਹੋਣ ਕਾਰਨ ਮੈਂ ਆਪਣਾ ਸਕੂਟਰ ਬਾਜ਼ਾਰ ਤੋਂ ਬਾਹਰ ਪਾਰਕਿੰਗ ਵਿੱਚ ਲਗਾ ਦਿੱਤਾ ਅਤੇ ਬੱਚਿਆਂ ਨਾਲ ਪੈਦਲ ਚੱਲ ਪਿਆ। ਬਾਜ਼ਾਰ ਵਿੱਚ ਰੌਣਕ ਦੇਖਣ ਵਾਲੀ ਸੀ, ਦੁਕਾਨਦਾਰਾਂ ਨੇ ਦੁਕਾਨਾਂ ਪੂਰੀਆਂ ਸ਼ਿੰਗਾਰੀਆਂ ਹੋਈਆਂ ਸਨ। ਇਹੋ ਜਿਹੇ ਸਮੇਂ ਹਰ ਛੋਟੇ ਵੱਡੇ ਵਪਾਰੀ ਤੋਂ ਇਲਾਵਾ ਹਰ ਬੰਦਾ ਕੁਝ ਨਾ ਕੁਝ ਵੇਚ ਕੇ ਚਾਰ ਪੈਸੇ ਵੱਟਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਉਨ੍ਹਾਂ ਦੀ ਦੀਵਾਲੀ ਹੋਰ ਵੀ ਵਧੀਆ ਲੰਘ ਸਕੇ। ਮੈਂ ਵੀ ਘਰ ਦੀ ਸਜਾਵਟ ਲਈ ਬਿਜਲੀ ਨਾਲ ਚੱਲਣ ਵਾਲੇ ਰੰਗ-ਬਰੰਗੇ ਲਾਟੂ ਖਰੀਦਣ ਲਈ ਬਿਜਲੀ ਦੀਆਂ ਦੁਕਾਨਾਂ ਵੱਲ ਵਧਿਆ। ਥੋੜ੍ਹੀ ਦੂਰ ਜਾ ਕੇ ਇੱਕ ਆਵਾਜ਼ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ "ਰਿਸ਼ਤਿਆਂ ਦੇ ਚਿਰਾਗ਼ ਲੈ ਲਓ…"। ਮੈਂ ਪਿੱਛੇ ਮੁੜ ਕੇ ਦੇਖਿਆ ਤਾਂ ਕਿ ਅੱਸੀ ਕੁ ਸਾਲ ਦਾ ਬਜ਼ੁਰਗ ਸੜਕ ਦੇ ਲਾਗੇ ਫੜੀ ਲਗਾ ਕੇ ਕੁਝ ਵੇਚ ਰਿਹਾ ਸੀ ਪਰ ਬਹੁਤ ਜ਼ਿਆਦਾ ਭੀੜ ਹੋਣ ਕਾਰਨ ਕੁਝ ਪੱਕਾ ਪਤਾ ਨਹੀਂ ਸੀ ਲੱਗ ਰਿਹਾ ਕਿ ਬਜ਼ੁਰਗ ਕੀ ਵੇਚ ਰਿਹਾ ਸੀ। ਮੈਨੂੰ ਲੱਗਿਆ ਕਿ ਉਹ ਗਾਹਕਾਂ ਨੂੰ ਲੁਭਾਉਣ ਲਈ ਅਜਿਹੇ ਸ਼ਬਦ ਵਰਤ ਰਿਹਾ ਸੀ। ਮੈਂ ਦੁਬਾਰਾ ਅੱਗੇ ਵੱਲ ਚੱਲ ਪਿਆ ਅਤੇ ਆਪਣੀ ਜਾਣ-ਪਛਾਣ ਵਾਲੇ ਦੀ ਦੁਕਾਨ 'ਤੇ ਜਾ ਪੁੱਜਾ। ਬੱਚੇ ਆਪਣੀ ਪਸੰਦ ਦਾ ਸਾਮਾਨ ਦੁਕਾਨਦਾਰ ਕੋਲ ਵੇਖਣ ਲੱਗੇ, ਪਰ ਮੇਰੇ ਦਿਮਾਗ਼ ਵਿੱਚ ਅਜੇ ਵੀ ਬਜ਼ੁਰਗ ਦੇ ਬੋਲ ਘੁੰਮ ਰਹੇ ਸਨ ਰਿਸ਼ਤਿਆਂ ਦੇ ਚਿਰਾਗ਼ ਲੈ ਲਓ… ।

ਬੱਚਿਆਂ ਨੂੰ ਸਜਾਵਟ ਦਾ ਸਾਮਾਨ ਦਿਵਾ ਕੇ ਦੁਕਾਨ ਦੇ ਬਾਹਰ ਖੜ੍ਹੇ ਕੁਲਫ਼ੀ ਵਾਲੇ ਤੋਂ ਕੁਲਫ਼ੀਆਂ ਦਿਵਾ ਵਾਪਸ ਘਰ ਨੂੰ ਚੱਲ ਪਿਆ। ਰਸਤੇ ਵਿੱਚ ਬਜ਼ੁਰਗ ਦੀ ਆਵਾਜ਼ ਫਿਰ ਕੰਨੀਂ ਪਈ। ਮੇਰਾ ਮਨ ਇਨ੍ਹਾਂ ਸ਼ਬਦਾਂ ਪਿਛਲਾ ਰਾਜ਼ ਜਾਣਨ ਲਈ ਹੋਰ ਉਤਸੁਕ ਹੋ ਗਿਆ। ਬੱਚਿਆਂ ਨੂੰ ਘਰ ਛੱਡ ਕੇ ਫਿਰ ਮੈਂ ਬਜ਼ੁਰਗ ਕੋਲ ਪੁੱਜ ਗਿਆ। ਉਹ ਮਿੱਟੀ ਦੇ ਬਣੇ ਅਨੋਖੀ ਬਣਾਵਟ ਦੇ ਰੰਗ-ਬਰੰਗੇ ਦੀਵੇ ਵੇਚ ਰਿਹਾ ਸੀ, ਜੋ ਵੇਖਣ ਵਿੱਚ ਕਾਫ਼ੀ ਸੋਹਣੇ ਲੱਗ ਰਹੇ ਸਨ। ਮੇਰਾ ਧਿਆਨ ਦੀਵੇ ਖਰੀਦਣ ਵਿੱਚ ਘੱਟ ਤੇ ਬਜ਼ੁਰਗ ਦੀ ਗੱਲ 'ਤੇ ਜ਼ਿਆਦਾ ਸੀ। ਇਸੇ ਕਰਕੇ ਮੈਂ ਇੱਕ ਪਾਸੇ ਖੜ੍ਹ ਕੇ ਬਾਬੇ ਕੋਲੋਂ ਗਾਹਕ ਜਾਣ ਦਾ ਇੰਤਜ਼ਾਰ ਕਰਨ ਲੱਗਿਆ। ਥੋੜ੍ਹੇ ਸਮੇਂ ਤੱਕ ਜਦੋਂ ਸਾਰੇ ਗਾਹਕ ਚਲੇ ਗਏ ਤਾਂ ਮੈਂ ਬਾਬੇ ਕੋਲ ਚਲਾ ਗਿਆ। ਪਹਿਲਾਂ ਤਾਂ ਮੈਂ ਕਿਸੇ ਗਾਹਕ ਵਾਂਗ ਦੀਵੇ ਦੇਖਣ ਤੇ ਕੀਮਤ ਪੁੱਛਣ ਲੱਗਾ। ਫਿਰ ਇੱਕ ਦੋ ਹੋਰ ਇੱਧਰ ਉਧਰ ਦੀਆਂ ਗੱਲਾਂ ਤੋਂ ਬਾਅਦ ਮੈਂ ਬਾਬੇ ਨੂੰ ਪੁੱਛ ਹੀ ਲਿਆ, "ਬਾਬਾ ਜੀ, ਰਿਸ਼ਤਿਆਂ ਦੇ ਚਿਰਾਗ਼ ਦਾ ਕੀ ਮਤਲਬ ਹੈ?" ਬਾਬੇ ਨੇ ਆਪਣੇ ਲਹਿਜੇ ਵਿੱਚ ਜਵਾਬ ਦਿੱਤਾ, ਛੱਡ ਮੱਲਾ, ਇਹ ਅੱਜ ਦੀ ਤੇਜ਼ ਪੀੜ੍ਹੀ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਨੇ, ਜਿਨ੍ਹਾਂ ਨੇ ਰਿਸ਼ਤਿਆਂ ਦੀ ਉਮਰ ਇੰਨੀ ਛੋਟੀ ਕਰ ਦਿੱਤੀ ਕਿ ਛੋਟੀ ਜਿਹੀ ਗੱਲ ਪਿੱਛੇ ਹਮੇਸ਼ਾ ਲਈ ਰਿਸ਼ਤਾ ਖ਼ਤਮ ਲੱਗੇ ਇੱਕ ਪਲ ਵੀ ਨਹੀਂ ਸੋਚਦੇ। ਬਾਬੇ ਦੇ ਤਿੱਖੇ ਪਰ ਅਸਲੋਂ ਸੱਚੇ ਬੋਲ ਸੁਣ ਕੇ ਮੈਂ ਚੁੱਪ ਕਰ ਗਿਆ ਤੇ ਉੱਥੋਂ ਮੁੜਨ ਲੱਗਿਆ। ਮੇਰੇ ਮੂੰਹ 'ਤੇ ਨਿਰਾਸ਼ਾ ਦੇਖ ਕੇ ਬਾਬੇ ਨੇ ਆਵਾਜ਼ ਮਾਰੀ, "ਆ ਜਾ ਮੱਲਾ, ਬੈਠ ਕੇ ਸੁਣ।" ਜਿਵੇਂ ਬਾਬੇ ਦਾ ਵੀ ਦਿਲ ਹਲਕਾ ਕਰਨ ਦਾ ਮਨ ਕਰ ਆਇਆ ਹੋਵੇ। ਬਾਬੇ ਨੇ ਮੇਜ਼ ਦੇ ਇੱਕ ਪਾਸੇ ਖਿਸਕਦਿਆਂ ਮੇਰੇ ਬੈਠਣ ਲਈ ਜਗ੍ਹਾ ਬਣਾਈ ਤੇ ਗੱਲ ਸ਼ੁਰੂ ਕੀਤੀ, ਵੰਡ ਤੋਂ ਪਹਿਲਾਂ ਦਾ ਸਮਾਂ, ਸਾਂਝੇ ਪੰਜਾਬ ਵਿੱਚ ਚੱਕ ਘੋੜੀਆਲ ਨਾਂ ਦੇ ਪਿੰਡ ਵਿੱਚ ਕਰਤਾਰ ਸਿੰਘ ਨਾਮ ਦਾ ਬੰਦਾ ਰਹਿੰਦਾ ਸੀ, ਜਿਸ ਦੇ ਦੋ ਪੁੱਤਰ ਸਨ ਬੰਤ ਤੇ ਛਿੰਦਾ। ਕਰਤਾਰ ਸਿੰਘ ਦਾ ਪਿੰਡ ਵਿੱਚ ਚੰਗਾ ਰੁਤਬਾ ਸੀ। ਦੋਵੇਂ ਪੁੱਤਰ ਵੱਡੇ ਹੋਏ, ਦੋਵਾਂ ਦਾ ਧੂਮ-ਧਾਮ ਨਾਲ ਵਿਆਹ ਕੀਤਾ। ਕਰਤਾਰ ਸਿੰਘ ਦੀ ਮੌਤ ਤੋਂ ਬਾਅਦ ਦੋਵੇਂ ਪੁੱਤਰ ਅੱਡ ਹੋ ਗਏ। ਜਾਇਦਾਦ ਦੀ ਵੰਡ ਵੇਲੇ ਥੋੜ੍ਹਾ ਮਨ-ਮੁਟਾਅ ਵੀ ਹੋ ਗਿਆ। ਦੋਵਾਂ ਵਿਚਕਾਰ ਰਿਸ਼ਤੇ ਦੀ ਲੋਅ ਮੱਧਮ ਹੋ ਗਈ। ਬੋਲਚਾਲ ਤਾਂ ਸੀ, ਪਰ ਆਮ ਲੋਕਾਂ ਵਾਂਗ। ਦੋਵਾਂ ਦੇ ਦਿਲਾਂ ਵਿੱਚ ਭਰਾਵਾਂ ਵਾਲੀ ਖਿੱਚ ਜ਼ਰੂਰ ਸੀ, ਪਰ ਛੋਟੀਆਂ ਛੋਟੀਆਂ ਗੱਲਾਂ ਕਾਰਨ ਦੂਰੀ ਕਾਫ਼ੀ ਵਧ ਗਈ ਸੀ। ਬੰਤ ਦੀ ਕੁੜੀ ਨੂੰ ਰਿਸ਼ਤੇ ਵਾਲੇ ਵੇਖਣ ਆਏ ਤੇ ਰਿਸ਼ਤਾ ਪੱਕਾ ਕਰ ਗਏ। ਬੰਤ ਸਭ ਤੋਂ ਪਹਿਲਾਂ ਭੱਜ ਕੇ ਛਿੰਦੇ ਦੇ ਘਰ ਉਸ ਦਾ ਮੂੰਹ ਮਿੱਠਾ ਕਰਵਾਉਣ ਗਿਆ।

ਬੰਤ ਨੂੰ ਆਇਆ ਦੇਖ ਛਿੰਦਾ ਉਸ ਨੂੰ ਗਲ ਲੱਗ ਕੇ ਮਿਲਿਆ ਤੇ ਸੋਚਿਆ ਕਿ ਵੱਡਾ ਬਾਈ ਮੇਰਾ ਕਿੰਨਾ ਮਾਣ ਕਰਦੈ ਕਿ ਸਭ ਤੋਂ ਪਹਿਲਾਂ ਮੇਰੇ ਵੱਲ ਆਇਆ। ਛੋਟੇ ਭਰਾ ਦੇ ਗਲ ਮਿਲ ਕੇ ਬੰਤ ਨੂੰ ਲੱਗਿਆ ਜਿਵੇਂ ਸਾਰੀਆਂ ਦੂਰੀਆਂ ਮਿਟ ਗਈਆਂ। ਦੋਵੇਂ ਬਾਹਰ ਵਿਹੜੇ ਡਾਹੇ ਮੰਜੇ 'ਤੇ ਬੈਠ ਗੱਲਾਂ ਕਰਨ ਲੱਗੇ। ਰਿਸ਼ਤੇ ਦੀ ਲੋਅ ਫਿਰ ਜਗਣ ਲੱਗ ਗਈ। ਛਿੰਦੇ ਨੇ ਆਪਣੀ ਪਤਨੀ ਬੀਰੋ ਨੂੰ ਚਾਹ ਧਰਨ ਲਈ ਕਿਹਾ। ਬੀਰੋ ਵਿਹੜੇ ਦੇ ਇੱਕ ਪਾਸੇ ਛੋਟੀ ਜਿਹੀ ਕੱਚੀ ਕੰਧ ਦੀ ਓਟ ਬਣੇ ਚੁੱਲ੍ਹੇ ਵਿੱਚ ਅੱਗ ਬਾਲਣ ਲੱਗੀ। ਗੱਲਾਂ ਕਰਦੇ ਬੰਤ ਨੇ ਦੱਸਿਆ ਕਿ ਜਿਸ ਮੁੰਡੇ ਨਾਲ ਰਿਸ਼ਤਾ ਪੱਕਾ ਹੋਇਆ ਹੈ ਉਸ ਦਾ ਆਪਣਾ ਰਾਸ਼ਨ ਦਾ ਡਿਪੂ ਹੈ। ਮੁੰਡੇ ਦੀ ਮਾਂ ਦੀ ਸਿਹਤ ਠੀਕ ਨਹੀਂ ਰਹਿੰਦੀ। ਇਸ ਲਈ ਉਹ ਵਿਆਹ ਜਲਦੀ ਮੰਗਦੇ ਹਨ, ਪਰ ਇਸ ਸਮੇਂ ਮੇਰੀ ਮਾਲੀ ਹਾਲਤ ਇੰਨੀ ਠੀਕ ਨਹੀਂ ਕਿ ਵਿਆਹ ਦਾ ਖਰਚਾ ਕਰ ਸਕਾਂ। ਜੇਕਰ ਤੇਰੇ ਵੱਲੋਂ ਮਦਦ ਹੋ ਜਾਂਦੀ ਤਾਂ ਧੀ ਦੇ ਵਿਆਹ ਵਾਲੀ ਕਬੀਲਦਾਰੀ ਸੌਖੀ ਨਜਿੱਠੀ ਜਾਊ। ਛਿੰਦਾ ਬੰਤ ਦੀ ਗੱਲ ਸੁਣ ਕੇ ਕੁਝ ਸੋਚੀਂ ਪੈ ਗਿਆ ਅਤੇ ਬੋਲਣ ਲੱਗਾ ਸੀ 'ਗੁੱਡੀ ਮੇਰੀ ਵੀ ਧੀ…'। ਉਸ ਨੇ ਹਾਲੇ ਇੰਨਾ ਹੀ ਕਿਹਾ ਸੀ ਕਿ ਬੀਰੋ ਵਿੱਚੋਂ ਹੀ ਬੋਲ ਪਈ, 'ਕਿੱਥੇ ਵੀਰ ਜੀ! ਅਸੀਂ ਤਾਂ ਆਪ ਬਹੁਤ ਤੰਗ ਹਾਂ। ਮੀਂਹ ਨਾ ਪੈਣ ਕਰਕੇ ਫ਼ਸਲ ਵੀ ਕੋਈ ਚੰਗੀ ਨਹੀਂ ਹੋਈ, ਦੂਜਾ ਗੋਰਿਆਂ ਨੇ ਅੱਜਕੱਲ੍ਹ ਕਰ ਦੀ ਰਕਮ ਵੀ ਵਧਾ ਦਿੱਤੀ ਹੈ।'

ਬੰਤਾ ਨੀਵੀ ਪਾਈ ਸਭ ਕੁਝ ਸੁਣ ਰਿਹਾ ਸੀ। ਉਸ ਨੂੰ ਆਸ ਸੀ ਕਿ ਛਿੰਦਾ, ਬੀਰੋ ਵੱਲੋਂ ਤੋੜ ਕੇ ਦਿੱਤੇ ਜਵਾਬ ਬਾਰੇ ਜ਼ਰੂਰ ਕੁਝ ਕਹੇਗਾ, ਇਸ ਲਈ ਜਦ ਬੰਤੇ ਨੇ ਉਮੀਦ ਨਾਲ ਛਿੰਦੇ ਵੱਲ ਵੇਖਿਆ ਤਾਂ ਉਸ ਨੇ ਵੀ ਬੀਰੋ ਦੀ ਗੱਲ ਵਿੱਚ ਹਾਮੀ ਭਰ ਦਿੱਤੀ ਤੇ ਉੱਪਰੋਂ ਝੂਠਾ ਜਿਹਾ ਹੱਸ ਕੇ ਕਿਹਾ, 'ਸਾਨੂੰ ਗੁੱਡੋ ਦੇ ਵਿਆਹ ਦਾ ਪੂਰਾ ਚਾਅ ਹੈ, ਆਪਾਂ ਦਸ ਦਿਨ ਪਹਿਲਾਂ ਹੀ ਥੋਡੇ ਵੱਲ ਆ ਜਾਣੈ। ਪੈਸਿਆਂ ਪੱਖੋਂ ਸੱਚੀਂ ਹੱਥ ਤੰਗ ਹੈ। ਜੇ ਕੋਈ ਹੋਰ ਮਦਦ ਹੋਈ ਤਾਂ ਜ਼ਰੂਰ ਦੱਸੀਂ।' ਬੀਰੋ ਚੁੱਲ੍ਹੇ ਕੋਲ ਬੈਠੀ ਬੁੜਬੁੜ ਕਰ ਰਹੀ ਸੀ ਕਿ ਜ਼ਮੀਨ ਵੰਡਣ ਵੇਲੇ ਤਾਂ ਸਾਡੀ ਇੱਕ ਨਹੀਂ ਸੁਣੀ, ਹੁਣ ਭਾਲਦੈ ਢਾਵੇ ਸਾਥੋਂ। ਬੀਰੋ ਭਾਵੇਂ ਹੌਲੀ ਜਿਹੀ ਬੋਲੀ ਪਰ ਫਿਰ ਵੀ ਬੰਤੇ ਨੂੰ ਸਭ ਸੁਣ ਗਿਆ। ਇਨ੍ਹਾਂ ਬੋਲਾਂ ਨਾਲ ਬੰਤੇ ਦਾ ਜਿਵੇਂ ਦਿਲ ਹੀ ਡੁੱਬ ਗਿਆ। ਉੱਠ ਕੇ ਜਾਣ ਵੇਲੇ ਉਸ ਨੂੰ ਲੱਗਾ ਜਿਵੇਂ ਰਿਸ਼ਤੇ ਦੀ ਲੋਅ ਨੂੰ ਕਿਸੇ ਨੇ ਤੇਜ਼ ਫੂਕ ਮਾਰ ਕੇ ਬੁਝਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਸਮਾਂ ਲੰਘਿਆ। ਗੁੱਡੋ ਦਾ ਵਿਆਹ ਆ ਗਿਆ। ਤਿਆਰੀਆਂ ਸ਼ੁਰੂ ਹੋ ਗਈਆਂ। ਬੀਰੋ ਦੀਆਂ ਗੱਲਾਂ ਦੇ ਬਾਵਜੂਦ ਛਿੰਦੇ ਨੇ ਵੀ ਬਣਦਾ ਸਰਦਾ ਯੋਗਦਾਨ ਪਾਇਆ। ਬੰਤ ਦਾ ਆਪਣੇ ਗੁਆਂਢੀ ਨਾਲ ਖੇਤ ਪਾਣੀ ਦੀ ਵਾਰੀ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਉਸ ਨੂੰ ਇਸ ਗੱਲ ਦੀ ਫ਼ਿਕਰ ਸੀ ਕਿ ਕਿਤੇ ਉਹ ਵਿਆਹ ਵਿੱਚ ਕੋਈ ਵਿਘਨ ਪਾ ਕੇ ਕੁੜਮਾਚਾਰੀ ਅੱਗੇ ਨੱਕ ਨਾ ਵਢਾ ਦੇਵੇ। ਛਿੰਦੇ ਨੇ ਵੱਡੇ ਵੀਰ ਦੀ ਇਸ ਚਿੰਤਾ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਗੁਆਂਢੀ ਨੂੰ ਸਖ਼ਤੀ ਨਾਲ ਤਾੜ ਕੇ ਰੱਖਿਆ। ਜਦੋਂ ਤੱਕ ਸਾਰੇ ਕਾਰ-ਵਿਹਾਰ ਮੁਕੰਮਲ ਨਹੀਂ ਹੋਏ ਉਸ ਨੇ ਪੂਰੀ ਨਿਗਰਾਨੀ ਰੱਖੀ। ਜੰਞ ਦਾ ਉਤਾਰਾ ਵੀ ਛਿੰਦੇ ਨੇ ਆਪਣੇ ਘਰ ਪੱਕੀ ਬੈਠਕ ਵਿੱਚ ਕੀਤਾ ਅਤੇ ਕੁੜਮਾਂ ਦੀ ਸੇਵਾ ਵੀ ਪੂਰੀ ਰੀਝ ਨਾਲ ਕੀਤੀ, ਜਿਸ ਨਾਲ ਕੁੜਮਾਚਾਰੀ ਵਿੱਚ ਬੰਤੇ ਦੀ ਚੰਗੀ ਠੁੱਕ ਬਣੀ। ਇਹ ਸਭ ਦੇਖ ਕੇ ਬੰਤੇ ਨੂੰ ਛਿੰਦਾ ਛੋਟਾ ਭਰਾ ਹੁੰਦਾ ਹੋਇਆ ਵੀ ਬਾਪੂ ਵਰਗਾ ਜਾਪਿਆ। ਅੰਦਰੋ ਅੰਦਰੀ ਆਪਣੇ ਆਪ ਨੂੰ ਕੋਸ ਵੀ ਰਿਹਾ ਸੀ ਕਿ ਉਸ ਨੇ ਨਿੱਕੀ ਜਿਹੀ ਗੱਲ ਪਿੱਛੇ ਸਕੇ ਭਰਾ ਨਾਲ ਰਿਸ਼ਤੇ ਦੀ ਲੋਅ ਨੂੰ ਮੱਧਮ ਕਰੀ ਰੱਖਿਆ ਸੀ। ਉਸ ਨੇ ਪ੍ਰਣ ਕੀਤਾ ਹੁਣ ਉਹ ਇਸ ਲੋਅ ਨੂੰ ਕਦੇ ਬੁਝਣ ਨਹੀਂ ਦੇਵੇਗਾ, ਪਰ ਹੋਣੀ ਅੱਗੇ ਕਿਸ ਦਾ ਜ਼ੋਰ! ਪਿੰਡ ਦੇ ਕੁਝ ਬੰਦੇ ਛਿੰਦੇ ਨੂੰ ਭੜਕਾਉਂਦੇ ਰਹਿੰਦੇ ਕਿ ਵੱਡੇ ਭਰਾ ਨੇ ਤੇਰੇ ਨਾਲ ਜਾਇਦਾਦ ਵਿੱਚ ਕਾਣੀ ਵੰਡ ਕੀਤੀ ਹੈ। ਇੱਕ ਦਿਨ ਮਹਿਫ਼ਿਲ 'ਚ ਬੈਠੇ ਦਾਰੂ ਪੀਂਦੇ ਯਾਰਾਂ ਨੇ ਫਿਰ ਇਹੀ ਛਿੰਝ ਛੇੜ ਦਿੱਤੀ। ਨਸ਼ੇ ਦੀ ਲੋਰ ਵਿੱਚ ਛਿੰਦਾ ਮਹਿਫ਼ਿਲ ਛੱਡ ਉੱਠ ਤੁਰਿਆ। ਨਸ਼ੇ ਕਾਰਨ ਯਾਰਾਂ ਵੱਲੋਂ ਮਾਰੇ ਬੋਲ ਵਾਰ-ਵਾਰ ਉਸ ਦੇ ਦਿਮਾਗ਼ 'ਚ ਘੁੰਮ ਰਹੇ ਸਨ। ਘਰ ਪਹੁੰਚਿਆ ਤਾਂ ਹੋਣੀ ਆਪਣੀ ਖੇਡ ਤਿਆਰ ਕਰੀ ਬੈਠੀ ਸੀ। ਛਿੰਦਾ ਜਦੋਂ ਘਰ ਵਾਲੀ ਗਲੀ 'ਚ ਦਾਖਲ ਹੋਇਆ ਤਾਂ ਉਸ ਦੇ ਘਰ ਦੇ ਬਾਹਰ ਬੀਰੋ ਅਤੇ ਬੰਤ ਦੀ ਪਤਨੀ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਨੋਕ-ਝੋਕ ਚੱਲ ਰਹੀ ਸੀ। ਗੱਲ ਵਧਦੀ-ਵਧਦੀ ਤੇਜ਼ ਬਹਿਸ ਤੋਂ ਲੈ ਕੇ ਹੱਥੋਪਾਈ ਤੱਕ ਪੁੱਜ ਗਈ। ਬੰਤ ਵੀ ਉੱਥੇ ਆ ਗਿਆ। ਬੰਤ ਨੇ ਛਿੰਦੇ ਨੂੰ ਸ਼ਾਂਤ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਨਸ਼ੇ ਦੇ ਸਰੂਰ 'ਚ ਕਿਸੇ ਦੀ ਨਹੀਂ ਸੁਣ ਰਿਹਾ ਸੀ। ਰੌਲਾ ਪੈਂਦਾ ਦੇਖ ਕੇ ਪਿੰਡ ਦੇ ਸਿਆਣੇ ਬੰਦਿਆਂ ਨੇ ਦੋਵਾਂ ਨੂੰ ਛੁਡਵਾਇਆ ਤੇ ਘਰੋ-ਘਰੀ ਤੋਰਿਆ। ਅਗਲੀ ਸਵੇਰ ਛਿੰਦੇ ਨੇ ਘਰ ਵਿਚਲੀ ਕੰਧ ਨੂੰ ਹੋਰ ਉੱਚਾ ਕਰਨ ਲਈ ਰਾਜ ਮਿਸਤਰੀ ਬੁਲਾ ਕੇ ਉਸ ਨੂੰ ਕਿਹਾ ਕਿ ਕੰਧ ਚਾਹੇ ਜਿੰਨੀ ਮਰਜ਼ੀ ਉੱਚੀ ਕਰ ਦੇ ਪਰ ਸ਼ਰੀਕਾਂ ਦੀ ਆਵਾਜ਼ ਮੇਰੇ ਕੰਨਾਂ ਤੱਕ ਨਹੀਂ ਆਉਣੀ ਚਾਹੀਦੀ। ਇਹ ਬੋਲ ਆਪਣੇ ਵਿਹੜੇ 'ਚ ਬੈਠੇ ਚਾਹ ਪੀਂਦੇ ਬੰਤ ਦੇ ਕੰਨਾਂ ਵਿੱਚ ਵੀ ਪਏ। ਉਸ ਨੂੰ ਜਾਪਿਆ ਜਿਵੇਂ ਕਿਸੇ ਨੇ ਰਿਸ਼ਤੇ ਵਾਲੀ ਲੋਅ ਨੂੰ ਪੈਰ ਮਾਰ ਕੇ ਹਮੇਸ਼ਾ ਲਈ ਬੁਝਾ ਦਿੱਤਾ ਹੋਵੇ।

ਅਗਲੇ ਹੀ ਮਹੀਨੇ ਦੇਸ਼ ਵੰਡ ਦਾ ਰੌਲਾ ਪੈ ਗਿਆ। ਪਿੰਡਾਂ ਦੇ ਪਿੰਡ ਉੱਜੜ ਗਏ। ਦੋਵੇਂ ਭਰਾਵਾਂ ਵਿੱਚ ਬੋਲਚਾਲ ਨਾ ਹੋਣ ਕਰਕੇ ਦੋਵੇਂ ਆਪਣੇ-ਆਪਣੇ ਰਸਤੇ ਨਿਕਲ ਗਏ ਅਤੇ ਹਮੇਸ਼ਾ ਲਈ ਵਿੱਛੜ ਗਏ। ਰਿਸ਼ਤੇ ਦੀ ਬੁਝੀ ਲੋਅ ਨੂੰ ਦੁਬਾਰਾ ਜਗਾਉਣ ਦਾ ਸਬੱਬ ਹੀ ਨਹੀਂ ਬਣ ਸਕਿਆ। ਹੁਣ ਸ਼ਾਇਦ ਬੰਤ ਵਾਂਗ ਛਿੰਦਾ ਵੀ ਕਿਤੇ ਸੋਚਦਾ ਹੋਵੇਗਾ ਕਿ ਜੇਕਰ ਪਤਾ ਹੁੰਦਾ ਹਮੇਸ਼ਾ ਲਈ ਵਿਛੜ ਜਾਣਾ ਹੈ ਤਾਂ ਸ਼ਾਇਦ ਰਿਸ਼ਤੇ ਦੀ ਲੋਅ ਇੱਕ ਵਾਰ ਫਿਰ ਜਗਾ ਦਿੰਦਾ।"

ਗੱਲ ਦੱਸਦਿਆਂ ਬਾਬੇ ਦੀਆਂ ਅੱਖਾਂ ਨਮ ਹੋ ਗਈਆਂ। ਗੱਲ ਖ਼ਤਮ ਕਰਦਿਆਂ ਬਾਬਾ ਮੋਢੇ ਰੱਖੇ ਪਰਨੇ ਨਾਲ ਅੱਖਾਂ ਸਾਫ਼ ਕਰਦਾ ਮੁੜ ਗਾਹਕਾਂ ਨੂੰ ਆਵਾਜ਼ਾਂ ਦੇਣ ਲੱਗਾ ਰਿਸ਼ਤਿਆਂ ਦਾ ਦੀਵੇ ਲੈ ਲਓ… । ਬਾਬਾ ਤਾਂ ਗੱਲ ਖ਼ਤਮ ਕਰ ਮੁੜ ਆਪਣੇ ਕੰਮ ਲੱਗ ਗਿਆ, ਪਰ ਮੈਂ ਸ਼ਾਇਦ ਬੰਤ ਹੋਰਾਂ ਦੇ ਜ਼ਮਾਨੇ ਵਿੱਚ ਹੀ ਰਹਿ ਗਿਆ ਸੀ। ਘਰੋਂ ਨਿਕਲੇ ਮੈਨੂੰ ਕਾਫ਼ੀ ਸਮਾਂ ਹੋ ਗਿਆ ਸੀ। ਮੇਰੇ ਫੋਨ ਦੀ ਘੰਟੀ ਵੱਜੀ ਤਾਂ ਇਕਦਮ ਮੈਨੂੰ ਹੋਸ਼ ਆਈ। ਅੱਗੋਂ ਪਤਨੀ ਪੁੱਛ ਰਹੀ ਸੀ ਕਿ ਕਦੋਂ ਵਾਪਸ ਆਉਣਾ ਹੈ। ਮੈਂ ਹਾਲੇ ਵੀ ਪਿੱਛੇ ਹੀ ਕਿਤੇ ਗੁਆਚਿਆ ਹੋਇਆ ਸੀ। ਇਸ ਲਈ ਸਿਰਫ਼ ਇੰਨਾ ਹੀ ਜਵਾਬ ਦਿੱਤਾ ਕਿ ਜਲਦੀ ਆਉਂਦਾ ਹਾਂ। ਮੈਂ ਚੁੱਪਚਾਪ ਉੱਠ ਕੇ ਜਾਣ ਲੱਗਾ ਤਾਂ ਬਾਬੇ ਨੇ ਆਪਣੇ ਵੱਲੋਂ ਇੱਕ ਦੀਵਾ ਲਿਫ਼ਾਫ਼ੇ ਵਿੱਚ ਪਾ ਕੇ ਫੜਾ ਦਿੱਤਾ। ਮੈਂ ਬਾਬੇ ਨੂੰ ਇਸ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਮਨ੍ਹਾਂ ਕਰ ਦਿੱਤਾ। ਜਾਂਦੇ ਜਾਂਦੇ ਮੈਂ ਬਾਬੇ ਤੋਂ ਉਸ ਦਾ ਨਾਂ ਪੁੱਛਿਆ। ਬਾਬੇ ਨੇ ਮੱਧਮ ਹੋਈ ਲੋਅ ਵਰਗੀ ਆਵਾਜ਼ ਵਿੱਚ ਕਿਹਾ, "ਬੰਤ ਸਿੰਹੁ…।" ਮੇਰੇ ਕੋਲ ਤਾਂ ਜਿਵੇਂ ਕੁਝ ਬੋਲਣ ਲਈ ਸ਼ਬਦ ਹੀ ਮੁੱਕ ਗਏ ਸਨ। ਮੈਂ ਘਰ ਜਾ ਕੇ ਦੀਵਾ ਬਾਲਿਆ ਤਾਂ ਉਹ ਸੱਚੀਂ ਰਿਸ਼ਤਿਆਂ ਦੇ ਚਿਰਾਗ਼ ਦੀ ਲੋਅ ਵਾਂਗ ਜਗਦਾ ਬੁਝਦਾ ਸੀ। ਮੈਂ ਭਾਵੁਕ ਹੋ ਕੇ ਫਿਰੋਜ਼ਪੁਰ ਰਹਿੰਦੀ ਆਪਣੀ ਵੱਡੀ ਭੈਣ ਨੂੰ ਫੋਨ ਮਿਲਾ ਲਿਆ, ਜਿਸ ਨਾਲ ਗੱਲ ਕੀਤਿਆਂ ਕਾਫ਼ੀ ਅਰਸਾ ਹੋ ਗਿਆ ਸੀ।

# ਜ਼ਮਾਨੇ ਦੇ ਬਦਲੇ ਰੰਗ

ਡਾ.ਅਵਤਾਰ ਸਿੰਘ ਪਤੰਗ

ਸ਼ਰੀਕੇ-ਭਾਈਚਾਰੇ 'ਚੋਂ ਮੇਰੇ ਚਚੇਰੇ ਭਰਾ ਲਗਦੇ ਭਜਨ ਸਿੰਘ ਨੇ ਟੈਲੀਫੋਨ 'ਤੇ ਗੱਲ ਕਰਦਿਆਂ ਮੈਨੂੰ ਕਿਹਾ, "ਛੋਟੇ ਭਾਈ, ਤੇਰੇ ਭਤੀਜੇ ਦਾ ਵਿਆਹ ਧਰ 'ਤਾ ਕੱਤਕ ਦੇ ਸੱਤਵੇਂ ਪ੍ਰਵਿਸ਼ਟੇ ਦਾ। ਛੇ ਨੂੰ ਪਾਠ ਦਾ ਭੋਗ ਐ…ਸੱਤ ਦਾ ਵਿਆਹ ਐ ਤੇ ਬਾਕੀ ਅੱਠਵੇਂ ਪ੍ਰਵਿਸ਼ਟੇ ਦੀ ਪਾਰਟੀ ਰੱਖੀ ਐ ਸ਼ਹਿਰ ਦੇ ਵੱਡੇ ਪੈਲੇਸ 'ਚ। ਜ਼ਰੂਰ ਪਹੁੰਚਣਾ। ਕਾਰਡ ਮੈਂ ਵੱਟਸਐਪ 'ਤੇ ਭੇਜ ਰਿਹਾਂ, ਟੈਮ ਦੀ ਕਿਲੱਤ ਐ ਮੇਰੇ ਕੋਲ। ਚੰਗਾ ਬੀਰਾ ਜ਼ਰੂਰ-ਬਰ-ਜ਼ਰੂਰ ਪਹੁੰਚਣਾ।"

ਮੈਂ ਭਰਾ ਹੋਣ ਦੇ ਨਾਤੇ ਭਜਨੇ ਨਾਲ ਹਿਰਖ ਜਤਾਇਆ, "ਭਜਨਿਆਂ, ਤੈਨੂੰ ਪਤੈ ਭਰਾਵਾਂ ਨੂੰ ਕਿੱਦਾਂ ਬੁਲਾਇਆ ਜਾਂਦੈ ਵਿਆਹ-ਸ਼ਾਦੀ 'ਤੇ। ਭਾਜੀ ਨ੍ਹੀਂ ਸੀ ਭੇਜਣੀ ਮੈਨੂੰ, ਸੱਖਣਾ ਕਾਰਡ ਭੇਜ ਕੇ ਸਾਰ 'ਤਾ ਉਹ ਵੀ ਫੋਨ 'ਤੇ।" ਭਜਨੇ ਨੇ ਖਚਰਾ ਜਿਹਾ ਹੱਸਦਿਆਂ ਲਾਪ੍ਰਵਾਹੀ ਨਾਲ ਕਿਹਾ, "ਓ ਛੱਡ ਬੀਰੇ, ਕਿਹੜੇ ਜ਼ਮਾਨੇ ਦੀਆਂ ਗੱਲਾਂ ਕਰਦੈਂ ਤੂੰ। ਭਾਜੀਆਂ-ਭੂਜੀਆਂ ਚਲੀਆਂ ਗਈਆਂ ਪਿਛਲਿਆਂ ਨਾਲ ਈ। ਆਪਾਂ ਤਾਂ ਨਵੇਂ ਜ਼ਮਾਨੇ ਦੇ ਬੰਦੇ ਆਂ, ਪੜ੍ਹੇ-ਲਿਖੇ, ਛੱਡੀਏ ਘਸੇ-ਪਿਟੇ ਰਿਵਾਜਾਂ ਨੂੰ।"

ਭਜਨੇ ਦੀ ਗੱਲਬਾਤ 'ਚੋਂ ਮੈਨੂੰ ਉਸ ਦਾ ਹੋਛਾਪਣ ਦਿਖਾਈ ਦਿੱਤਾ ਤੇ ਨਾਲ ਹੀ ਡਾਢਾ ਹਿਰਖ ਵੀ ਆਇਆ। ਮੈਂ ਮਨ ਹੀ ਮਨ ਸੋਚਿਆ, 'ਭਜਨਿਆ ਤੈਨੂੰ ਜ਼ਿਆਦਾ ਈ ਰੰਗ ਚੜ੍ਹ ਗਿਐ ਜ਼ਮਾਨੇ ਦਾ।" ਪਰ ਭਜਨੇ ਨੂੰ ਨਹੀਂ ਸੀ ਪਤਾ ਕਿ ਜ਼ਮਾਨਾ ਇੰਜ ਨਵਾਂ ਜਾਂ ਪੁਰਾਣਾ ਨਹੀਂ ਹੁੰਦਾ। ਇਹ ਤਾਂ ਬੰਦੇ ਦੀ ਆਪਣੀ ਸੋਚ ਹੀ ਬਦਲ ਜਾਂਦੀ ਹੈ।



ਵਿਆਹ ਵਾਲੇ ਦਿਨ ਮੈਂ ਸਿੱਧਾ ਮੈਰਿਜ ਪੈਲੇਸ ਪਹੁੰਚਿਆ। ਅੰਦਰ ਦਾਖ਼ਲ ਹੋਇਆ ਤਾਂ ਇੰਝ ਲੱਗਿਆ ਜਿਵੇਂ ਕਿਸੇ ਮੇਲੇ ਵਿੱਚ ਆ ਗਿਆ ਹੋਵਾਂ। ਅੰਦਰ ਅੰਤਾਂ ਦੀ ਭੀੜ ਤੇ ਉਸ ਤੋਂ ਵੀ ਵੱਧ ਡੀ ਜੇ ਦਾ ਚੀਕ-ਚਿਹਾੜਾ। ਐਨੀ ਭੀੜ ਵਿੱਚ ਮੈਨੂੰ ਭਜਨਾ ਕਿਤੇ ਨਜ਼ਰ ਨਾ ਆਇਆ। ਮੈਂ ਪੈਲੇਸ ਤੋਂ ਬਾਹਰ ਆ ਗਿਆ। ਉੱਥੇ ਖੜ੍ਹੇ ਆਪਣੀ ਪਛਾਣ ਦੇ ਇੱਕ ਬੰਦੇ ਨੂੰ ਮੈਂ ਭਜਨੇ ਬਾਰੇ ਪੁੱਛਿਆ। ਥੋੜ੍ਹੀ ਦੇਰ ਬਾਅਦ ਉਹ ਭਜਨੇ ਨੂੰ ਲੱਭ ਕੇ ਲੈ ਆਇਆ। ਭਜਨੇ ਨੇ ਮੈਨੂੰ ਰਸਮੀਂ ਜਿਹੀ ਜੱਫੀ ਪਾਉਂਦਿਆਂ ਕਿਹਾ, "ਓ ਬੱਲੇ ਬੀਰਾ…ਬੜੀ ਦੇਰ ਲਾ 'ਤੀ ਆਉਂਦੇ-ਆਉਂਦੇ।ਰੇ ਭਤੀਜੇ ਦਾ ਵਿਆਹ ਐ, ਤੂੰ ਤਾਂ ਬਿਗਾਨਿਆਂ ਵਾਂਗੂ ਆਇਐਂ। ਹਾਂ ਸੱਚ ਭਾਬੀ ਕਿੱਥੇ ਐ?" ਮੈਨੂੰ ਭਜਨੇ ਦੀ ਜੱਫੀ ਅਤੇ ਬੋਲਾਂ ਵਿੱਚ ਕਿਧਰੇ ਵੀ ਭਰਾਵਾਂ ਵਾਲਾ ਨਿੱਘ ਮਹਿਸੂਸ ਨਾ ਹੋਇਆ। ਮੈਂ ਜਵਾਬ ਦਿੱਤਾ, 'ਭਜਨ ਬੀਰੇ ਕਾਰਡ 'ਤੇ ਤਾਂ 'ਕੱਲਾ ਮੇਰਾ ਈ ਨਾਂ ਲਿਖਿਆ ਸੀ, ਸੋ ਮੈਂ ਆ ਗਿਆ।" ਉਹ ਛਿੱਥਾ ਜਿਹਾ ਹੋ ਕੇ ਕਹਿਣ ਲੱਗਾ, "ਓ ਲੈ ਦੱਸ, ਤੂੰ ਤਾਂ ਓਪਰਿਆਂ ਆਲੀਆਂ ਗੱਲਾਂ ਕਰਦੈਂ ਛੋਟੇ ਭਾਈ, ਤੈਨੂੰ ਕੋਈ ਕਹਿਣ ਦੀ ਲੋੜ ਤੀ ਭਲਾਂ। ਬਾਕੀ ਤੈਨੂੰ ਪਤਾ ਈ ਐ ਬੀਰਾ ਬਈ ਵਿਆਹ-ਕਾਰਜਾਂ ਵੇਲੇ ਬੰਦਾ ਕਈ ਪਾਸੇ ਫਸਿਆ ਹੁੰਦੈ, ਦਿਮਾਗ ਈ ਬੌਂਦਲ ਜਾਂਦੈ।" ਗੱਲਾਂ ਕਰਦਿਆਂ ਮੈਂ ਲਾਲ ਰੰਗ ਦਾ ਇੱਕ ਲਿਫ਼ਾਫ਼ਾ ਭਜਨੇ ਦੀ ਜੇਬ 'ਚ ਪਾ ਦਿੱਤਾ। ਇੰਨੇ ਨੂੰ ਇੱਕ ਬੰਦੇ ਨੇ ਆ ਕੇ ਭਜਨੇ ਦੇ ਕੰਨ 'ਚ ਕੁੱਝ ਕਿਹਾ। "ਓ ਅੱਛਾ ਅੱਛਾ। ਲੈ ਬੀਰਾ, ਤੂੰ ਕੁਛ ਠੰਢਾ-ਤੱਤਾ ਪੀ, ਬਾਹਰ ਐੱਮ ਐੱਲ ਏ ਸਾਬ ਆਏ ਐਂ, ਮੈਂ ਜਾ ਕੇ ਦੇਖਾਂ ਜ਼ਰਾ।" ਭਜਨੇ ਨੇ ਬਾਹਰ ਵੱਲ ਜਾਂਦਿਆਂ ਕਿਹਾ। ਪੈਲੇਸ ਵਿੱਚ ਘੁੰਮਦਿਆਂ ਮੈਨੂੰ ਆਪਣੇ ਪਿੰਡ ਦੇ ਕੁੱਝ ਬੰਦੇ ਮਿਲ ਗਏ। ਅਸੀਂ ਸਾਰਿਆਂ ਨੇ ਇਕੱਠਿਆਂ ਚਾਹ-ਪਾਣੀ ਛਕਿਆ। ਥੋੜ੍ਹੀ ਦੇਰ ਬਾਅਦ ਢੋਲ ਵੱਜਣ ਦੀ ਅਵਾਜ਼ ਆਈ। ਫੁੱਲਾਂ ਨਾਲ ਲੱਦੇ ਐੱਮ ਐੱਲ ਏ ਸਾਹਿਬ ਇੱਕ ਵੱਡੇ ਸਾਰੇ ਕਾਫ਼ਲੇ ਨਾਲ ਆ ਰਹੇ ਸਨ ਅਤੇ ਨਾਲ-ਨਾਲ ਭਜਨਾ ਉਨ੍ਹਾਂ ਦੇ ਗਲ ਵਿੱਚ ਬਾਂਹ ਪਾਈ, ਧੁੱਪ ਵਾਲੀਆਂ ਕਾਲੀਆਂ ਐਨਕਾਂ ਲਾਈ ਮੁਸਕਰਾਉਂਦਾ ਤੁਰਿਆ ਆ ਰਿਹਾ ਸੀ। ਭਜਨੇ ਨੇ ਐੱਮ ਐੱਲ ਏ ਸਾਹਿਬ ਨਾਲ ਸਾਰੇ ਪੰਡਾਲ ਦਾ ਗੇੜਾ ਕੱਢਿਆ। ਪਹਿਲਾਂ ਆਪਣੇ ਕੁੜਮਾਂ ਨਾਲ ਜਾਣ-ਪਛਾਣ ਕਰਾਈ, ਫੋਟੋਆਂ ਖਿਚਵਾਈਆਂ, ਵੀਡੀਓ ਬਣਵਾਈ। ਫਿਰ ਖ਼ਾਸ-ਖ਼ਾਸ ਦੋਸਤਾਂ ਮਿੱਤਰਾਂ ਅਤੇ ਸ਼ਹਿਰ ਦੇ ਪਤਵੰਤਿਆਂ ਨੂੰ ਮਿਲੇ। ਵਿਆਹ 'ਤੇ ਆਇਆ ਹਰ ਬੰਦਾ ਐੱਮ ਐੱਲ ਏ ਨਾਲ ਸੈਲਫੀ ਲੈਣ ਲਈ ਕਾਹਲਾ ਸੀ। ਸੈਲਫੀ ਲੈਣ ਵਾਲਿਆਂ ਨੇ ਐੱਮ ਐੱਲ ਏ ਨੂੰ ਘੇਰ ਲਿਆ ਤਾਂ ਭਜਨਾ ਐੱਮ ਐੱਲ ਏ ਨੂੰ ਲੈ ਕੇ ਉੱਪਰਲੀ ਮੰਜ਼ਿਲ 'ਤੇ ਚੜ੍ਹ ਗਿਆ। ਮੈਂ ਬਾਹਰ ਧੁੱਪ ਵਿੱਚ ਆ ਕੇ ਬੈਠ ਗਿਆ। ਸੋਚਿਆ ਜਦੋਂ ਭਜਨਾ ਬਾਹਰ ਆਇਆ ਤਾਂ ਉਸ ਤੋਂ ਇਜਾਜ਼ਤ ਲੈ ਕੇ ਦਿਨ ਖੜ੍ਹੇ ਚੰਡੀਗੜ੍ਹ ਵੱਲ ਤੁਰ ਪਵਾਂਗਾ।

(ਬਾਕੀ ਸਫ਼ਾ 27 'ਤੇ)

# ਡਾਕਟਰ ਬਣਨ ਦਾ ਸੁਪਨਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਕਲਾ ਅਤੇ ਅਕਲ ਦੀ ਦੁਨੀਆ ਨਿੱਤ ਛੜੱਪੇ ਮਾਰੇ,
ਕਲਯੁਗ ਦੇ ਅਜੋਕੇ ਰੌਂ ਵਿੱਚ ਅੱਗੇ ਵਧਦੀ ਜਾਵੇ।
ਹਰ ਪਾਸੇ ਭਰਮਾਰ ਹੈ ਡਾਕਟਰਾਂ ਅਤੇ ਅਦੀਬਾਂ ਦੀ,
ਨਿੱਘਰਦੀ ਜਾਵੇ ਸਾਡੀ ਹਾਲਤ ਬੇਚਾਰੇ 'ਤੇ ਗ਼ਰੀਬਾਂ ਦੀ।
ਕਿੰਨੇ ਭਾਵੇਂ ਸਿਆਣੇ ਬਣੀਏ ਵੁੱਕਤ ਨਾ ਕੋਈ ਪੈਂਦੀ,
ਸਾਡੀ ਵਧੀਆ ਗੱਲ ਵੀ ਲੋਕਾਂ ਦੇ ਨੇੜੇ ਨਹੀਂ ਖਹਿੰਦੀ।
ਦੂਜੇ ਪਾਸੇ ਉਹ ਚਤਰ ਲੋਕ ਜੋ ਡੱਡੇ ਨੂੰ ਡੰਡਾ ਲਾਉਂਦੇ,
ਲੋਕਾਂ ਕੋਲੋਂ ਧੌਂਸ ਨਾਲ ਹੀ ਖ਼ੁਦ ਡਾਕਟਰ ਕਹਿਲਾਉਂਦੇ।
ਆਕੜ ਦੇ ਵਿੱਚ ਨਹੁੰ ਨਹੀਂ ਖੁਭਦਾ ਗਰਦਣ ਰੱਖਦੇ ਸਿੱਧੀ,
ਕੀ ਕੱਦ ਤੇ ਕੀ ਸ਼ੋਰਬਾ ਨਿੱਕਲੇ ਜੇ ਪਾਈਏ ਦੀ ਹੋਵੇ ਪਿੱਦੀ।
ਨਖਰੇ ਉਨ੍ਹਾਂ ਦੇ ਦੇਖ ਦੇਖ ਮੇਰੇ ਮਨ ਨੂੰ ਪੈਂਦੀਆਂ ਘੇਰਾਂ,
ਦਿਲ ਕਰਦੈ ਕਿ ਮੈਂ ਵੀ ਡਾਕਦਾਰ ਬਣ ਜਾਵਾਂ ਇੱਕ ਵੇਰਾਂ।
ਫੋਕੀ ਸ਼ੋਹਰਤ ਮੈਂ ਵੀ ਖੱਟਾਂ ਠੁੱਕ ਜਿਹਾ ਫ਼ੇਰ ਬੱਝੇ,
ਜਿੱਧਰ ਜਾਵਾਂ ਹੋਣ ਸਲਾਮਾਂ ਕੀ ਸੱਜੇ ਤੇ ਕੀ ਖੱਬੇ।
ਇਸ ਚਾਹਤ ਦੇ ਸੁਪਨੇਂ ਲੈਂਦਿਆਂ ਕਾਲ਼ੇ ਹੋ ਗਏ ਧੌਲ਼ੇ,
ਮੜਕ ਸ਼ੜਕ ਸਭ ਮੱਠੀ ਪੈ ਗਈ ਪੈਰ ਚੱਲਣ ਹੁਣ ਹੌਲ਼ੇ।
ਪਰ ਇੱਕ ਰਾਤ ਸੁਪਨੇ ਦੇ ਵਿੱਚ ਚਮਤਕਾਰ ਜੋ ਹੋਇਆ,
ਸੁੱਤੇ ਦਾਸ ਨੂੰ ਰੱਬ ਨੇ ਆ ਕੇ ਰਜਾਈ 'ਚ ਇੱਝ ਝੰਜੋਇਆ।
ਉੱਠ ਉਏ ਸੱਜਣਾ ਕਿਹੜੀ ਗਾਫ਼ਲ ਨੀਂਦ ਤੂੰ ਪਿਆਂ ਏ ਸੁੱਤਾ,
ਆ ਅੱਜ ਰੱਜ ਕੇ ਕਰੀਏ ਤੇਰੇ ਕਰਮਾਂ ਦਾ ਕਿੱਸਾ ਕੁੱਤਾ।
ਚੁੰਧਿਆ ਗਈਆਂ ਅੱਖਾਂ ਮੇਰੀਆਂ ਦਿਲ ਬਾਗ਼ ਬਾਗ਼ ਫਿਰ ਹੋਇਆ,
ਸ਼ਾਖਸ਼ਾਤ ਜੱਦ ਰੱਬ ਨੂੰ ਦੇਖਿਆ ਸਾਹਮਣੇ ਮੇਰੇ ਖਲੋਇਆ।
ਬੋਲਿਆ, ਬੰਦਿਆ ਭਾਗ ਮੈਂ ਤੇਰੇ ਆਇਆਂ ਹੱਥੀਂ ਖੋਲ੍ਹਣ,
ਭਾਵਨਾਵਾਂ ਤੇਰੀਆਂ ਦੇ ਪਰਚੇ ਤਾਂ ਆਪ ਮੁਹਾਰੇ ਬੋਲਣ।
ਭਾਵੇਂ ਤੈਨੂੰ ਸਭ ਕੁੱਝ ਮਿਲਿਆ ਫ਼ੇਰ ਵੀ ਤੂੰ ਨਿੱਤ ਝੁਰਦਾ,
ਖ਼ੁਦ ਨੂੰ ਡਾਕਟਰ ਕਹਾਵਣ ਬਾਝੋਂ ਤੇਰਾ ਝੱਟ ਨਹੀਂ ਤੁਰਦਾ।
ਸ਼ੁਰੂ ਕਰ ਲੈ ਤੂੰ ਵੀ ਅੱਜ ਤੋਂ ਖ਼ੁਦ ਡਾਕਦਾਰ ਕਹਿਲਾਉਣਾ,
ਮੈਂ ਹਾਂ ਤੇਰੀ ਪਿੱਠ 'ਤੇ ਬੰਦਿਆ ਛੱਡ ਦੇ ਤੂੰ ਘਬਰਾਉਣਾ।
ਮੈਂ ਕਿਹਾ ਰੱਬ ਜੀ ! ਇਹ ਕੰਮ ਨਹੀਂ ਲੱਗਦਾ ਇੰਨਾ ਸੌਖਾ,
ਇਸ ਦੁਨੀਆ ਵਿੱਚ ਝੂਠ ਦਾ ਖਮਿਆਜ਼ਾ ਭਰਨਾ ਬੜਾ ਹੈ ਔਖਾ।
ਇੱਥੇ ਤਾਂ ਕਈ ਵੇਲਣ ਵੇਲ ਕੇ ਦੁਨੀਆ ਕਰਦੀ ਸੌਦੇ,
ਸਿਫਾਰਸ਼ਾਂ ਅਤੇ ਵੱਢੀਆਂ ਰਾਹੀਂ ਕਈ ਕਰਦੇ ਫਿਰਦੇ ਲੌਂਦੇ।
ਤਾਂ ਜਾ ਕੇ ਕਿਤੇ ਉਨ੍ਹਾਂ ਨੂੰ ਇੱਕ ਕਾਗਜ਼ ਜਿਹਾ ਹਥਿਆਉਂਦਾ,
ਤਾਹੀਉਂ ਡਾਕਦਾਰ ਪੈਰ ਪੈਰ 'ਤੇ ਰੋਅਬ ਜਿਹਾ ਫਿਰ ਪਾਉਂਦਾ।
ਹੱਸ ਪਿਆ ਫੇਰ ਰੱਬ ਮੇਰੇ 'ਤੇ ਕਹਿੰਦਾ ਉਏ ਭੋਲੇ ਬੰਦੇ !
ਤੇਰੇ ਵਰਗੀ ਜ਼ਮੀਰ ਨਾਲ ਨਹੀਂ ਚੱਲਦੇ ਦੁਨੀਆ ਦੇ ਧੰਦੇ।
ਜੇ ਤੂੰ ਰੋਟੀ ਨਾਲ ਹੈ ਨਿੱਤ ਦਿਨ ਖਾਣੀ ਘਿਉ 'ਤੇ ਸ਼ੱਕਰ,
ਤਾਂ ਸਿੱਖ ਲੈ ਅੱਜ ਤੋਂ ਹੀ ਕਰਨੇ ਚੋਟੀ ਦੇ ਤੂੰ ਮੱਕਰ।
ਮੇਰੀ ਇਨ੍ਹਾਂ ਦੀ ਯਾਰੀ ਗੂੜ੍ਹੀ ਤੈਨੂੰ ਕਿਉਂ ਨਹੀਂ ਦਿਸਦੀ ?
ਤੇਰੇ ਸਾਹਮਣੇ ਇਨ੍ਹਾਂ ਦੇ ਅੱਗੇ ਦੁਨੀਆ ਜਾਂਦੀ ਵਿਛਦੀ।
ਮੈਂ ਜੋ ਹਾਂ ਤੇਰੀ ਪਿੱਠ ਉੱਤੇ ਫੇਰ ਤੈਨੂੰ ਹੈ ਕੀ ਚਿੰਤਾ ?
ਕਹਾ ਤੂੰ ਡਾਕਦਾਰ ਹਿੱਕ ਠੋਕ ਕੇ ਵਿਚਰ ਤੂੰ ਨਿਸ਼ੰਗ ਅਚਿੰਤਾ !
ਕਹਾ ਤੂੰ ਡਾਕਦਾਰ ਹਿੱਕ ਠੋਕ ਕੇ ਵਿਚਰ ਤੂੰ ਨਿਸ਼ੰਗ ਅਚਿੰਤਾ !

# ਮੇਰੀ ਕਲਮ

## ਜ਼ਹਿਰੀ ਸਾਹਵਾਂ

ਕੇਵਲ ਸਿੰਘ ਰੱਤੜਾ

ਪੂਰਨਿਆਂ ਬਿਨ ਸੁੰਦਰ ਲਿਖਤ ਕਿਆਸੀ ਨਹੀਂ ਜਾਂਦੀ
ਖ਼ਿਆਲਾਂ ਵਿੱਚ ਬਿਨ ਮੁੜ੍ਹਕੇ ਕਲਾ ਤਰਾਸ਼ੀ ਨਹੀਂ ਜਾਂਦੀ
ਪਾਣੀ ਜੀਵਨ ਦਾਤਾ, ਰੁੱਖ ਆਸਰਾ-ਘਰ ਹੁੰਦੇ,
ਐਵੇਂ ਕੱਲ੍ਹੀ ਖ਼ੂਹ ਵੱਲ ਚਿੜੀ ਪਿਆਸੀ ਨਹੀਂ ਜਾਂਦੀ
ਜ਼ਹਿਰੀ ਸਾਹਵਾਂ ਬਣੀਆਂ ਦਿੱਲੀ ਅਤੇ ਲਾਹੌਰ ਦੀਆਂ
ਚੰਡੀਗੜ੍ਹ ਹੋਊ ਕਦੇ ਸਮੋਗ ਕਿਆਸੀ ਨਹੀਂ ਜਾਂਦੀ
ਲਾਗੇ ਰੋਜ਼ੀ ਹੁੰਦੀ ਤਾਂ ਘਰ ਖੋਲ੍ਹੇ ਨਾ ਬਣਦੇ,
ਵੱਡੀ ਉਮਰੇ ਹੁੱਬਕੀਂ ਮਾਂ ਪਰਵਾਸੀਂ ਨਹੀਂ ਜਾਂਦੀ
ਵੈਰ ਛੱਡਕੇ ਭਾਗੋਆਂ ਹੱਥ ਮਿਲਾ ਲਏ ਲੱਗਦੇ ਨੇ
ਨਹੀਂ ਤਾਂ ਬਾਂਦਰ ਦੇ ਘਰ ਬਿੱਲੀ ਮਾਸੀ ਨਹੀਂ ਜਾਂਦੀ
ਗ਼ਲਤ ਨੂੰ ਨਾਂਹ ਕਹਿਣਾ ਤੇ ਅੜ੍ਹਨਾ ਔਰਤ ਨੂੰ ਪੈਣਾ
ਦਾਸੀ ਬਣਿਆਂ ਹੱਕ 'ਚ, ਬੰਦ-ਖਲਾਸੀ ਨਹੀਂ ਜਾਂਦੀ
ਖ਼ੂਨ ਵੱਟੇ ਜਿਸ ਕੌਮ ਤਾਰਿਆ ਮੁੱਲ ਆਜ਼ਾਦੀ ਦਾ,
ਨਸਲਕੁਸ਼ੀ ਦੀ ਜ਼ਿਹਨੋਂ ਯਾਦ ਚੁਰਾਸੀ ਨਹੀਂ ਜਾਂਦੀ
ਫੁਕਰੀ, ਝੂਠ ਦੀ ਸ਼ੋਹਰਤ ਆਖ਼ਿਰ ਬੇਪਰਦਾ ਹੋ ਜਾਏ
ਮਿਹਨਤ ਬਿਨਾਂ ਤਰੱਕੀ ਤਾਂ ਜਗਿਆਸੀ ਨਹੀਂ ਜਾਂਦੀ
ਪਾਣੀ ਬਦਲੇ ਝੋਨਾ ਸੀ ਉਗਵਾਇਆ ਜੀਹਨਾਂ ਨੇ,
ਧੋਖਾ ਦੇ ਗਏ 'ਰੱਤੜਾ' ਮਨੋਂ ਉਦਾਸੀ ਨਹੀਂ ਜਾਂਦੀ।

## ਤੱਕੜੀ

ਭੁਪਿੰਦਰ ਸਿੰਘ ਭਿੰਦਾ



ਕਾਲੇ ਲਿਖੇ ਨਾ ਲੇਖ ਕਿਸੇ ਨੇ,
ਤੇਰੇ ਹੱਥ ਹੀ ਕਲਮ ਏ ਪਕੜੀ ਏ,
ਮੇਰੀ-ਮੇਰੀ ਕਰਦਾ ਪਾਪ ਕਮਾਵੇ,
ਫਿਰ ਰੱਬ ਦੇ ਹੱਥ ਵਿੱਚ ਵੀ ਤੱਕੜੀ ਏ
ਤੱਕੜੀ ਵਿੱਚ ਉਹ ਤੋਲੀ ਜਾਂਦਾ,
ਤੇਰੇ ਪਾਪ ਪੁੰਨ ਨੂੰ ਫੋਲੀ ਜਾਂਦਾ,
ਸੰਕੇਤਾ ਦੇ ਵਿੱਚ ਗੱਲ ਸਮਝਾਵੇ,
ਤੇਰੀ ਮੱਤ ਤੇਰੇ ਕੁਕਰਮਾਂ ਜਕੜੀ ਏ
ਫਿਰ ਰੱਬ ਦੇ ਹੱਥ ਵਿੱਚ ਵੀ ਤੱਕੜੀ ਏ
ਤਿੰਨ 'ਚ ਨਾ ਤੇਰਾਂ 'ਚ ਜਿੰਨਾ ਨੂੰ ਤੂੰ ਗਿਣਦਾ ਨਾ,
ਉਹੀ ਗ਼ਰੀਬ ਕੰਮ ਤੇਰੇ ਆਂਦੇ, ਮੰਦਾ ਬੋਲਣ ਲੱਗੇ ਮਿਣਦਾ ਨਾ
ਪਾਪਾਂ ਦਾ ਤਾਣਾ ਤਣਦਾ, ਬੁਰੇ ਕੰਮ ਤੋਂ ਤੂੰ ਚੰਗਾ ਬਣਦਾ
ਤੂੰ ਆਪਣੇ ਜਾਲ ਵਿੱਚ ਖੁਦ ਫਸ ਜਾਣਾ ਬਣ ਅੱਠ ਲੱਤਾਂ ਵਾਲੀ
ਮਕੜੀ ਏ
ਫਿਰ ਰੱਬ ਦੇ ਹੱਥ ਵਿੱਚ ਵੀ ਤੱਕੜੀ ਏ
ਕਰਮ ਤੇਰੇ ਤੈਨੂੰ ਲੈ ਡੁੱਬਣਗੇ, ਅੰਤ ਜਦੋਂ ਘੜੇ ਫੁੱਟਣਗੇ,
ਮਾਇਆ ਕਿਸੇ ਕੰਮ ਨੀ ਆਉਣੀ,
ਤੇਰੇ ਤੈਨੂੰ ਵਿਦਾ ਕਰਨਗੇ ਦੇ ਕੇ ਇੱਕ ਇੱਕ ਲਕੜੀ ਏ
ਫਿਰ ਰੱਬ ਦੇ ਹੱਥ ਵਿੱਚ ਵੀ ਤੱਕੜੀ ਏ

## ਗ਼ਜ਼ਲ

ਰੋਜ਼ੀ ਸਿੰਘ

ਚਾਲ ਵੀ ਹੈ ਬਦਲੀ-ਬਦਲੀ ਨਜ਼ਰ ਦੀ ਮਸਤੀ ਬਦਲ ਰਹੀ ਹੈ,
ਹਰ ਤਰਫ਼ ਹੁਣ ਰੌਸ਼ਨੀ ਹੈ ਲੱਗਦੈ ਬਸਤੀ ਬਦਲ ਰਹੀ ਹੈ।
ਹਾਲਾਤ ਬਦਲਣਗੇ ਕਦੇ ਤਾਂ, ਦੌਰ ਗ਼ਮ ਦਾ ਇਹ ਜਾਏਗਾ ਹੀ,
ਹਾਲੇ ਤਾਂ ਇਹ ਦੌਰ ਹੈ ਕਿ ਆਪਣੀ ਹਸਤੀ ਬਦਲ ਰਹੀ ਹੈ।
ਕਿਤੇ ਹੈ ਜਗਦਾ ਚਿਰਾਗ਼ ਕਿਧਰੇ ਦੀਵਿਆਂ ਦੀ ਡਾਰ ਵੀ ਹੈ,
ਦਰਿਆ ਹੈ ਕਿ ਮਚਲ ਰਿਹਾ ਹੈ ਤੇ ਵਿੱਚ ਕਸ਼ਤੀ ਬਦਲ ਰਹੀ ਹੈ।
ਸੜ ਰਿਹੈ ਇਖ਼ਲਾਕ ਏਥੇ ਤੇ ਵਿਕ ਰਿਆ ਏ ਜ਼ਮੀਰ ਥਾਂ ਥਾਂ,
ਕੌਲ ਹਨ ਕਿ ਮੁੱਕਰ ਰਹੇ ਨੇ ਜੁਬਾਂ ਇਹ ਸਸਤੀ ਬਦਲੀ ਰਹੀ ਹੈ।
ਦੇਖ ਲੈ ਆਪਣੀ ਦੁਨੀਆ ਆ ਕੇ ਇੱਕ ਵਾਰ ਤੂੰ ਐ ਖ਼ੁਦਾਇਆ,
ਮਰ ਰਹੀ ਇਨਸਾਨੀਅਤ ਔਰ ਖ਼ੁਦਾਪ੍ਰਸਤੀ ਬਦਲ ਰਹੀ ਹੈ।

## ਗ਼ਜ਼ਲ

ਜਗਤਾਰ ਪੱਖੋ

ਵਿੱਚ ਸਮੁੰਦਰ ਯਾਰ, ਪਿਆਸਾ ਮੋਇਆ ਹਾਂ।
ਮੈਂ ਪਾਣੀ ਪਥਰਾ ਕੇ, ਪੱਥਰ ਹੋਇਆ ਹਾਂ।
ਮਿੱਟੀ ਹੋਣਾ, ਹਰ ਮਿੱਟੀ ਦੀ ਖ਼ਸਲਤ ਹੈ,
ਜਾਣਦਿਆਂ ਸਭ ਫਿਰ ਵੀ, ਭੁੱਬੀਂ ਰੋਇਆ ਹਾਂ।
ਪੁੰਗਰਨਾ ਕੀ, ਦਮ ਘੁੱਟ ਕੇ ਹੀ ਮਿਟ ਜਾਣਾ,
ਮੈਂ ਗੁਰਬਤ ਵਿੱਚ ਐਨਾ, ਡੂੰਘਾ ਬੋਇਆ ਹਾਂ।
ਜੋ ਮਾਨਵ ਦਾ, ਮਾਰਗ ਦਰਸ਼ਨ ਕਰਦੇ ਨੇ,
ਮੈਂ ਉਨ੍ਹਾਂ ਰਾਹਾਂ ਦੇ, ਅੰਦਰ ਖੋਇਆ ਹਾਂ।
ਭ੍ਰਮਣ ਕਰ ਕਰ, ਮੰਜ਼ਿਲ ਪਾਈ ਪੱਖੋ ਨੇ,
ਜ਼ੀਰੋ ਬਿੰਦੂ 'ਤੇ, ਮੁੜ ਆਣ ਖਲੋਇਆ ਹਾਂ।

## ਗ਼ਜ਼ਲ

ਬਲਵਿੰਦਰ ਬਾਲਮ

ਆਪੇ ਰੁਸਦੇ ਆਪੇ ਮੰਨਦੇ ਆਪੇ ਦੇਣ ਦਿਲਾਸੇ।
ਕਿੰਨਾ ਕੁ ਚਿਰ ਰਹਿ ਸਕਦੇ ਨੇ ਪਾਣੀ ਵਿੱਚ ਪਤਾਸੇ।
ਲੱਖਾਂ ਹੀ ਸਤਰੰਗੀਆਂ ਪੀਂਘਾਂ ਅੰਬਰ ਦੇ ਵਿੱਚ ਪਈਆਂ,
ਨਿੱਕੀ ਨਿੱਕੀ ਬਾਰਿਸ਼ ਦੇ ਵਿੱਚ ਘੁਲ ਗਏ ਤੇਰੇ ਹਾਸੇ।
ਮੰਗਣ ਦੀ ਮਰਿਆਦਾ ਦਾ ਵੀ ਨਿਯਮ ਬਣਾ ਕੇ ਰੱਖੀਂ,
ਉਧਾਰ ਕਿਸੇ ਤੋਂ ਮੰਗੀਦੇ ਨਈਂ ਟੁੱਟੇ ਹੋਏ ਕਾਸੇ।
ਉਸ ਦੇ ਚੱਜ ਆਚਾਰ 'ਚ ਚੜ੍ਹਦੇ ਸੂਰਜ ਚੰਨ ਸਿਤਾਰੇ,
ਜਿਹੜਾ ਬੰਦਾ ਸੱਚੇ ਦਿਲ ਤੋਂ ਖੜ੍ਹ ਜਾਂਦਾ ਇੱਕ ਪਾਸੇ।
ਮੁੰਦਰੀ ਦੇ ਨਗ ਵਾਂਗੂੰ ਸਾਡੇ ਕੋਲ ਕਦੀ ਸੀ ਰਹਿੰਦਾ,
ਕਿੱਥੇ ਅੱਜਕੱਲ੍ਹ ਰਹਿੰਦਾ ਏਂ ਤੂੰ ਕਿੱਥੇ ਤੇਰੇ ਵਾਸੇ।
ਰਿਸ਼ਤੇਦਾਰੀ ਸੱਜਣਤਾਈ ਸੁਖ ਵਿੱਚ ਸਾਥ ਨਿਭਾਉਂਦੇ,
ਅਪਣੇ ਘਰ ਦੇ ਜੀਆਂ ਬਾਝੋਂ ਦਿੰਦਾ ਕੌਣ ਦਿਲਾਸੇ।
ਖਵਰੇ ਕਿੱਥੇ ਜਾ ਬੈਠਾ ਏਂ ਡੁੱਬੇ ਸੂਰਜ ਵਾਂਗੂੰ,
ਦੀਦ ਤਿਰੀ ਲਈ ਇਕ ਮੁੱਦਤ ਤੋਂ ਸਾਡੇ ਨੈਣ ਪਿਆਸੇ।
ਮਾਰੂਥਲ ਦੀ ਨੀਅਤ ਦੇ ਵਿੱਚ ਕੋਈ ਨਾ ਹੋਈ ਤਬਦੀਲੀ,
ਸ਼ਾਇਦ ਕੋਈ ਫੁੱਲ ਖਿੜ ਜਾਏ ਲਾਏ ਰੋਜ਼ ਕਿਆਸੇ।
ਮਾਝੀ ਨਾਲੋਂ ਕਿਧਰੇ ਚੰਗੇ ਸਾਹਿਲ ਤੱਕ ਪਹੁੰਚਾਇਆ,
ਬੇੜੀ ਆਪਾਂ ਠੇਲੀ ਸੀ ਤੂਫ਼ਾਨਾਂ ਦੇ ਭਰਵਾਸੇ।
ਜਦ ਵੀ ਪੱਤੇ ਸੁੱਕੇ ਇਨ੍ਹਾਂ ਪਾਸਾ ਝੱਟ ਵੱਟ ਲੈਣਾ,
ਠੰਢੀਆਂ ਛਾਵਾਂ ਦੇ ਤੂੰ ਕਿਧਰੇ ਆ ਨਾ ਜਾਵੀਂ ਝਾਸੇ।
ਸੁਣਿਆ ਹੈ ਅੱਜ ਬਾਰਿਸ਼ ਦੇ ਵਿੱਚ ਰਸਦਾਰ ਮਸਾਲੇ ਡਿਗਣੇਂ,
ਬਾਰਿਸ਼ ਨਾ ਆਵਣ ਦੇ 'ਬਾਲਮ' ਝੂਠੇ ਹੋਣ ਖੁਲਾਸੇ।

## ਹਰੀ ਪੱਤੀ

ਅਮਨਦੀਪ ਕੌਰ ਜੋਗਾ



ਹਾਲ਼ੇ ਤਾਂ ਹਰੀ ਪੱਤੀ ਹਾਂ ਇੰਝ ਨਾ ਤੂੰ ਝਾੜ ਸਾਨੂੰ
ਹੋ ਗਈ ਜ਼ਰਦ ਤਾਂ ਖ਼ੁਦ-ਬ-ਖ਼ੁਦ ਮੇਰੇ ਪੱਤੇ ਝੜਨਗੇ
ਕਿੰਨਾ ਧੂੰਆਂ ਸੱਥਰ ਕੀਤਾ ਜੰਮ ਪਈ ਹਾਂ ਦਰ ਤੇਰੇ 'ਤੇ
ਜਦ ਖੜੀ ਮੈਂ ਪੈਰਾਂ 'ਤੇ ਇਹ ਲੋਕੀ ਨਾਲ ਮੇਰੇ ਖੜਨਗੇ
ਸੁੰਨਸਾਨ ਨੇ ਇਹ ਰਾਹਵਾਂ ਇਕੱਲੀ ਹੀ ਤੁਰ ਪਈ ਹਾਂ ਮੈਂ
ਬਣੀ ਜਦ ਪੱਕਾ ਰਾਹ ਲੋਕੀ ਅੱਗੇ ਨਿਕਲਣ ਲਈ ਲੜਨਗੇ
ਤਿਤਲੀਆਂ ਨੂੰ ਫੜਨਾ ਤੇ ਮਿੱਟੀਆ 'ਚ ਰੁਲਣਾ ਆਦਤ ਮੇਰੀ
ਕੀ ਪਤਾ ਸੀ ਤਿਤਲੀਆਂ 'ਤੇ ਇਲਜ਼ਾਮ ਲੋਕੀ ਮੜਨਗੇ
ਜਿਉਂਦੇ ਜੀਅ ਜਿਨ੍ਹਾਂ ਚੋਭਾਂ ਨਾਲ ਮੜ ਦਿੱਤਾ ਤੈਨੂੰ
ਵੇਖੀ ਇੱਕ ਦਿਨ ਕਦਰ ਤੇਰੀ ਉਹੀ ਲੋਕੀ ਹੀ ਕਰਨਗੇ।

# ਪੰਜਾਬ ਦੇ ਪਿੰਡਾਂ ਵਿੱਚ ਜੂਨ 2026 ਤੱਕ ਬਣਨਗੇ 3100 ਖੇਡ ਸਟੇਡੀਅਮ: ਮਾਨ

## ਸਟੇਡੀਅਮਾਂ ਦੀ ਉਸਾਰੀ 'ਤੇ ਆਵੇਗਾ ਲਗਭਗ 1,350 ਕਰੋੜ ਰੁਪਏ ਦਾ ਖ਼ਰਚਾ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਖੇਡ ਢਾਂਚੇ ਵਿੱਚ ਵੱਡੇ ਸੁਧਾਰਾਂ ਦਾ ਐਲਾਨ ਕਰਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜੂਨ 2026 ਤੱਕ ਪੰਜਾਬ ਦੇ ਪਿੰਡਾਂ ਵਿੱਚ 3,100 ਸਟੇਡੀਅਮਾਂ ਦਾ ਨਿਰਮਾਣ ਮੁਕੰਮਲ ਕੀਤਾ ਜਾਵੇ।

ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਇਨ੍ਹਾਂ ਸਟੇਡੀਅਮਾਂ 'ਤੇ ਲਗਭਗ 1,350 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਣਤ ਤੋਂ ਦੂਰ ਕਰਕੇ ਖੇਡਾਂ ਵੱਲ ਮੋੜਨਾ ਹੈ।

ਇਨ੍ਹਾਂ ਸਟੇਡੀਅਮਾਂ ਵਿੱਚ ਚਾਰਦੀਵਾਰੀ, ਗੇਟ, ਜੋਗਿੰਗ ਟਰੈਕ, ਵਾਲੀਬਾਲ ਕੋਰਟ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਲਗਭਗ 3,000 ਥਾਵਾਂ 'ਤੇ ਅਤਿ-ਆਧੁਨਿਕ ਜਿੰਮ ਸਥਾਪਤ ਕੀਤੇ ਜਾਣਗੇ ਅਤੇ 50 ਕਰੋੜ ਰੁਪਏ ਦੀ ਲਾਗਤ ਨਾਲ 17,000 ਖੇਡ ਕਿੱਟਾਂ ਵੰਡੀਆਂ ਜਾਣਗੀਆਂ। ਇਸ



ਤੋਂ ਇਲਾਵਾ, ਚੰਡੀਗੜ੍ਹ ਦੇ ਸੈਕਟਰ 42-ਏ ਵਿੱਚ 43 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ 'ਯੁਵਾ ਭਵਨ' ਬਣਾਇਆ ਜਾਵੇਗਾ, ਜਿਸ ਵਿੱਚ 200 ਨੌਜਵਾਨਾਂ ਲਈ ਹੋਸਟਲ ਅਤੇ 400 ਦੀ ਸਮਰੱਥਾ ਵਾਲਾ ਆਡੀਟੋਰੀਅਮ ਹੋਵੇਗਾ। ਸੂਬੇ ਦੇ 9 ਜੰਗਲੀ ਖੇਤਰਾਂ ਵਿੱਚ 10,000 ਨੌਜਵਾਨਾਂ ਲਈ ਟ੍ਰੈਕਿੰਗ, ਐਡਵੈਂਚਰ ਅਤੇ ਟੀਮ ਐਕਟੀਵਿਟੀ ਕੈਂਪ ਵੀ ਲਗਾਏ ਜਾਣਗੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਟੇਡੀਅਮਾਂ ਦੀ ਉਸਾਰੀ ਦੌਰਾਨ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਸਾਰੇ ਕੰਮ ਮਿੱਥੇ ਸਮੇਂ ਅੰਦਰ ਪੂਰੇ ਕੀਤੇ ਜਾਣ।

**ਡਿਜੀਟਲ 'ਖੇਡ ਪੋਰਟਲ' ਹੋਵੇਗਾ ਲਾਂਚ**

ਪੰਜਾਬ ਸਰਕਾਰ ਜਲਦ ਹੀ ਇੱਕ ਵਿਆਪਕ 'ਖੇਡ ਪੋਰਟਲ' ਲਾਂਚ ਕਰਨ ਜਾ ਰਹੀ ਹੈ। ਇਸ ਪੋਰਟਲ ਰਾਂਹੀ ਖਿਡਾਰੀ ਸਿਰਫ਼ ਇੱਕ ਕਲਿੱਕ ਨਾਲ ਖਿਡਾਰੀਆਂ ਦੀ ਰਜਿਸਟਰੀ, ਔਨਲਾਈਨ ਗ੍ਰੇਡੇਸ਼ਨ, ਗਰਾਊਂਡ ਰਿਜ਼ਰਵੇਸ਼ਨ, ਈ-ਸਰਟੀਫਿਕੇਟ, ਪੈਨਸ਼ਨ ਅਤੇ ਸਕਾਲਰਸ਼ਿਪ ਵਰਗੀਆਂ ਸਹੂਲਤਾਂ ਹਾਸਲ ਕਰ ਸਕਣਗੇ।

# ਹਾਕੀ ਖਿਡਾਰੀ ਹਾਰਦਿਕ ਸਿੰਘ ਦਾ ਨਾਂਅ ਖੇਲ ਰਤਨ ਲਈ ਨਾਮਜ਼ਦ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਪੁਰਸ਼ ਹਾਕੀ ਟੀਮ ਦੇ ਉਪ ਕਪਤਾਨ ਹਾਰਦਿਕ ਸਿੰਘ ਦਾ ਨਾਂ ਇਸ ਸਾਲ ਦੇ 'ਮੇਜਰ ਧਿਆਨ ਚੰਦ ਖੇਲ ਰਤਨ' ਸਨਮਾਨ ਲਈ ਇਕਲੌਤੀ ਸਿਫ਼ਾਰਸ਼ ਵਜੋਂ ਭੇਜਿਆ ਗਿਆ ਹੈ। ਦੂਜੇ ਪਾਸੇ ਚੋਣ ਕਮੇਟੀ ਨੇ ਅਰਜੁਨ ਐਵਾਰਡ ਲਈ 24 ਖਿਡਾਰੀਆਂ ਦੀ ਚੋਣ ਕੀਤੀ ਹੈ, ਜਿਨ੍ਹਾਂ ਵਿੱਚ ਸ਼ਤਰੰਜ ਸਟਾਰ ਦਿਵਿਆ ਦੇਸ਼ਮੁਖ ਅਤੇ ਡੈਕਾਥਲੀਟ ਤੇਜਸਵਿਨ ਸ਼ੰਕਰ ਦੇ ਨਾਂ ਪ੍ਰਮੁੱਖ ਤੌਰ 'ਤੇ ਹਨ। 27 ਸਾਲਾ ਹਾਰਦਿਕ ਸਿੰਘ, ਜੋ ਭਾਰਤੀ ਹਾਕੀ ਟੀਮ ਵਿੱਚ ਮਿਡ-ਫੀਲਡ ਦੇ ਮੁੱਖ ਖਿਡਾਰੀ ਹਨ ਤੇ ਉਹ 2021 ਟੋਕੀਓ ਤੇ 2024 ਪੈਰਿਸ ਉਲੰਪਿਕ ਵਿੱਚ ਤ਼ਗਮੇ ਜਿੱਤਣ ਵਾਲੀ ਟੀਮ ਦਾ ਹਿੱਸਾ ਸਨ। ਜ਼ਿਕਰਯੋਗ ਹੈ ਕਿ ਖੇਲ ਰਤਨ ਪੁਰਸਕਾਰ ਦੇਸ਼ ਦਾ ਸਰਬਉੱਚ ਖੇਡ ਪੁਰਸਕਾਰ ਹੈ, ਜਿਸ ਵਿੱਚ ਮੈਡਲ, ਪ੍ਰਸ਼ੰਸਾ ਪੱਤਰ ਤੇ 25 ਲੱਖ ਰੁਪਏ ਦੀ ਨਕਦ ਰਾਸ਼ੀ ਦਿੱਤੀ ਜਾਂਦੀ ਹੈ। ਅਰਜੁਨ ਐਵਾਰਡ ਜੇਤੂ ਨੂੰ 15 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਖੇਲ ਰਤਨ ਵਾਸਤੇ ਇਸ ਸਾਲ ਸੂਚੀ ਵਿੱਚ ਕਿਸੇ ਵੀ ਕ੍ਰਿਕਟਰ ਦਾ ਨਾਂ ਸ਼ਾਮਲ ਨਹੀਂ ਹੈ। 2023 ਵਿੱਚ ਮੁਹੰਮਦ



ਸ਼ਮੀ ਅਰਜੁਨ ਐਵਾਰਡ ਪ੍ਰਾਪਤ ਕਰਨ ਵਾਲੇ ਆਖਰੀ ਕ੍ਰਿਕਟਰ ਸਨ। ਕੌਮੀ ਖੇਡ ਪੁਰਸਕਾਰਾਂ ਦੇ ਵੱਖ-ਵੱਖ ਵਰਗਾਂ ਲਈ ਖਿਡਾਰੀ ਚੁਣੇ ਗਏ ਹਨ। ਮੇਜਰ ਧਿਆਨ ਚੰਦ ਖੇਲ ਰਤਨ ਲਈ ਹਾਰਦਿਕ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ। ਅਰਜੁਨ ਐਵਾਰਡ ਲਈ ਕੁੱਲ 24 ਨਾਂਅ ਭੇਜੇ ਗਏ ਹਨ, ਜਿਨ੍ਹਾਂ 'ਚ ਐਥਲੀਟ ਲਈ ਤੇਜਸਵਿਨ ਸ਼ੰਕਰ, ਪ੍ਰਿਯੰਕਾ ਤੇ ਮੁਹੰਮਦ ਅਫ਼ਜ਼ਲ ਸ਼ਾਮਲ ਹਨ। ਸ਼ਤਰੰਜ ਲਈ ਵਿਦਿਤ ਗੁਜਰਾਤੀ ਤੇ ਦਿਵਿਆ ਦੇਸ਼ਮੁਖ; ਹਾਕੀ ਲਈ ਰਾਜਕੁਮਾਰ ਪਾਲ, ਲਾਲਰੇਮਸਿਆਮੀ; ਬੈਡਮਿੰਟਨ ਲਈ ਤ੍ਰੀਸਾ ਜੌਲੀ ਤੇ ਗਾਇਤਰੀ ਗੋਪੀਚੰਦ; ਨਿਸ਼ਾਨੇਬਾਜ਼ੀ ਲਈ ਮਿਹੁਲੀ ਘੋਸ਼ ਤੇ ਅਖਿਲ ਸ਼ਿਓਰਾਨ ਸ਼ਾਮਲ ਹਨ।

# ਐਮਬਾਪੇ ਨੇ ਇਤਿਹਾਸ ਰਚਦਿਆਂ ਇੱਕ ਸਾਲ ਵਿੱਚ ਕੀਤੇ 59 ਗੋਲ

## ਕ੍ਰਿਸਟਿਆਨੋ ਰੋਨਾਲਡੋ ਦੇ ਸਾਲ 'ਚ ਸਭ ਤੋਂ ਵੱਧ ਗੋਲ ਕਰਨ ਦੇ ਕਲੱਬ ਰਿਕਾਰਡ ਦੀ ਕੀਤੀ ਬਰਾਬਰੀ

ਬਾਰਸੀਲੋਨਾ/ਏ.ਟੀ.ਨਿਊਜ਼: ਸਪੇਨ ਦੀ 'ਲਾ ਲੀਗਾ' ਵਿੱਚ ਫਰਾਂਸ ਦੇ ਸਟਾਰ ਸਟ੍ਰਾਈਕਰ ਕੇ ਐਮਬਾਪੇ ਨੇ ਆਪਣੇ 27ਵੇਂ ਜਨਮ ਦਿਨ ਮੌਕੇ 2025 ਵਿੱਚ ਰੀਅਲ ਮੈਡਰਿਡ ਲਈ ਆਪਣਾ 59ਵਾਂ ਗੋਲ ਕਰਕੇ ਕ੍ਰਿਸਟਿਆਨੋ ਰੋਨਾਲਡੋ ਦੇ ਸਾਲ ਵਿੱਚ ਸਭ ਤੋਂ ਵੱਧ ਗੋਲ ਕਰਨ ਦੇ ਕਲੱਬ ਰਿਕਾਰਡ ਦੀ



ਬਰਾਬਰੀ ਕਰ ਲਈ ਹੈ। ਰੋਨਾਲਡੋ ਨੇ ਇਹ ਰਿਕਾਰਡ 2013 ਵਿੱਚ ਬਣਾਇਆ ਸੀ। ਪਿਛਲੇ ਦਿਨੀਂ ਖੇਡੇ ਗਏ ਸਾਲ ਦੇ ਆਖ਼ਰੀ ਮੈਚ ਵਿੱਚ ਰੀਅਲ ਮੈਡਰਿਡ ਨੇ ਸੈਵਿਲਾ ਨੂੰ 2-0 ਨਾਲ ਮਾਤ ਦਿੱਤੀ। ਮੈਚ ਖ਼ਤਮ ਹੋਣ ਤੋਂ ਸਿਰਫ਼ ਚਾਰ ਮਿੰਟ ਪਹਿਲਾਂ ਐਮਬਾਪੇ ਨੇ ਪੈਨਲਟੀ ਕਿੱਕ ਰਾਹੀਂ ਗੋਲ ਕਰ ਕੇ ਇਹ ਸਫਲਤਾ ਹਾਸਲ ਕੀਤੀ। ਗੋਲ ਕਰਨ ਤੋਂ ਬਾਅਦ ਉਸ ਨੇ ਰੋਨਾਲਡੋ ਦੇ ਅੰਦਾਜ਼ ਵਿੱਚ ਹੀ ਜਸ਼ਨ ਮਨਾਇਆ। ਐਮਬਾਪੇ ਨੇ ਕਿਹਾ, 'ਕ੍ਰਿਸਟਿਆਨੋ ਮੇਰਾ ਆਦਰਸ਼ ਹੈ ਅਤੇ ਉਹ ਰੀਅਲ ਮੈਡਰਿਡ ਦੇ ਇਤਿਹਾਸ ਦਾ ਸਰਵੋਤਮ ਖਿਡਾਰੀ ਹੈ। ਮੇਰਾ ਇਹ ਜਸ਼ਨ ਉਸ ਨੂੰ ਸਮਰਪਿਤ ਹੈ।' ਇਸ ਤੋਂ ਪਹਿਲਾਂ ਜੂਡ ਬੈਲਿੰਗਹੈਮ ਨੇ 38ਵੇਂ ਮਿੰਟ ਵਿੱਚ ਹੈਡਰ ਰਾਹੀਂ ਟੀਮ ਲਈ ਪਹਿਲਾ ਗੋਲ ਕੀਤਾ ਸੀ।

## ਹਾਲੈਂਡ ਨੇ ਰੋਨਾਲਡੋ ਦਾ ਰਿਕਾਰਡ ਤੋੜਿਆ

ਲੰਡਨ/ਏ.ਟੀ.ਨਿਊਜ਼ ਇੰਗਲਿਸ਼ ਪ੍ਰੀਮੀਅਰ ਲੀਗ (ਈ ਪੀ ਐੱਲ) ਵਿੱਚ ਮੈਨਚੈਸਟਰ ਸਿਟੀ ਦੇ ਅਰਲਿੰਗ ਹਾਲੈਂਡ ਨੇ ਕ੍ਰਿਸਟਿਆਨੋ ਰੋਨਾਲਡੋ ਨੂੰ ਪਛਾੜਦਿਆਂ ਨਵਾਂ ਇਤਿਹਾਸ ਰਚ ਦਿੱਤਾ ਹੈ। ਹਾਲੈਂਡ ਨੇ ਵੈਸਟ ਹੈਮ ਖ਼ਿਲਾਫ਼ ਦੋ ਗੋਲ ਕਰ ਕੇ ਆਪਣੀ ਟੀਮ ਨੂੰ 3-0 ਨਾਲ ਜਿੱਤ ਦਿਵਾਈ, ਜੋ ਸਿਟੀ ਦੀ ਲਗਾਤਾਰ ਪੰਜਵੀਂ ਜਿੱਤ ਹੈ। ਇਸ ਨਾਲ ਹਾਲੈਂਡ ਦੇ ਲੀਗ ਵਿੱਚ ਕੁੱਲ 104 ਗੋਲ ਹੋ ਗਏ ਹਨ, ਜੋ ਰੋਨਾਲਡੋ ਤੋਂ ਇੱਕ ਵੱਧ ਹੈ। ਦੂਜੇ ਪਾਸੇ ਆਰਸੈਨਲ ਨੇ ਐਵਰਟਨ ਨੂੰ 1-0 ਨਾਲ ਹਰਾ ਕੇ ਅੰਕ ਸੂਚੀ ਵਿੱਚ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਿਆ ਹੈ।

# ਬੀ.ਸੀ.ਸੀ.ਆਈ. ਨੇ ਘਰੇਲੂ ਮਹਿਲਾ ਕ੍ਰਿਕਟਰਾਂ ਦੀ ਮੈਚ ਫੀਸ

ਨਵੀਂ ਦਿੱਲੀ/ਏ.ਟੀ.ਨਿਊਜ਼: ਬੀ.ਸੀ.ਸੀ.ਆਈ. ਨੇ ਘਰੇਲੂ ਕ੍ਰਿਕਟ ਖੇਡਣ ਵਾਲੀਆਂ ਮਹਿਲਾ ਕ੍ਰਿਕਟਰਾਂ ਅਤੇ ਅਧਿਕਾਰੀਆਂ ਦੀ ਮੈਚ ਫੀਸ ਦੁੱਗਣੀ ਤੋਂ ਵੀ ਵੱਧ ਕਰ ਦਿੱਤੀ ਹੈ। ਇਹ ਫੈਸਲਾ ਭਾਰਤੀ ਮਹਿਲਾ ਕ੍ਰਿਕਟ ਟੀਮ ਵੱਲੋਂ ਪਹਿਲੀ ਵਾਰ ਇੱਕ ਰੋਜ਼ਾ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬੋਰਡ ਨੇ ਇਸ ਵਾਧੇ ਨੂੰ ਮਨਜ਼ੂਰੀ ਦਿੱਤੀ ਸੀ।





ਸੋਧੇ ਹੋਏ ਢਾਂਚੇ ਅਨੁਸਾਰ ਘਰੇਲੂ ਟੂਰਨਾਮੈਂਟਾਂ ਵਿੱਚ ਖੇਡਣ ਵਾਲੀਆਂ ਸੀਨੀਅਰ ਮਹਿਲਾ ਕ੍ਰਿਕਟਰਾਂ ਨੂੰ ਹੁਣ ਪ੍ਰਤੀ ਦਿਨ 50,000 ਰੁਪਏ ਦਿੱਤੇ ਜਾਣਗੇ। ਪਹਿਲਾਂ ਇਨ੍ਹਾਂ ਖਿਡਾਰਨਾਂ ਨੂੰ 20,000 ਰੁਪਏ (ਰਿਜ਼ਰਵ ਲਈ 10,000 ਰੁਪਏ) ਪ੍ਰਤੀ ਮੈਚ ਮਿਲਦੇ ਸਨ।

ਸੀਨੀਅਰ ਮਹਿਲਾ ਘਰੇਲੂ ਇੱਕ ਰੋਜ਼ਾ ਟੂਰਨਾਮੈਂਟਾਂ ਅਤੇ ਬਹੁ-ਦਿਨ ਮੁਕਾਬਲਿਆਂ ਲਈ, ਪਲੇਇੰਗ ਇਲੈਵਨ ਵਿੱਚ ਸ਼ਾਮਲ ਖਿਡਾਰਨਾਂ ਨੂੰ ਪ੍ਰਤੀ ਦਿਨ 50,000 ਰੁਪਏ ਮਿਲਣਗੇ, ਜਦੋਂ ਕਿ ਰਿਜ਼ਰਵ ਵਿੱਚ ਰਹਿਣ ਵਾਲੀਆਂ ਨੂੰ 25,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਅੱਧੀ ਰਕਮ ਦਿੱਤੀ ਜਾਵੇਗੀ।

ਕੌਮੀ ਟੀ-20 ਟੂਰਨਾਮੈਂਟਾਂ ਵਿੱਚ, ਪਲੇਇੰਗ ਇਲੈਵਨ ਦੀਆਂ ਖਿਡਾਰਨਾਂ ਨੂੰ ਪ੍ਰਤੀ ਮੈਚ ਦਿਨ ਦੇ 25,000 ਰੁਪਏ ਮਿਲਣਗੇ ਜਦੋਂ ਕਿ ਰਿਜ਼ਰਵ ਖਿਡਾਰਨਾਂ ਨੂੰ 12,500 ਰੁਪਏ ਮਿਲਣਗੇ।

ਬੀ.ਸੀ.ਸੀ.ਆਈ. ਅਧਿਕਾਰੀਆਂ ਨੇ ਕਿਹਾ ਕਿ ਜੇਕਰ ਇੱਕ ਚੋਟੀ ਦੀ ਘਰੇਲੂ ਮਹਿਲਾ ਕ੍ਰਿਕਟਰ ਹੁਣ ਪੂਰੇ ਸੀਜ਼ਨ ਦੌਰਾਨ ਸਾਰੇ ਫਾਰਮੈਟਾਂ ਵਿੱਚ ਖੇਡਦੀ ਹੈ ਤਾਂ ਉਹ 12 ਲੱਖ ਤੋਂ 14 ਲੱਖ ਰੁਪਏ ਵਿੱਚ ਕਮਾ ਸਕਦੀ ਹੈ।

# ਅਗਲੇ ਸਾਲ ਜੂਨ ਮਹੀਨੇ ਹੋਵੇਗਾ ਫੁੱਟਬਾਲ ਵਿਸ਼ਵ ਕੱਪ

ਮਾਨਚੈਸਟਰ/ਏ.ਟੀ.ਨਿਊਜ਼: ਅਮਰੀਕਾ, ਮੈਕਸੀਕੋ ਤੇ ਕੈਨੇਡਾ ਦੀ ਮੇਜ਼ਬਾਨੀ 'ਚ ਹੋਣ ਵਾਲੇ 2026 ਵਿਸ਼ਵ ਕੱਪ ਦੇ ਜੇਤੂ ਨੂੰ 50 ਮਿਲੀਅਨ ਡਾਲਰ (450 ਕਰੋੜ ਰੁਪਏ) ਦੀ ਰਿਕਾਰਡ ਇਨਾਮੀ ਰਾਸ਼ੀ ਮਿਲੇਗੀ। ਵਿਸ਼ਵ ਕੱਪ ਦੀ ਕੁੱਲ ਇਨਾਮੀ ਰਾਸ਼ੀ 655 ਮਿਲੀਅਨ ਡਾਲਰ (5912 ਕਰੋੜ ਰੁਪਏ) ਹੈ, ਜੋ ਕਿ ਕਤਰ 'ਚ 2022 ਵਿਸ਼ਵ ਕੱਪ ਲਈ ਦਿੱਤੇ ਗਏ 440 ਮਿਲੀਅਨ ਡਾਲਰ ਤੋਂ ਲਗਪਗ 49 ਫ਼ੀਸਦ ਵੱਧ ਹੈ। ਹਾਲਾਂਕਿ, ਇਹ ਇਸ ਸਾਲ ਦੇ ਕਲੱਬ ਵਿਸ਼ਵ ਕੱਪ ਜਿੱਤਣ ਲਈ ਚੈਲਸੀ ਨੂੰ ਮਿਲੀ ਕੁੱਲ ਇਨਾਮੀ ਰਾਸ਼ੀ ਦੇ ਅੱਧੇ ਤੋਂ ਵੀ ਘੱਟ ਹੈ। ਵਿਸ਼ਵ ਕੱਪ 11 ਜੂਨ ਤੋਂ 19 ਜੁਲਾਈ ਤੱਕ ਖੇਡਿਆ ਜਾਵੇਗਾ। ਇਸ ਵਿਸ਼ਵ ਕੱਪ ਨੂੰ ਫੀਫਾ ਇਤਿਹਾਸ ਦਾ ਸਭ ਤੋਂ ਵੱਡਾ ਸਮਾਗਮ ਮੰਨਿਆ ਜਾਂਦਾ ਹੈ, ਨਾ ਸਿਰਫ਼ ਖੇਡ ਦ੍ਰਿਸ਼ਟੀਕੋਣ ਤੋਂ ਸਗੋਂ ਆਰਥਿਕ ਦ੍ਰਿਸ਼ਟੀਕੋਣ ਤੋਂ ਵੀ।

2026 ਵਿਸ਼ਵ ਕੱਪ ਲਈ ਇਨਾਮੀ ਰਾਸ਼ੀ 2023 ਮਹਿਲਾ ਵਿਸ਼ਵ ਕੱਪ (110 ਮਿਲੀਅਨ ਡਾਲਰ) ਨਾਲੋਂ ਲਗਪਗ ਛੇ ਗੁਣਾ ਜ਼ਿਆਦਾ ਹੈ। ਫੀਫਾ ਪ੍ਰਧਾਨ ਗਿਆਨੀ ਇਨਫੈਂਟੀਨੋ ਨੇ ਪਹਿਲਾਂ ਪੁਰਸ਼ ਤੇ ਮਹਿਲਾ ਵਿਸ਼ਵ ਕੱਪ ਲਈ ਬਰਾਬਰ ਇਨਾਮੀ ਰਾਸ਼ੀ ਦਾ ਟੀਚਾ ਰੱਖਿਆ ਸੀ, ਜਿਸ ਨਾਲ ਅਗਲਾ ਮਹਿਲਾ ਵਿਸ਼ਵ ਕੱਪ 2027 'ਚ ਬ੍ਰਾਜ਼ੀਲ 'ਚ ਹੋਵੇਗਾ।

# 10ਵੀਂ 'ਟਾਟਾ ਸਟੀਲ ਵਿਸ਼ਵ 25 ਕੇ' ਦੌੜ ਯੁਗਾਂਡਾ ਦੇ ਜੋਸ਼ੂਆ ਚੈਪਤੇਗੇਈ ਨੇ ਜਿੱਤੀ

ਕੋਲਕਾਤਾ/ਏ.ਟੀ.ਨਿਊਜ਼: ਇੱਥੇ ਕਰਵਾਈ ਗਈ 10ਵੀਂ ਟਾਟਾ ਸਟੀਲ ਵਿਸ਼ਵ 25ਕੇ (25 ਕਿਲੋਮੀਟਰ) ਦੌੜ ਵਿੱਚ ਯੁਗਾਂਡਾ ਦੇ ਜੋਸ਼ੂਆ ਚੈਪਤੇਗੇਈ ਨੇ ਪੁਰਸ਼ ਵਰਗ ਵਿੱਚ ਜਿੱਤ ਦਰਜ ਕੀਤੀ ਹੈ। ਇਸ ਦੇ ਨਾਲ ਹੀ ਭਾਰਤੀ ਦੌੜਾਕਾਂ ਗੁਲਵੀਰ ਸਿੰਘ ਅਤੇ ਸੀਮਾ ਨੇ ਆਪੋ-ਆਪਣੇ ਵਰਗਾਂ ਵਿੱਚ ਨਵਾਂ ਭਾਰਤੀ ਕੋਰਸ ਰਿਕਾਰਡ ਕਾਇਮ ਕੀਤਾ ਹੈ। ਦੋ ਵਾਰ ਦੇ ਉਲੰਪਿਕ ਚੈਂਪੀਅਨ ਚੈਪਤੇਗੇਈ ਨੇ ਸ਼ੁਰੂਆਤ ਤੋਂ ਹੀ ਦੌੜ 'ਤੇ ਆਪਣਾ ਦਬਦਬਾ ਬਣਾਈ ਰੱਖਿਆ। ਉਸ ਨੇ 1 ਘੰਟਾ 11 ਮਿੰਟ ਅਤੇ 49 ਸੈਕਿੰਡ ਦੇ ਸਮੇਂ ਨਾਲ ਪਹਿਲੀ ਵਾਰ ਇਹ ਵੱਕਾਰੀ ਦੌੜ ਜਿੱਤੀ। ਤਨਜ਼ਾਨੀਆ ਦਾ ਅਲਫੋਂਸੇ ਫੈਲਿਕਸ ਐੱਸ ਦੂਜੇ ਅਤੇ ਲੈਸੋਥੋ ਦਾ ਟੇਬੇਲੋ ਰਾਮਾਕੋਂਗੋਆਨਾ ਤੀਜੇ ਸਥਾਨ 'ਤੇ ਰਿਹਾ। ਮਹਿਲਾ ਵਰਗ ਵਿੱਚ ਇਥੋਪੀਆ ਦੀ ਡੇਗਿਟੂ ਅਜ਼ੀਮੇਰਾ ਨੇ 1 ਘੰਟਾ 19 ਮਿੰਟ 36 ਸੈਕਿੰਡ ਦੇ ਸਮੇਂ ਨਾਲ ਜਿੱਤ ਹਾਸਲ ਕੀਤੀ।



ਭਾਰਤੀ ਵਰਗ ਵਿੱਚ ਗੁਲਵੀਰ ਸਿੰਘ ਨੇ 1 ਘੰਟਾ 12 ਮਿੰਟ 06 ਸੈਕਿੰਡ ਦਾ ਸਮਾਂ ਲੈ ਕੇ ਆਪਣਾ ਹੀ ਪੁਰਾਣਾ ਰਿਕਾਰਡ (1:14:10) ਤੋੜਿਆ। ਉਸ ਨੇ ਇਸ ਵਿੱਚ ਦੋ ਮਿੰਟ ਤੋਂ ਵੱਧ ਦਾ ਸੁਧਾਰ ਕੀਤਾ। ਹਰਮਨਜੋਤ ਸਿੰਘ ਦੂਜੇ ਅਤੇ ਸਾਵਨ ਬਰਵਾਲ ਤੀਜੇ ਨੰਬਰ 'ਤੇ ਰਿਹਾ। ਇਸੇ ਤਰ੍ਹਾਂ ਮਹਿਲਾ ਵਰਗ ਵਿੱਚ ਸੀਮਾ ਨੇ 1:26:04 ਦੇ ਸਮੇਂ ਨਾਲ 2017 ਦਾ ਸੂਰਿਆ ਐੱਲ ਦਾ ਰਿਕਾਰਡ ਤੋੜਦਿਆਂ ਨਵਾਂ ਰਿਕਾਰਡ ਬਣਾਇਆ। ਸੰਜੀਵਨੀ ਜਾਧਵ ਦੂਜੇ ਅਤੇ ਨਿਰਮਬੇਨ ਠਾਕੋਰ ਤੀਜੇ ਸਥਾਨ 'ਤੇ ਰਹੀਆਂ। ਸੀਮਾ ਨੇ ਕਿਹਾ ਕਿ ਹੁਣ ਉਸ ਦਾ ਨਿਸ਼ਾਨਾ ਅਗਲੇ ਸਾਲ ਹੋਣ ਵਾਲੀਆਂ ਏਸ਼ਿਆਈ ਅਤੇ ਰਾਸ਼ਟਰਮੰਡਲ ਖੇਡਾਂ ਲਈ ਕੁਆਲੀਫਾਈ ਕਰਨਾ ਹੈ।

# ਕਹਾਣੀ, ਕਾਰੋਬਾਰ ਅਤੇ ਕਲਾਤਮਕਤਾ ਨਾਲ ਭਰਪੂਰ ਰਿਹਾ 2025 ਦਾ ਪੰਜਾਬੀ ਸਿਨੇਮਾ

ਸੁਰਜੀਤ ਜੱਸਲ













ਪੰਜਾਬੀ ਸਿਨੇਮਾ-2025 ਦੀ ਗੱਲ ਕਰਦਿਆਂ ਕਹਿ ਸਕਦੇ ਹਾਂ ਕਿ ਪਿਛਲੇ ਸਾਲ ਦੇ ਮੁਕਾਬਲੇ ਇਹ ਸਾਲ ਕਮਾਈ ਪੱਖੋਂ ਅਤੇ ਮਿਆਰ ਪੱਖੋਂ ਮਾੜਾ ਰਿਹਾ। ਪੰਜਾਬ ਤੇ ਦੇਸ਼ ਵਿੱਚ ਵਾਪਰੀਆਂ ਕੁਝ ਵੱਡੀਆਂ ਘਟਨਾਵਾਂ ਕਰਕੇ ਹੋਰਨਾਂ ਖੇਤਰਾਂ ਦੇ ਨਾਲ ਨਾਲ ਪੰਜਾਬੀ ਸਿਨੇਮਾ ਵੀ ਪ੍ਰਭਾਵਿਤ ਰਿਹਾ। ਇਸ ਸਾਲ ਕੁਝ ਵੱਡੀਆਂ ਫ਼ਿਲਮਾਂ ਭਾਰਤ-ਪਾਕਿ ਵਿਚਾਲੇ ਤਣਾਓ ਅਤੇ ਪੰਜਾਬ 'ਚ ਆਏ ਹੜ੍ਹਾਂ ਦੀ ਮਾਰ ਦਾ ਸ਼ਿਕਾਰ ਹੋਈਆਂ।

ਇਸ ਸਾਲ ਪਿਛਲੇ ਸਾਲ ਦੇ ਕੁਝ ਸਰਗਰਮ ਨਿਰਮਾਤਾ ਆਪਣੀਆਂ ਫ਼ਿਲਮਾਂ ਲੈ ਕੇ ਨਾ ਆਏ। ਜਦਕਿ ਕੁਝ ਨਵੇਂ ਬਣੇ ਨਿਰਮਾਤਾ ਜ਼ਰੂਰ ਆਏ, ਪਰ ਉਹ ਕਾਮਯਾਬ ਨਾ ਹੋ ਸਕੇ। ਇਸ ਸਾਲ ਕੁਲ 57 ਫ਼ਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ 'ਚੋਂ ਕੁਝ ਕੁ ਨੇ ਹੀ ਚੰਗੀ ਕਮਾਈ ਕੀਤੀ। ਉਹ ਫ਼ਿਲਮਾਂ ਜਿਨ੍ਹਾਂ ਦਾ ਮਿਆਰ ਕੁਝ ਚੰਗਾ ਸੀ, ਉਹ ਦਰਸ਼ਕਾਂ ਨੂੰ ਹਜ਼ਮ ਨਾ ਆਈਆਂ ਜਦਕਿ ਮਾੜੇ ਵਿਸ਼ੇ ਦੀਆਂ ਕੁਝ ਫ਼ਿਲਮਾਂ ਚੰਗੀ ਕਮਾਈ ਕਰ ਗਈਆਂ।

ਇਸ ਸਾਲ ਕਾਮੇਡੀ ਦੀ ਬਜਾਏ ਐਕਸ਼ਨ ਫ਼ਿਲਮਾਂ ਦਾ ਵਧੇਰੇ ਬੋਲਬਾਲਾ ਰਿਹਾ, ਜਿਨ੍ਹਾਂ 'ਚੋਂ ਸਿਰਫ਼ ਦੋ-ਚਾਰ ਫ਼ਿਲਮਾਂ ਹੀ ਦਰਸ਼ਕਾਂ ਨੂੰ ਚੰਗੀਆਂ ਲੱਗੀਆਂ। ਇਸ ਸਾਲ ਦੋ ਫ਼ਿਲਮਾਂ 'ਡਾਕੂਆਂ ਦਾ ਮੁੰਡਾ' ਅਤੇ 'ਪਿੰਡ ਸਾਰਾ ਜੋਮੀਲੈਂਡ' ਬਣਿਆ ਇੱਕੋ ਦਿਨ ਰਿਲੀਜ਼ ਹੋਈਆਂ ਜਿਨ੍ਹਾਂ ਵਿੱਚ ਫ਼ਸਵਾਂ ਮੁਕਾਬਲਾ ਹੋਇਆ ਅਤੇ ਦੋਵੇਂ ਹੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਤਾਂ ਰਹੀਆਂ, ਪਰ ਕਮਾਈ ਪੱਖੋਂ ਠੀਕ ਠੀਕ ਸਾਬਤ ਹੋਈਆਂ। 'ਨਿੱਕਾ ਜ਼ੈਲਦਾਰ 4' ਅਤੇ 'ਸੌਂਕਣ-ਸੌਂਕਣੇ 2' ਸੀਕੁਏਲ ਫ਼ਿਲਮਾਂ ਹੋਣ ਕਰਕੇ ਕਾਮਯਾਬ ਰਹੀਆਂ, ਪ੍ਰੰਤੂ ਬਹੁਤੇ ਦਰਸ਼ਕਾਂ ਨੇ ਇਨ੍ਹਾਂ ਨੂੰ ਦਿਲੋਂ ਪਸੰਦ ਨਹੀਂ ਕੀਤਾ। 'ਨਿੱਕਾ ਜ਼ੈਲਦਾਰ 4' ਵਿੱਚ ਔਰਤ ਦੇ ਸ਼ਰਾਬ, ਸਿਗਰਟ ਪੀਣ ਜਿਹੇ ਵਿਸ਼ੇ ਨੇ ਥੂ-ਥੂ ਕਰਵਾਈ।

ਇਸ ਸਾਲ ਦਲਜੀਤ ਦੁਸਾਂਝ ਆਪਣੀ ਫ਼ਿਲਮ 'ਸਰਦਾਰ ਜੀ 3' ਨਾਲ ਖ਼ੂਬ ਚਰਚਾ ਵਿੱਚ ਰਿਹਾ। ਇਹ ਫ਼ਿਲਮ ਭਾਰਤ ਨੂੰ ਛੱਡ ਕੇ ਵਿਦੇਸ਼ਾਂ ਵਿੱਚ ਰਿਲੀਜ਼ ਹੋਈ ਜਿੱਥੇ ਉਸ ਨੇ ਰਿਕਾਰਡ ਤੋੜ ਕਮਾਈ ਕੀਤੀ। ਭਾਰਤ-ਪਾਕਿ ਦਰਮਿਆਨ ਜੰਗ ਦੇ ਹਾਲਾਤ ਅਤੇ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਕਤਲੇਆਮ ਦੇ ਰੋਸ ਵਜੋਂ ਇਸ 'ਚ ਪਾਕਿਸਤਾਨੀ ਨਾਇਕਾਂ ਹੋਣ ਕਰਕੇ ਇਸ ਨੂੰ ਭਾਰਤ ਵਿੱਚ ਬੈਨ ਕਰ ਦਿੱਤਾ। ਇਸ ਦੇ ਬਾਵਜੂਦ ਇਹ ਸੁਪਰ-ਡੁਪਰ ਹਿੱਟ ਸਾਬਤ ਹੋਈ। ਇਸ ਤੋਂ ਬਾਅਦ ਅਮਰਿੰਦਰ ਗਿੱਲ ਦੀ ਫ਼ਿਲਮ 'ਚੱਲ ਮੇਰਾ ਪੁੱਤ 4' ਵੀ ਭਾਰਤ ਵਿੱਚ ਰਿਲੀਜ਼ ਨਾ ਹੋ ਸਕੀ, ਪਰ ਵਿਦੇਸ਼ਾਂ ਵਿੱਚ ਇਸ ਨੇ ਚੰਗੀ ਕਮਾਈ ਕੀਤੀ। ਪਾਕਿਸਤਾਨੀ ਕਲਾਕਾਰਾਂ ਦੀ ਸ਼ਮੂਲੀਅਤ ਹੋਣ ਕਰਕੇ ਇਹ ਵੀ ਵਿਵਾਦਾਂ ਵਿੱਚ ਰਹੀ।

ਫ਼ਿਲਮ 'ਤੁਣਕਾ ਤੁਣਕਾ', 'ਬੈਚ 13' ਵਰਗੀਆਂ ਸਮਾਜਿਕ ਵਿਸ਼ੇ ਦੀਆਂ ਫ਼ਿਲਮਾਂ ਦੇਣ ਵਾਲੇ ਅਦਾਕਾਰ ਨਿਰਮਾਤਾ ਹਰਦੀਪ ਗਰੇਵਾਲ ਇਸ ਸਾਲ 'ਸਿਕਸ ਈਚ' ਨਾਂ ਦੀ ਕਰਾਈਮ ਵਿਸ਼ੇ ਦੀ ਫ਼ਿਲਮ ਲੈ ਕੇ ਆਏ। ਵਿਦੇਸ਼ ਜਾਣ ਲਈ ਕੀਤੇ ਜਾਂਦੇ ਫ਼ਰਜ਼ੀ ਵਿਆਹ ਅਤੇ ਧੋਖਾਧੜੀ ਦੇ ਵਿਸ਼ੇ 'ਤੇ ਆਧਾਰਿਤ ਇਹ ਫ਼ਿਲਮ ਸਮਾਜ ਦੇ ਭੱਖਦੇ ਮੁੱਦਿਆਂ ਕਾਰਨ ਚੰਗੀ ਕਮਾਈ ਕਰ ਗਈ।

ਨਿਰਦੇਸ਼ਕ ਬਿਕਰਮ ਗਰੋਵਰ ਦੀ ਫ਼ਿਲਮ 'ਫ਼ਰਲੋ' ਇਸ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਜੋ ਕਿ ਕਮੇਡੀ ਪੱਖੋਂ ਸਫ਼ਲ ਮੰਨੀ ਜਾਣ ਵਾਲੀ ਫ਼ਿਲਮ ਰਹੀ। ਫ਼ਿਲਮ ਦਾ ਵਿਸ਼ਾ ਮਨੋਰੰਜਨ ਭਰਪੂਰ ਸੀ ਜਿਸ ਨੂੰ ਗੁਰਪ੍ਰੀਤ ਘੁੱਗੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ। ਉਸ ਦੀ ਆਪਣੇ ਕਿਰਦਾਰ 'ਤੇ ਇੰਨੀ ਪਕੜ ਸੀ ਕਿ ਉਸ ਨੇ ਦਰਸ਼ਕਾਂ ਨੂੰ ਆਪਣੇ ਨਾਲੋਂ ਅਲੱਗ ਨਹੀਂ ਹੋਣ ਦਿੱਤਾ।

'ਮਿੱਠੜੇ' ਰਾਹੀਂ ਲੇਖਕ ਤੇ ਨਿਰਦੇਸ਼ਕ ਅੰਬਰਦੀਪ ਆਪਣੇ ਬੇਟੇ ਲੁਬਿਸ ਦੂਲਹੇ ਨੂੰ ਬਤੌਰ ਹੀਰੋ ਪਰਦੇ 'ਤੇ ਲਿਆਇਆ। ਪਿਆਰ ਮੁਹੱਬਤਾਂ ਦੀ ਚਾਸ਼ਨੀ 'ਚ ਡੁੱਬੀ ਇਸ ਲਵ ਸਟੋਰੀ ਨੂੰ ਉਸ ਨੇ ਇੱਕ ਵੱਖਰੇ ਐਂਗਲ ਤੋਂ ਪੇਸ਼ ਕੀਤਾ ਜੋ ਦਰਸ਼ਕਾਂ ਦੀ ਬਹੁਤੀ ਪਸੰਦ ਨਾ ਬਣ ਸਕੀ। ਲੁਬਿਸ ਦੀ ਅਦਾਕਾਰੀ ਕੋਈ ਬਹੁਤਾ ਕਮਾਲ ਨਾ ਕਰ ਸਕੀ।

ਨਾਟਕਕਾਰ ਪਾਲੀ ਭੁਪਿੰਦਰ ਦੀ ਫ਼ਿਲਮ 'ਗੁਰਮੁਖ' ਲੰਮੇ ਸਮੇਂ ਦੀ ਉਡੀਕ ਤੋਂ ਬਾਅਦ ਇਸ ਸਾਲ ਦੇ ਪਹਿਲੇ ਮਹੀਨੇ ਰਿਲੀਜ਼ ਹੋਈ, ਪਰ ਦਰਸ਼ਕਾਂ ਦਾ ਓਨਾ ਪਿਆਰ ਨਹੀਂ ਮਿਲਿਆ ਜੋ ਮਿਲਣਾ ਚਾਹੀਦਾ ਸੀ। ਵਿਸ਼ੇ ਤੇ ਤਕਨੀਕ ਪੱਖੋਂ ਇਹ ਚੰਗੀ ਫ਼ਿਲਮ ਸੀ। ਹੰਬਲ ਮੋਸ਼ਨ ਪਿਕਚਰਜ਼ ਹਰ ਸਾਲ ਮਨੋਰੰਜਨ ਦੇ ਨਾਲ ਨਾਲ ਇੱਕ ਧਾਰਮਿਕ ਵਿਸ਼ੇ ਦੀ ਫ਼ਿਲਮ ਵੀ ਰਿਲੀਜ਼ ਕਰਦਾ ਹੈ। ਇਸ ਸਾਲ ਗਿੱਪੀ ਗਰੇਵਾਲ ਨੇ ਬੌਲੀਵੁੱਡ ਨਿਰਮਾਤਾ ਕਰਨ ਜੌਹਰ ਨਾਲ ਮਿਲ ਕੇ ਫ਼ਿਲਮ 'ਅਕਾਲ' ਰਿਲੀਜ਼ ਕੀਤੀ ਜੋ ਸਿੱਖ ਕੌਮ ਲਈ ਲੜਨ ਵਾਲੇ ਯੋਧਿਆਂ, ਸੂਰਵੀਰਾਂ ਦੀ ਜ਼ਿੰਦਗੀ ਤੇ ਖ਼ਾਲਸੇ ਦੀ ਫ਼ੌਜ ਦੇ ਜੌਹਰ ਪੇਸ਼ ਕਰਦੀ ਸੀ। ਇਹ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਿੱਚ ਸਫ਼ਲ ਰਹੀ। ਵੱਡੇ ਬਜਟ ਦੀ ਲਾਗਤ ਨਾਲ ਬਣੀ ਇਹ ਫ਼ਿਲਮ ਕਮਾਈ ਪੱਖੋਂ ਤਾਂ ਔਸਤ ਹੀ ਰਹੀ।

'ਮਸਤਾਨੇ' ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਤਰਸੇਮ ਜੱਸੜ ਅਤੇ ਸ਼ਰਨ ਆਰਟ ਵੱਲੋਂ ਬਣਾਈ ਵੱਡੀ ਕਾਸਟ ਵਾਲੀ ਫ਼ਿਲਮ 'ਗੁਰੂ ਨਾਨਕ ਜਹਾਜ਼' ਗਿਆਨੀ ਗੁਰਦਿੱਤ ਸਿੰਘ ਕੌਮਾਗਾਟਾ ਮਾਰੂ ਦੀ ਸੱਚੀ ਕਹਾਣੀ 'ਤੇ ਆਧਾਰਿਤ ਸੀ ਜੋ




ਤਕਨੀਕ ਅਤੇ ਵਿਸ਼ੇ ਪੱਖੋਂ ਬਹੁਤ ਵਧੀਆ ਸੀ। ਇਹ ਇੱਕ ਚੰਗੀ ਫ਼ਿਲਮ ਸੀ, ਪਰ ਦੇਸ਼ ਵਿੱਚ ਜੰਗ ਦੇ ਹਾਲਾਤ ਬਣੇ ਹੋਣ ਕਰਕੇ ਇਸ ਨੂੰ ਬਹੁਤੇ ਦਰਸ਼ਕ ਨਹੀਂ ਮਿਲੇ।

'ਕੁੜੀਆਂ ਜਵਾਨ ਬਾਪੂ ਪਰੇਸ਼ਾਨ 2' ਨਿਰਮਾਤਾ ਰੰਜੀਵ ਸਿੰਗਲਾ ਅਤੇ ਨਿਰਦੇਸ਼ਕ ਅਵਤਾਰ ਸਿੰਘ ਵੱਲੋਂ ਧੀਆਂ ਪ੍ਰਤੀ ਸੋਚ ਬਦਲਣ ਦਾ ਹੋਕਾ ਦਿੰਦੀ ਇਹ ਫ਼ਿਲਮ ਇਸੇ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਜਿਸ ਨੂੰ ਦਰਸ਼ਕਾਂ ਦਾ ਰਲਿਆ ਮਿਲਿਆ ਹੁੰਗਾਰਾ ਮਿਲਿਆ। 'ਮਿਸਟਰ ਐਂਡ ਮਿਸਿਜ਼ 420' ਲੜੀ ਦੀ ਤੀਸਰੀ ਫ਼ਿਲਮ ਇਸੇ ਸਾਲ ਰਿਲੀਜ਼ ਕੀਤੀ ਗਈ। ਇਸ ਫ਼ਿਲਮ ਨੂੰ ਪਹਿਲੀ 420 ਵਾਲਾ ਉਹ ਪਿਆਰ ਨਹੀਂ ਮਿਲਿਆ, ਪਰ ਉਹਦੇ ਨਾਂ 'ਤੇ ਇਹ ਦਰਸ਼ਕ ਇਕੱਠੇ ਕਰਨ ਵਿੱਚ ਕਾਮਯਾਬ ਰਹੀ। ਦੇਵ ਖਰੌੜ ਦੇ ਡਬਲ ਰੋਲ ਵਾਲੀ ਫ਼ਿਲਮ 'ਮਝੈਲ' ਇਸ ਸਾਲ ਦੀ ਪਹਿਲੀ ਐਕਸ਼ਨ ਫ਼ਿਲਮ ਸੀ। ਨਸ਼ਿਆਂ




ਦੇ ਮਾੜੇ ਰੁਝਾਨ ਅਤੇ ਆਪਣੇ ਬੇਗਾਨਿਆਂ ਪ੍ਰਤੀ ਨਫ਼ਰਤ ਅਤੇ ਬਦਲੇ ਦੀ ਭਾਵਨਾ 'ਤੇ ਆਧਾਰਿਤ ਚੰਗੀ ਕਹਾਣੀ ਸੀ ਜਿਸ ਨੂੰ ਦਰਸ਼ਕਾਂ ਨੇ ਪਸੰਦ ਕੀਤਾ।

ਚਰਚਿਤ ਫ਼ਿਲਮਾਂ 'ਸ਼ਾਇਰ, 'ਕਲੀ ਜੋਟਾ' ਅਤੇ 'ਇਕੋ ਮਿੱਕੇ' ਨਾਲ ਵੱਖਰੇ ਸਿਨੇਮਾ ਦੀ ਨੀਂਹ ਰੱਖਣ ਵਾਲੇ ਗਾਇਕ ਅਦਾਕਾਰ ਸਤਿੰਦਰ ਸਰਤਾਜ ਦੀ ਇਸ ਸਾਲ ਰਿਲੀਜ਼ ਹੋਈ ਫ਼ਿਲਮ 'ਹੁਸ਼ਿਆਰ ਸਿੰਘ' ਪਹਿਲੀਆਂ ਫ਼ਿਲਮਾਂ ਦੇ ਮੁਕਾਬਲੇ ਫ਼ਿੱਕੀ ਰਹੀ। ਅਦਾਕਾਰ ਤੋਂ ਨਿਰਮਾਤਾ ਬਣੇ ਜਗਜੀਤ ਸੰਧੂ ਦੀ ਇਸ ਸਾਲ ਆਈ 'ਇੱਲਤੀ' ਵਿਅੰਗਮਈ ਫ਼ਿਲਮ ਸੀ ਜਿਸ ਨੂੰ ਦਰਸ਼ਕਾਂ ਦਾ ਕੋਈ ਖਾਸ ਹੁੰਗਾਰਾ ਨਾ ਮਿਲ ਸਕਿਆ। ਐਕਸ਼ਨ ਫ਼ਿਲਮ 'ਗੈਂਗਲੈਂਡ' ਜ਼ੁਲਮ ਦੇ ਇੱਕ ਸ਼ਹਿਰ ਦੀ ਗਾਥਾ ਪੇਸ਼ ਕਰਦੀ ਹੈ ਜਿਸ ਨੂੰ ਸੈਵੀ ਸੰਧੂ ਨੇ ਲਿਖਿਆ ਅਤੇ ਡਾਇਰੈਕਟ ਕੀਤਾ।

ਗਾਇਕ ਅਦਾਕਾਰ ਬੱਬੂ ਮਾਨ ਦੀ ਫ਼ਿਲਮ 'ਸ਼ੌਂਕੀ ਸਰਦਾਰ' ਵੀ ਇਸੇ ਸਾਲ ਰਿਲੀਜ਼ ਹੋਈ ਜਿਸ ਨੂੰ ਉਸ ਦੇ ਚਹੇਤਿਆਂ ਨੇ ਖ਼ੂਬ ਪਸੰਦ ਕੀਤਾ। ਕਿਸਾਨੀ ਸਮੱਸਿਆਵਾਂ 'ਤੇ ਆਧਾਰਿਤ ਲੋਕਾਂ ਨੂੰ ਜਾਗਰੂਕ ਕਰਦੀ ਫ਼ਿਲਮ 'ਜਾਗੋ ਆਈ ਆ' ਚੰਗੇ ਵਿਸ਼ੇ ਦੀ ਫ਼ਿਲਮ ਹੋਣ ਦੇ ਬਾਵਜੂਦ 'ਆਈ-ਗਈ' ਹੋ ਗਈ। ਇਸ ਫ਼ਿਲਮ ਦੀ ਕਹਾਣੀ ਉਪਜਾਊ ਜ਼ਮੀਨਾਂ 'ਤੇ ਉਦਯੋਗਿਕ ਇਕਾਈਆਂ ਵਿਕਸਤ ਹੋਣ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ 'ਤੇ ਆਧਾਰਿਤ ਸੀ।

ਐਕਸ਼ਨ ਹੀਰੋ ਦੇਵ ਖਰੌੜ ਇਸ ਸਾਲ 'ਡਾਕੂਆਂ ਦਾ ਮੁੰਡਾ 3' ਲੈ ਕੇ ਆਇਆ। ਇਸ ਫ਼ਿਲਮ ਦੀ ਕਹਾਣੀ ਇੱਕ ਵੱਖਰੇ ਰੂਪ ਦੀ ਸੀ, ਜਿਸ ਵਿੱਚ ਬਾਕਸਰ ਬਣਨ ਵਾਲੇ ਇੱਕ ਨੌਜਵਾਨ ਨੂੰ ਮਾੜੇ ਸਿਸਟਮ ਦੀ ਭੇਟ ਚੜ੍ਹਦਿਆਂ ਆਪਣੀ ਮੰਜ਼ਿਲ ਤੋਂ ਭਟਕਿਆ ਵਿਖਾਇਆ ਗਿਆ।


'ਪਿੰਡ ਪਿਆ ਸਾਰਾ ਜੋਮੀਲੈਂਡ ਬਣਿਆ'

ਪਹਿਲੀ ਵਾਰ ਪੰਜਾਬੀ ਸਿਨੇਮਾ 'ਚ ਇੱਕ ਨਵੇਂ ਨਿਰਦੇਸ਼ਕ ਨੇ ਜੋਖਮ ਉਠਾਉਂਦਿਆਂ ਇੱਕ ਨਵੇਂ ਵਿਸ਼ੇ ਦੀ ਫ਼ਿਲਮ ਦਾ ਨਿਰਮਾਣ ਕੀਤਾ ਜੋ ਆਮ ਕਾਮੇਡੀ ਫ਼ਿਲਮਾਂ ਤੋਂ ਬਹੁਤ ਵੱਖਰੀ ਸੀ। ਨਿਰਦੇਸ਼ਕ ਥਾਪਰ ਨੇ ਇਸ ਫ਼ਿਲਮ ਰਾਹੀਂ ਹੌਲੀਵੁੱਡ ਦੇ ਵਿਸ਼ੇ ਨੂੰ ਪੰਜਾਬੀ ਹਾਵ-ਭਾਵ 'ਚ ਢਾਲ ਕੇ ਕਾਮੇਡੀ ਦੀ ਨਵੀਂ ਰੰਗਤ ਦਿੰਦਿਆਂ ਥਰਿੱਲ ਭਰਪੂਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਇਹ ਫ਼ਿਲਮ ਪਹਿਲੀ ਵਾਰ ਪੰਜਾਬੀ ਸਿਨੇਮਾ 'ਚ ਨਿਵੇਕਲੇ ਵਿਸ਼ੇ ਨਾਲ ਬਣੀ ਅਤੇ ਲੋਕਾਂ ਨੂੰ ਜਾਗਰੂਕ ਵੀ ਕਰਦੀ ਹੈ। ਫ਼ਿਲਮ ਦਾ ਪ੍ਰੋਡਕਸ਼ਨ ਡਿਜ਼ਾਇਨ ਅਤੇ ਸਿਨੇਮੈਟੋਗਰਾਫ਼ੀ ਹੋਰਨਾਂ ਫ਼ਿਲਮਾਂ ਨੂੰ ਆਪਣਾ ਪੱਧਰ ਉੱਚਾ ਕਰਨ ਲਈ ਮਜਬੂਰ ਕਰਦੀ ਹੈ।

ਨਵ ਬਾਜਵਾ ਬੜੇ ਚਿਰਾਂ ਤੋਂ ਪੰਜਾਬੀ ਸਿਨੇਮਾ ਨਾਲ ਜੁੜਿਆ ਹੋਇਆ ਸੰਘਰਸ਼ੀ ਕਲਾਕਾਰ ਹੈ ਜਿਸ ਨੇ ਕਿ ਪੰਜਾਬੀ ਸਿਨੇਮਾ ਨੂੰ ਕਈ ਫ਼ਿਲਮਾਂ ਦਿੱਤੀਆਂ, ਬੇਸ਼ੱਕ ਉਹ ਉਸ ਦੀ ਪਛਾਣ ਬਣਾਉਣ ਵਿੱਚ ਨਾਕਾਮਯਾਬ ਰਹੀਆਂ, ਪਰ ਉਸ ਨੇ ਹਿੰਮਤ ਨਹੀਂ ਛੱਡੀ। ਉਹ ਇਸ ਸਾਲ ਇੱਕ ਹੋਰ ਫ਼ਿਲਮ 'ਮਧਾਣੀਆਂ' ਲੈ ਕੇ ਆਇਆ, ਜਿਸ ਵਿੱਚ ਉਹ ਨੀਰੂ ਬਾਜਵਾ ਤੇ ਦੇਵ ਖਰੌੜ ਦੀ ਜੋੜੀ ਨੂੰ ਲੈ ਕੇ ਆਇਆ। ਵੱਡੀ ਕਾਸਟ ਹੋਣ ਦੇ ਬਾਵਜੂਦ ਫ਼ਿਲਮ ਦੀ ਕਹਾਣੀ ਦਾ ਫ਼ਿਲਮ ਦੇ ਟਾਈਟਲ ਨਾਲ ਕੋਈ ਮੇਲ ਨਹੀਂ ਦਿਸਿਆ ਤੇ ਅਖੀਰ 'ਚ ਇਹੀ ਕਹਾਂਗੇ ਕਿ ਮਧਾਣੀਆਂ ਦੇ ਰਿੜਕੇ ਦਾ ਸਵਾਦ ਲੈਣ ਕੋਈ ਵੀ ਦਰਸ਼ਕ ਨਹੀਂ ਆਇਆ।

ਨਿਰਦੇਸ਼ਕ ਮਨੀਸ਼ ਭੱਟ ਅਤੇ ਜੈ ਰੰਧਾਵਾ ਦੀ ਜੋੜੀ ਦਾ ਵੱਖਰਾ ਦਰਸ਼ਕ ਵਰਗ ਹੈ ਜੋ ਇਸ ਦੀਆਂ ਫ਼ਿਲਮਾਂ ਦੀ ਉਡੀਕ ਰੱਖਦਾ ਹੈ। ਇਸ ਸਾਲ ਇਹ ਜੋੜੀ ਬੌਲੀਵੁੱਡ ਦੇ ਵੱਡੇ ਬੈਨਰਾਂ ਹੇਠ ਫ਼ਿਲਮ 'ਬਦਨਾਮ' ਲੈ ਕੇ ਆਈ। ਇਹ ਐਕਸ਼ਨ ਭਰਪੂਰ ਫ਼ਿਲਮ ਸੀ ਅਤੇ ਇਸ ਨੇ ਕਮਾਈ ਵੀ ਕੀਤੀ।

ਗੀਤਕਾਰੀ ਤੋਂ ਅਦਾਕਾਰੀ ਵੱਲ ਆਇਆ ਬੰਟੀ ਬੈਂਸ ਬਤੌਰ ਹੀਰੋ ਫ਼ਿਲਮ 'ਮੈਂ ਤੇਰੇ ਕੁਰਬਾਨ' ਵਿੱਚ ਸਾਵਨ ਰੂਪੋਵਾਲੀ ਨਾਲ ਰੁਮਾਂਟਿਕ ਕਿਰਦਾਰ ਵਿੱਚ ਨਜ਼ਰ ਆਇਆ। ਭਾਵੇਂ ਇਸ ਫ਼ਿਲਮ ਨੂੰ ਕੋਈ ਬਹੁਤੀ ਸਫ਼ਲਤਾ ਨਹੀਂ ਮਿਲੀ,




ਪਰ ਅਦਾਕਾਰੀ ਪੱਖੋਂ ਇਹ ਫ਼ਿਲਮ ਉਸ ਦੇ ਫ਼ਿਲਮੀ ਖੇਤਰ ਨੂੰ ਅੱਗੇ ਤੋਰਨ ਵਿੱਚ ਸਹਾਈ ਹੋਈ।

ਜਿੰਮੀ ਸ਼ੇਰਗਿੱਲ ਅਤੇ ਮਾਨਵ ਵਿੱਜ ਦੀ ਚਰਚਿਤ ਫ਼ਿਲਮ 'ਮਾਂ ਜਾਏ' ਦੋ ਭਰਾਵਾਂ ਦੀ ਕਹਾਣੀ ਹੈ। ਦੋਵੇਂ ਭਰਾ ਇੱਕ ਦੂਜੇ ਦੀਆਂ ਬਾਹਾਂ ਹਨ। ਦਿਲ ਨੂੰ ਛੂਹ ਲੈਣ ਵਾਲੀ ਇਸ ਫ਼ਿਲਮ ਦੀ ਕਹਾਣੀ ਵਿੱਚ ਅਨੇਕਾਂ ਮੋੜ ਆਉਂਦੇ ਹਨ ਜੋ 1947, 1984 ਅਤੇ ਅਮਰੀਕਾ 'ਚ ਹੋਏ 9/11 ਦੇ ਹਾਦਸੇ ਦਾ ਪਰਛਾਵਾਂ ਵੀ ਦਰਸਾਉਂਦੇ ਹਨ। ਇਹ ਇੱਕ ਚੰਗੀ ਫ਼ਿਲਮ ਸੀ, ਜਿਸ ਨੂੰ ਦਰਸ਼ਕਾਂ ਦਾ ਰਲਿਆ-ਮਿਲਿਆ ਹੁੰਗਾਰਾ ਮਿਲਿਆ।

ਲੇਖਕ ਨਿਰਦੇਸ਼ਕ ਰਾਕੇਸ਼ ਮਹਿਤਾ ਦੀ ਫ਼ਿਲਮ 'ਮਿਹਰ' 'ਤੇ ਵੀ ਦਰਸ਼ਕਾਂ ਦੇ ਪਿਆਰ ਦੀ ਮਿਹਰ ਨਾ ਹੋ ਸਕੀ। ਹੱਦੋਂ ਵੱਧ ਪ੍ਰਚਾਰ ਦੇ ਬਾਵਜੂਦ 'ਮਿਹਰ' ਨੂੰ ਦਰਸ਼ਕ ਨਹੀਂ ਮਿਲ ਸਕੇ। ਅਦਾਕਾਰਾ ਸ਼ਹਿਨਾਜ ਗਿੱਲ ਨੇ ਇਸ ਸਾਲ ਆਪਣੀ ਫ਼ਿਲਮ 'ਇੱਕ ਕੁੜੀ' ਦਾ ਨਿਰਮਾਣ ਕੀਤਾ ਜੋ ਤਕਨੀਕ ਅਤੇ ਵਿਸ਼ੇ ਪੱਖੋਂ ਕਾਮਯਾਬ ਫ਼ਿਲਮ ਸੀ। ਇਹ ਫ਼ਿਲਮ ਦੋ ਪੀੜ੍ਹੀਆਂ ਤੋਂ ਪ੍ਰੇਰਿਤ ਇੱਕ ਅਜਿਹੀ ਕੁੜੀ ਦੀ ਕਹਾਣੀ ਸੀ ਜੋ ਵਿਆਹ ਤੋਂ ਪਹਿਲਾਂ ਆਪਣੇ ਹਮਸਫ਼ਰ ਨੂੰ, ਉਸ ਦੇ ਖਾਨਦਾਨ ਨੂੰ, ਉਸ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਨਾ ਚਾਹੁੰਦੀ ਹੈ ਤਾਂ ਕਿ ਉਸ ਨੂੰ ਵਿਆਹ ਤੋਂ ਬਾਅਦ ਜ਼ਿੰਦਗੀ ਭਰ ਪਛਤਾਉਣਾ ਨਾ ਪਵੇ। ਮਨੋਰੰਜਨ ਭਰਪੂਰ ਇਸ ਗਾਥਾ ਨੂੰ ਬਿਆਨਦੀ ਇਸ ਫ਼ਿਲਮ ਵਿੱਚ ਸ਼ਹਿਨਾਜ਼ ਗਿੱਲ ਨੇ ਮੁੱਖ ਭੂਮਿਕਾ ਨਿਭਾਈ।

ਨਸ਼ਿਆ ਦੇ ਮਾੜੇ ਰੁਝਾਨ ਦੀ ਪੇਸ਼ਕਾਰੀ ਕਰਦੀ ਫ਼ਿਲਮ 'ਮੁੱਕ ਗਈ ਫ਼ੀਮ ਡੱਬੀ 'ਚੋਂ ਯਾਰੋ' ਦੀ ਕਹਾਣੀ ਬੜੀ ਦਿਲਚਸਪ ਹੈ। ਆਮ ਫ਼ਿਲਮਾਂ ਤੋਂ ਬਹੁਤ ਹਟ ਕੇ ਬਣੀ ਫ਼ਿਲਮ ਦਾ ਕਾਮੇਡੀ ਪੱਖ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਵਿੱਚ ਸਫ਼ਲ ਹੁੰਦਾ ਹੈ। ਪੰਜਾਬ ਵਿੱਚ ਹੜ੍ਹਾਂ ਦੀ ਮਾਰ ਪੈਣ ਕਰਕੇ ਇਹ ਫ਼ਿਲਮ ਦਰਸ਼ਕਾਂ ਦਾ ਬਹੁਤਾ ਧਿਆਨ ਨਾ ਖਿੱਚ ਸਕੀ। ਪ੍ਰਭ ਗਿੱਲ ਅਤੇ ਕਮਲ ਖ਼ੂੰਗੜਾ ਦੀ ਜੋੜੀ ਵਾਲੀ ਰੁਮਾਂਟਿਕ ਅਤੇ ਭਾਵਨਾਵਾਂ ਭਰਪੂਰ ਫ਼ਿਲਮ 'ਇੱਕ ਤੇਰੇ ਕਰਕੇ' ਵੀ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ, ਇਹੋ ਹਾਲ ਫ਼ਿਲਮ 'ਤੇਰਾ ਬੜਾ ਕਰਾਰਾ ਪੂਦਨਾ' ਦਾ ਰਿਹਾ। ਜਿਸ ਦਾ ਕਰਾਰਾਪਣ ਚੱਖਣ ਲਈ ਕੋਈ ਵੀ ਦਰਸ਼ਕ ਸਿਨੇਮਾ ਘਰ 'ਚ ਨਹੀਂ ਆਇਆ।

ਕਾਮੇਡੀ ਅਤੇ ਮਨੋਰੰਜਨ ਭਰਪੂਰ ਸਿਨੇਮਾ ਵਿੱਚ ਧਾਰਮਿਕ ਫ਼ਿਲਮਾਂ ਪ੍ਰਤੀ ਦਰਸ਼ਕਾਂ ਵਿੱਚ ਕੋਈ ਬਹੁਤੀ ਖਿੱਚ ਨਹੀਂ ਰਹੀ। ਇਸ ਸਾਲ ਦੋ ਧਾਰਮਿਕ ਫ਼ਿਲਮਾਂ 'ਚਲੋ ਬੁਲਾਵਾ ਆਇਆ ਹੈ' ਅਤੇ 'ਫ਼ੜ ਲੈ ਵਾਹਿਗੁਰੂ ਦਾ ਪੱਲਾ' ਦੀ ਸਥਿਤੀ ਵੀ ਨਿਰਾਸ਼ਾਜਨਕ ਹੀ ਰਹੀ।

ਕਮੇਡੀ ਕਲਾਕਾਰ ਹਰਬੀ ਸੰਘਾ ਨੂੰ ਹੀਰੋ ਬਣਾ ਕੇ ਪੇਸ਼ ਕਰਦੀ ਫ਼ਿਲਮ 'ਤੈਨੂੰ ਘੋੜੀ ਕੀਹਨੇ ਚੜ੍ਹਾਇਆ' ਬੇਹੂਦਾ ਫ਼ਿਲਮ ਸੀ ਜੋ ਦਰਸ਼ਕਾਂ ਨੂੰ ਹੱਸਣ ਦੀ ਬਜਾਏ ਰੋਣ ਲਈ ਮਜਬੂਰ ਕਰਦੀ ਸੀ। 'ਪੰਜਾਬੀ ਆ ਗਏ ਓਏ' ਵੀ ਬੇਹੁਦਾ ਫ਼ਿਲਮ ਸੀ। ਇਸ ਨੇ ਵੀ ਦਰਸ਼ਕਾਂ ਨੂੰ ਨਿਰਾਸ਼ ਹੀ ਕੀਤਾ। ਲੇਖਕ ਤੋਂ ਹੀਰੋ ਬਣ ਕੇ ਨਰੇਸ਼ ਕਥੂਰੀਆ 'ਹੈਪੀ ਖ਼ੁਸ਼ ਹੋ ਗਿਆ' ਰਾਹੀਂ ਆਪ ਤਾਂ ਖ਼ੁਸ਼ ਹੋ ਗਿਆ, ਪਰ ਫ਼ਿਲਮ ਵੇਖ ਕੇ ਥੀਏਟਰ ਹਾਲ 'ਚੋਂ ਨਿਕਲੇ ਦਰਸ਼ਕ ਖ਼ੁਸ਼ ਨਾ ਹੋ ਸਕੇ। ਨਵੇਂ ਕਲਾਕਾਰਾਂ ਦੀ ਖ਼ੂਬਸੂਰਤ ਅਦਾਕਾਰੀ ਨਾਲ ਬਣੀ ਫ਼ਿਲਮ 'ਮਿੱਠੀਏ' ਆਮ ਫ਼ਿਲਮਾਂ ਤੋਂ ਹਟ ਕੇ ਪਿਆਰ ਮੁਹੱਬਤ ਤੇ ਸਮਾਜਿਕ ਕਦਰਾਂ-ਕੀਮਤਾਂ ਦੀ ਗੱਲ ਕਰਦੀ ਸੀ ਜੋ ਦਰਸ਼ਕਾਂ ਨੂੰ ਖਿੱਚ ਨਾ ਸਕੀ।

ਪਹਿਲੀ ਫ਼ਿਲਮ 'ਗੋਡੇ ਗੋਡੇ ਚਾਅ' ਵਿੱਚ ਔਰਤਾਂ ਆਪਣੇ ਹੱਕਾਂ ਲਈ ਮਰਦਾਂ ਦੀ ਵਿਰੋਧਤਾ ਦਾ ਸ਼ਿਕਾਰ ਹੁੰਦੀਆਂ ਵਿਖਾਈਆਂ ਸਨ, ਜੋ ਵਿਆਹ ਸਮੇਂ ਬਰਾਤ ਜਾਣ ਦੀ ਜਿੱਤ ਪਗਾਉਣ ਲਈ ਅਨੇਕਾਂ ਸਕੀਮਾਂ ਖੇਡਦੀਆਂ ਹਨ। ਜਦਕਿ 'ਗੋਡੇ ਗੋਡੇ ਚਾਹ 2' 'ਚ ਪਹਿਲੀ ਗੀਤ ਤੋਂ ਬਿਲਕੁਲ ਉਲਟ ਮਰਦਾਂ 'ਤੇ ਔਰਤਾਂ ਭਾਰੂ ਵਿਖਾਈਆਂ ਗਈਆਂ। ਕਹਾਣੀ ਪਹਿਲੀ ਨਾਲ ਰਲਦੀ ਮਿਲਦੀ ਸੀ, ਪ੍ਰੰਤੂ ਮਨੋਰੰਜਨ ਭਰਪੂਰ ਮਸਾਲਾ ਸੀ, ਜਿਸ ਨੂੰ ਦਰਸ਼ਕਾਂ ਨੇ ਪਸੰਦ ਵੀ ਕੀਤਾ।

(ਬਾਕੀ ਸਫ਼ਾ 27 'ਤੇ)

## ਅਮਰੀਕਾ ਵਿੱਚ ਸਿੱਖਾਂ ਵਿਰੁੱਧ ਵਧ ਰਹੀ

ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਸਿੱਖ ਲੋਕ ਆਪਣੇ ਧਰਮ ਨੂੰ ਬਿਨਾਂ ਡਰ ਦੇ ਮਨਾ ਸਕਣਗੇ। ਇਹ ਅਮਰੀਕਾ ਦੇ ਬੁਨਿਆਦੀ ਸਿਧਾਂਤਾਂ – ਧਾਰਮਿਕ ਆਜ਼ਾਦੀ ਅਤੇ ਸਮਾਨਤਾ – ਨੂੰ ਮਜ਼ਬੂਤ ਕਰੇਗਾ।

**ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ ਕੀ ਹੈ ?**

ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸੈਲਡੈਫ) ਨੇ ਇਸ ਬਿੱਲ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਬਿੱਲ ਸਿੱਖਾਂ ਖ਼ਿਲਾਫ਼ ਦਹਾਕਿਆਂ ਤੋਂ ਚੱਲ ਰਹੀ ਨਫ਼ਰਤ ਨੂੰ ਰੋਕਣ ਵਿੱਚ ਮਦਦ ਕਰੇਗਾ। ਨਿਊ ਜਰਸੀ ਸਿੱਖ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਯਾਦਵਿੰਦਰ ਸਿੰਘ ਨੇ ਕਿਹਾ ਕਿ ਇਹ ਬਿੱਲ ਅਮਰੀਕੀ ਮੁੱਲਾਂ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਨੇ ਕਿਹਾ, 'ਕਾਂਗਰਸ ਨੂੰ ਧਾਰਮਿਕ ਘੱਟਗਿਣਤੀਆਂ ਵਿਰੁੱਧ ਨਫ਼ਰਤ ਨੂੰ ਰੋਕਣ ਲਈ ਵਚਨਬੱਧ ਹੋਣਾ ਚਾਹੀਦਾ ਹੈ।'

**ਅਮਰੀਕਾ ਵਿੱਚ ਸਿੱਖ ਭਾਈਚਾਰੇ ਦਾ ਇਤਿਹਾਸ:** ਅਮਰੀਕਾ ਵਿੱਚ ਸਿੱਖ ਲੋਕ ਪਿਛਲੇ ਕਈ ਦਹਾਕਿਆਂ ਤੋਂ ਰਹਿ ਰਹੇ ਹਨ। ਉਹ ਵਪਾਰ, ਡਾਕਟਰੀ, ਇੰਜੀਨੀਅਰਿੰਗ ਅਤੇ ਹੋਰ ਖੇਤਰਾਂ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਪਰ 9/11 ਦੇ ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਅੱਤਵਾਦੀਆਂ ਨਾਲ ਜੋੜ ਕੇ ਨਫ਼ਰਤ ਦਾ ਸਾਹਮਣਾ ਕਰਨਾ ਪਿਆ। ਪੱਗ ਅਤੇ ਦਾਹੜੀ ਕਾਰਨ ਲੋਕ ਉਨ੍ਹਾਂ ਨੂੰ ਗਲਤ ਸਮਝਦੇ ਹਨ। 2012 ਵਿੱਚ ਵਿਸਕਾਨਸਿਨ ਦੇ ਗੁਰਦੁਆਰੇ ਵਿੱਚ ਹੋਏ ਹਮਲੇ ਵਿੱਚ ਕਈ ਸਿੱਖ ਮਾਰੇ ਗਏ ਸਨ। ਅੱਜ ਵੀ ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਬਿੱਲ ਨਾਲ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਫਾਇਦਾ ਹੋਵੇਗਾ, ਸਗੋਂ ਪੂਰੇ ਅਮਰੀਕਾ ਵਿੱਚ ਨਫ਼ਰਤ ਵਿਰੋਧੀ ਮਾਹੌਲ ਬਣੇਗਾ। ਇਹ ਹੋਰ ਧਾਰਮਿਕ ਘੱਟਗਿਣਤੀਆਂ ਲਈ ਵੀ ਮਿਸਾਲ ਬਣੇਗਾ। ਗੌਟਹਾਈਮਰ ਨੇ ਪਹਿਲਾਂ ਵੀ ਸਿੱਖ ਭਾਈਚਾਰੇ ਲਈ ਕੰਮ ਕੀਤਾ ਹੈ, ਜਿਵੇਂ ਕਿ ਗੁਰਦੁਆਰਿਆਂ ਲਈ ਸੁਰੱਖਿਆ ਫੰਡ ਜੁਟਾਏ ਹਨ।

ਅੰਤ ਵਿੱਚ, ਇਹ ਬਿੱਲ ਅਮਰੀਕਾ ਨੂੰ ਹੋਰ ਨਿਆਂਪੂਰਨ ਅਤੇ ਸਹਿਣਸ਼ੀਲ ਬਣਾਉਣ ਵਿੱਚ ਮਦਦ ਕਰੇਗਾ। ਸਿੱਖ ਭਾਈਚਾਰਾ ਉਮੀਦ ਕਰਦਾ ਹੈ ਕਿ ਇਹ ਜਲਦੀ ਪਾਸ ਹੋ ਜਾਵੇਗਾ ਅਤੇ ਨਫ਼ਰਤ ਦੇ ਵਿਰੁੱਧ ਲੜਾਈ ਵਿੱਚ ਵੱਡੀ ਜਿੱਤ ਹੋਵੇਗੀ।

***

## ਵਿਕਾਸ ਦੀ ਆੜ 'ਚ ਰੁੱਖਾਂ ਅਤੇ ਪਹਾੜਾਂ ਦਾ ਕਤਲੇਆਮ

'ਅਰਾਵਲੀ' ਸ਼ਬਦ ਸੰਸਕ੍ਰਿਤ ਤੋਂ ਆਇਆ ਹੈ। ਇਸ ਵਿੱਚ ਦੋ ਸ਼ਬਦ ਹਨ: 'ਅਰਾ', ਜਿਸ ਦਾ ਅਰਥ ਹੈ ਰਿਜ ਜਾਂ ਅੰਡਾਕਾਰ (ਪਹਾੜ ਦੀ ਧਾਰ ਜਾਂ ਗੋਲਾਕਾਰ ਆਕਾਰ) ਅਤੇ 'ਵਾਲੀ', ਜਿਸ ਦਾ ਅਰਥ ਹੈ ਲਾਈਨ ਜਾਂ ਕਤਾਰ (ਇੱਕ ਲੜੀ ਜਾਂ ਕਤਾਰ)। ਇਸ ਤਰ੍ਹਾਂ, ਅਰਾਵਲੀ ਦਾ ਅਰਥ ਹੈ 'ਪਹਾੜੀਆਂ ਦੀ ਲੜੀ ਜਾਂ ਕਤਾਰ' ਜਾਂ 'ਟੀਕਿਆਂ ਦੀ ਲੜੀ'। ਇਹ ਭਾਰਤ ਦੀ ਸਭ ਤੋਂ ਪੁਰਾਣੀ ਪਹਾੜੀ ਲੜੀ ਹੈ, ਜੋ ਗੁਜਰਾਤ ਤੋਂ ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੱਕ ਫ਼ੈਲੀ ਹੋਈ ਹੈ। ਅਰਾਵਲੀ ਪਰਬਤ ਲੜੀ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਪਹਾੜੀ ਪ੍ਰਣਾਲੀਆਂ ਵਿੱਚੋਂ ਇੱਕ ਹੈ। ਇਹ ਨਾ ਸਿਰਫ਼ ਭੂਗੋਲਿਕ ਤੌਰ 'ਤੇ ਮਹੱਤਵਪੂਰਨ ਹੈ, ਸਗੋਂ ਵਾਤਾਵਰਣ ਅਤੇ ਪਾਣੀ ਦੀ ਸੰਭਾਲ ਲਈ ਵੀ ਮਹੱਤਵਪੂਰਨ ਹੈ। ਅਰਾਵਲੀ ਰੇਂਜ ਮਾਰੂਥਲੀਕਰਨ ਨੂੰ ਰੋਕਦੀ ਹੈ, ਭੂਮੀਗਤ ਪਾਣੀ ਨੂੰ ਰੀਚਾਰਜ ਕਰਦੀ ਹੈ ਅਤੇ ਜੈਵ ਵਿਭਿੰਨਤਾ ਨੂੰ ਬਣਾਈ ਰੱਖਦੀ ਹੈ।

ਅਰਾਵਲੀ ਪਰਬਤ ਲੜੀ ਭਾਰਤ ਦੇ ਚਾਰ ਰਾਜਾਂ ਦਿੱਲੀ, ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਵਿੱਚ ਲਗਭਗ 670 ਕਿਲੋਮੀਟਰ ਤੱਕ ਫ਼ੈਲੀ ਹੋਈ ਹੈ। ਅਰਾਵਲੀ ਪਰਬਤ ਲੜੀ ਲੱਖਾਂ ਸਾਲਾਂ ਤੋਂ 'ਥਾਰ ਮਾਰੂਥਲ' ਨੂੰ ਪੂਰਬ ਵੱਲ ਫ਼ੈਲਣ ਤੋਂ ਰੋਕ ਰਹੀ ਹੈ। ਇਸ ਦੇ ਨਾਲ ਹੀ ਇਸ ਪਰਬਤ ਲੜੀ ਵੱਲੋਂ ਉਪਜਾਊ ਸਿੰਧੂ-ਗੰਗਾ ਦੇ ਮੈਦਾਨਾਂ ਨੂੰ ਮਾਰੂਥਲ ਬਣਨ ਤੋਂ ਰੋਕਣ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਪਰਬਤ ਲੜੀ ਪ੍ਰਸਿੱਧ ਨਦੀਆਂ ਚੰਬਲ, ਸਾਬਰਮਤੀ ਅਤੇ ਲੂਣੀ ਨੂੰ ਵੀ ਜ਼ਿੰਦਗੀ ਦਿੰਦੀ ਹੈ। ਇਹ ਨਦੀਆਂ ਇਸ ਪਰਬਤ ਲੜੀ ਦੇ ਸਹਾਰੇ ਜਿਉਂਦੀਆਂ ਹਨ ਅਤੇ ਲੱਖਾਂ ਜੀਵਾਂ ਦੀਆਂ ਜੀਵਨਦਾਤੀਆਂ ਬਣਦੀਆਂ ਹਨ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਭਾਰਤ ਦੇ ਲੋਕਾਂ ਲਈ ਇਸ ਪਰਬਤ ਲੜੀ ਦਾ ਕਿੰਨਾ ਵੱਡਾ ਮਹੱਤਵ ਹੈ।

ਅਰਾਵਲੀ ਪਹਾੜੀਆਂ ਦੱਖਣ-ਪੱਛਮੀ ਮਾਨਸੂਨ ਹਵਾਵਾਂ ਦੀ ਅਗਵਾਈ ਕਰਨ ਵਿੱਚ ਮਦਦ ਕਰਦੀਆਂ ਹਨ। ਉਨ੍ਹਾਂ ਦੇ ਅਲੋਪ ਹੋਣ ਨਾਲ ਮਾਨਸੂਨ ਦੇ ਪੈਟਰਨ ਬਦਲ ਸਕਦੇ ਹਨ, ਜਿਸ ਨਾਲ ਕਿਤੇ ਹੋਰ ਬਹੁਤ ਜ਼ਿਆਦਾ ਹੜ੍ਹ ਅਤੇ ਗੰਭੀਰ ਸੋਕਾ ਪੈ ਸਕਦਾ ਹੈ। ਇਸ ਪਹਾੜੀ ਲੜੀ ਦਾ ਨੁਕਸਾਨ ਨਾ ਸਿਰਫ਼ ਰਾਜਸਥਾਨ ਅਤੇ ਦਿੱਲੀ ਸਗੋਂ ਪੂਰੇ ਉੱਤਰੀ ਭਾਰਤ ਦੇ ਜਲਵਾਯੂ ਨੂੰ ਤਬਾਹ ਕਰ ਦੇਵੇਗਾ। ਜੇਕਰ ਅੱਜ ਅਰਾਵਲੀ ਪਹਾੜ ਗਾਇਬ ਹੋ ਜਾਂਦੇ ਹਨ, ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਫ਼ ਹਵਾ ਅਤੇ ਪਾਣੀ ਲਈ ਸੰਘਰਸ਼ ਕਰਨਗੀਆਂ।

ਜ਼ਿਕਰਯੋਗ ਹੈ ਕਿ ਸਾਲ 2018 ਵਿੱਚ, ਸੁਪਰੀਮ ਕੋਰਟ ਵੱਲੋਂ ਬਣਾਈ ਗਈ ਇੱਕ ਕਮੇਟੀ ਨੇ ਪਾਇਆ ਕਿ ਗ਼ੈਰ-ਕਾਨੂੰਨੀ ਮਾਈਨਿੰਗ ਕਾਰਨ, ਰਾਜਸਥਾਨ ਦੀਆਂ 128 ਅਰਾਵਲੀ ਪਹਾੜੀਆਂ ਵਿੱਚੋਂ 31 ਗਾਇਬ ਹੋ ਗਈਆਂ ਹਨ ਅਤੇ ਪਹਾੜੀਆਂ ਵਿਚਕਾਰ 10 ਤੋਂ ਵੱਧ ਵੱਡੇ ਖੱਡੇ ਬਣ ਗਏ ਹਨ। ਇਹ ਸਥਿਤੀ ਚਿੰਤਾਜਨਕ ਹੈ। ਜੇ ਭਾਰਤ ਸਰਕਾਰ ਹੁਣ ਅਰਾਵਲੀ ਪਰਬਤ ਮਾਲਾ ਵਿੱਚ ਨਵੀਆਂ ਮਾਈਨਿੰਗ ਲੀਜ਼ਾਂ ਦੇਣ 'ਤੇ ਪੂਰਨ ਪਾਬੰਦੀ ਨਾ ਲਗਾਉਂਦੀ ਤਾਂ ਅਰਾਵਲੀ ਪਹਾੜਾਂ ਦੇ ਵਜੂਦ ਨੂੰ ਹੀ ਖਤਰਾ ਪੈਦਾ ਹੋ ਗਿਆ ਸੀ।

ਉਪਰੋਕਤ ਤਬਸਰੇ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਸਰਕਾਰ ਨੇ ਹੁਣ ਅਰਾਵਲੀ ਪਰਬਤ ਮਾਲਾ ਵਿੱਚ ਨਵੀਆਂ ਮਾਈਨਿੰਗ ਲੀਜ਼ਾਂ ਦੇਣ 'ਤੇ ਪੂਰਨ ਪਾਬੰਦੀ ਲਗਾਉਣ ਦਾ ਜੋ ਫੈਸਲਾ ਕੀਤਾ ਹੈ, ਉਸ ਨੂੰ ਦੇਰ ਆਇਦ ਦਰੁਸਤ ਆਇਦ ਕਿਹਾ ਜਾ ਸਕਦਾ ਹੈ। ਅਸਲ ਵਿੱਚ ਸਰਕਾਰ ਨੂੰ ਇਹ ਫੈਸਲਾ ਬਹੁਤ ਪਹਿਲਾਂ ਕਰ ਲੈਣਾ ਚਾਹੀਦਾ ਸੀ ਤਾਂ ਕਿ ਮਾਈਨਿੰਗ ਕਾਰਨ ਅਰਵਾਲੀ ਪਰਬਤਾਂ ਨੂੰ ਜੋ ਨੁਕਸਾਨ ਹੁਣ ਤੱਕ ਪਹੁੰਚਿਆ ਹੈ, ਉਹ ਨਾ ਪਹੁੰਚਦਾ। ਸ਼ੁਕਰ ਕੀਤਾ ਜਾਣਾ ਚਾਹੀਦਾ ਹੈ ਕਿ ਭਾਰਤ ਸਰਕਾਰ ਨੂੰ ਅਰਾਵਲੀ ਪਰਬਤ ਲੜੀ ਦੀ ਮਹੱਤਤਾ ਦੀ ਸਮਝ ਆ ਗਈ ਹੈ ਅਤੇ ਉਸ ਵੱਲੋਂ ਇਸ ਦੀ ਸੁਰੱਖਿਆ ਲਈ ਹੁਕਮ ਜਾਰੀ ਕਰ ਦਿੱਤੇ ਗਏ ਹਨ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਵੀ ਭਾਰਤ ਸਰਕਾਰ ਆਪਣੇ ਇਸ ਫੈਸਲੇ 'ਤੇ ਡਟੀ ਰਹੇਗੀ।

***

## ਸਿਆਸੀ ਹੰਗਾਮਿਆਂ ਨਾਲ ਭਰਪੂਰ

ਸਾਲ 2025 ਦੌਰਾਨ ਭਾਜਪਾ ਵੀ ਪੰਜਾਬ ਵਿੱਚ ਆਪਣੀਆਂ ਸਰਗਰਮੀਆਂ ਵਧਾਉਂਦੀ ਰਹੀ। ਭਾਜਪਾ ਵੱਲੋਂ ਹਰਿਆਣਾ ਦੀ ਭਾਜਪਾ ਸਰਕਾਰ ਦੇ ਸਹਾਰੇ ਪੰਜਾਬ ਵਿੱਚ ਪੈਰ ਜਮਾਉਣ ਦੇ ਯਤਨ ਕੀਤੇ ਗਏ। ਇਸ ਸਾਲ ਭਾਜਪਾ ਵੱਲੋਂ ਸਿੱਖ ਪੱਤਾ ਵੀ ਖੇਡਿਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਮਾਗਮਾਂ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਮੌਕੇ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਭਾਜਪਾ ਸਰਕਾਰਾਂ ਵੱਲੋਂ ਵਿਸ਼ੇਸ਼ ਸਮਾਗਮ ਕਰਵਾਏ ਗਏ। ਇਸ ਮੌਕੇ ਵੱਖ ਵੱਖ ਰਾਜਾਂ ਦੇ ਭਾਜਪਾ ਮੁੱਖ ਮੰਤਰੀ ਅਤੇ ਹੋਰ ਆਗੂ ਸਿੱਖਾਂ ਵਾਂਗ ਦਸਤਾਰਾਂ ਸਜਾ ਕੇ ਸਮਾਗਮਾਂ ਵਿੱਚ ਸ਼ਾਮਲ ਹੋਏ, ਜਿਹਨਾਂ ਦਾ ਆਮ ਸਿੱਖਾਂ ਦੇ ਵਿੱਚ ਚੰਗਾ ਪ੍ਰਭਾਵ ਪਿਆ। ਅਸਲ ਵਿੱਚ ਇਹ ਸਭ ਕੁਝ ਭਾਜਪਾ ਵੱਲੋਂ ਵਿਸ਼ੇਸ਼ ਰਣਨੀਤੀ ਤਹਿਤ ਕੀਤਾ ਗਿਆ ਤਾਂ ਕਿ ਸਿੱਖਾਂ ਨੂੰ ਵੱਧ ਤੋਂ ਵੱਧ ਭਾਜਪਾ ਨਾਲ ਜੋੜਿਆ ਜਾ ਸਕੇ। ਭਾਜਪਾ ਅਸਲ ਵਿੱਚ ਪੰਜਾਬ ਨੂੰ ਜਿੱਤਣਾ ਚਾਹੁੰਦੀ ਹੈ ਅਤੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣਾ ਚਾਹੁੰਦੀ ਹੈ ਪਰ ਭਾਜਪਾ ਲਈ ਪੰਜਾਬ ਜਿੱਤਣਾ ਏਨਾ ਸੌਖਾ ਨਹੀਂ ਹੈ ਕਿਉਂਕਿ ਅਕਸਰ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਨਤੀਜੇ ਪੂਰੇ ਦੇਸ਼ ਦੇ ਚੋਣ ਨਤੀਜਿਆਂ ਨਾਲੋਂ ਵੱਖਰੇ ਹੁੰਦੇ ਹਨ। ਇਸ ਦੇ ਬਾਵਜੂਦ ਸਾਰਾ ਸਾਲ ਭਾਜਪਾ ਪੰਜਾਬ ਵਿੱਚ ਪੈਰ ਜਮਾਉਣ ਦੇ ਯਤਨ ਕਰਦੀ ਰਹੀ। ਜਿਸ ਵਿੱਚ ਭਾਜਪਾ ਨੂੰ ਸਫਲਤਾ ਵੀ ਮਿਲੀ। ਭਾਜਪਾ ਪਿਛਲੇ ਦਿਨੀਂ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਕਈ ਸੀਟਾਂ ਜਿੱਤ ਗਈ, ਜਿਸ ਕਾਰਨ ਸ਼ਹਿਰਾਂ ਦੀ ਪਾਰਟੀ ਕਹਾਉਂਦੀ ਭਾਜਪਾ ਪਿੰਡਾਂ ਵਿੱਚ ਵੀ ਆਧਾਰ ਵਧਾਉਣ ਵਿੱਚ ਸਫਲ ਹੋ ਗਈ। ਇਸ ਸਾਲ ਭਾਜਪਾ ਦੇ ਅਕਾਲੀ ਦਲ ਨਾਲ ਚੋਣ ਸਮਝੌਤੇ ਦੀ ਗੱਲ ਵੀ ਹੁੰਦੀ ਰਹੀ ਪਰ ਇਹ ਸਮਝੌਤਾ ਸਾਲ ਦੇ ਅੰਤ ਤੱਕ ਵੀ ਨਾ ਹੋ ਸਕਿਆ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਾਲ 2027 ਸਿਆਸੀ ਸਰਗਰਮੀਆਂ ਨਾਲ ਭਰਪੂਰ ਰਿਹਾ। ਇਸ ਸਾਲ ਦੌਰਾਨ ਹਰ ਦਿਨ ਨਿੱਤ ਨਵੀਂਆਂ ਸਿਆਸੀ ਸਰਗਰਮੀਆਂ ਵੇਖਣ ਵਿੱਚ ਆਈਆਂ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦਾ ਉਤਰਾਓ ਚੜ੍ਹਾਓ ਵੀ ਵੇਖਣ ਵਿੱਚ ਆਇਆ।

***

## ਲੇਖਾ-ਜੋਖਾ 2025: ਭਾਰਤ ਤੇ ਪਾਕਿਸਤਾਨ ਵਿਚਕਾਰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੇਂਦਰ ਨੂੰ ਅਪੀਲ ਕੀਤੀ ਸੀ ਕਿ ਯਾਤਰਾ ਨੂੰ ਮਨਜ਼ੂਰੀ ਦਿੱਤੀ ਜਾਵੇ, ਪਰ ਕੇਂਦਰ ਨੇ ਸੁਰੱਖਿਆ ਦਾ ਹਵਾਲਾ ਦੇ ਕੇ ਇਨਕਾਰ ਕਰ ਦਿੱਤਾ। ਸਤੰਬਰ 2025 ਵਿੱਚ ਸਿੱਖ ਆਗੂਆਂ ਨੇ ਨਵੀਂ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ ਸੀ ਤੇ ਬੈਨ ਹਟਾਉਣ ਦੀ ਮੰਗ ਕੀਤੀ ਸੀ। ਅੰਤਰਰਾਸ਼ਟਰੀ ਸਿੱਖ ਸੰਗਠਨਾਂ ਨੇ ਵੀ ਇਸ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਿਹਾ ਸੀ। ਇੱਕ ਰਿਪੋਰਟ ਮੁਤਾਬਕ, ਲਾਂਘਾ ਬੰਦ ਹੋਣ ਨਾਲ ਹਜ਼ਾਰਾਂ ਸਿੱਖ ਯਾਤਰੀ ਪ੍ਰਭਾਵਿਤ ਹੋਏ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗੀ। ਪੰਥਕ ਜਥੇਬੰਦੀਆਂ ਜਿਵੇਂ ਅਕਾਲੀ ਦਲ ਤੇ ਦਲ ਖਾਲਸਾ ਨੇ ਕਿਹਾ ਸੀ ਕਿ ਇਹ ਭਾਰਤ ਦੀ ਸਿੱਖ ਵਿਰੋਧੀ ਨੀਤੀ ਦਾ ਹਿੱਸਾ ਹੈ ਤੇ ਉਹ ਇਸ ਵਿਰੋਧ ਵਿੱਚ ਅੰਤਰਰਾਸ਼ਟਰੀ ਮੰਚਾਂ 'ਤੇ ਜਾਣਗੇ।

**ਵਾਘਾ ਤੇ ਹੁਸੈਨੀ ਵਾਲਾ ਬਾਰਡਰ: ਬੰਦੀ ਦਾ ਜ਼ਿੰਮੇਵਾਰ ਤੇ ਪੰਜਾਬ ਅਰਥ ਵਿਵਸਥਾ 'ਤੇ ਅਸਰ**

ਵਾਘਾ (ਅਟਾਰੀ) ਬਾਰਡਰ ਭਾਰਤ ਤੇ ਪਾਕਿਸਤਾਨ ਵਿਚਕਾਰ ਵਪਾਰ ਦਾ ਮੁੱਖ ਰਸਤਾ ਹੈ। ਪਹਿਲਗਾਮ ਹਮਲੇ ਤੋਂ ਬਾਅਦ 24 ਅਪ੍ਰੈਲ 2025 ਨੂੰ ਪਾਕਿਸਤਾਨ ਨੇ ਇਸ ਨੂੰ ਬੰਦ ਕਰ ਦਿੱਤਾ ਤੇ ਭਾਰਤ ਨੇ ਵੀ ਜਵਾਬ ਵਿੱਚ ਬੰਦ ਕਰ ਦਿੱਤਾ। ਹੁਸੈਨੀ ਵਾਲਾ ਬਾਰਡਰ, ਜੋ 1971 ਵਿੱਚ ਬੰਦ ਹੋਇਆ ਸੀ, ਪਹਿਲਾਂ ਹੀ ਬੰਦ ਹੈ ਤੇ ਇਸ ਸਾਲ ਵੀ ਨਹੀਂ ਖੁੱਲ੍ਹਿਆ। ਨਿਰਪੱਖ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪਸੀ ਟਕਰਾਅ ਦੇ ਜ਼ਿੰਮੇਵਾਰ ਦੋਵੇਂ ਮੁਲਕ ਹਨ। ਮਈ 2025 ਵਿੱਚ ਇਸ ਪਾਬੰਦੀ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਗਿਆ।

ਇਸ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਵੱਡਾ ਝਟਕਾ ਦਿੱਤਾ। ਅਟਾਰੀ ਬਾਰਡਰ ਰਾਹੀਂ ਸਾਲਾਨਾ 3800 ਕਰੋੜ ਰੁਪਏ ਦਾ ਵਪਾਰ ਹੁੰਦਾ ਸੀ, ਜਿਸ ਵਿੱਚ ਖੇਤੀ ਉਤਪਾਦ, ਸੀਮੈਂਟ ਤੇ ਫਲ-ਸਬਜ਼ੀਆਂ ਸ਼ਾਮਲ ਹਨ। ਇਸ ਵਪਾਰ ਬੰਦੀ ਕਾਰਣ ਅਫਗਾਨਿਸਤਾਨ ਨਾਲ ਵਪਾਰ ਵੀ ਰੁਕ ਗਿਆ, ਜਿਸ ਨੇ ਡ੍ਰਾਈ ਫਰੂਟਸ ਤੇ ਹੋਰ ਵਸਤਾਂ ਨੂੰ ਪ੍ਰਭਾਵਿਤ ਕੀਤਾ। ਪੰਜਾਬ ਦੇ ਵਪਾਰੀ ਕਹਿੰਦੇ ਹਨ ਕਿ ਇਸ ਨਾਲ ਅਰਥ ਵਿਵਸਥਾ ਨੂੰ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਇੱਕ ਵਪਾਰੀ ਨੇ ਕਿਹਾ, 'ਵਾਘਾ ਬੰਦ ਹੋਣ ਨਾਲ ਪੰਜਾਬ ਦੀ ਆਰਥਿਕਤਾ ਨੂੰ ਧੱਕਾ ਲੱਗਾ ਹੈ। ਅਸੀਂ ਅਫਗਾਨਿਸਤਾਨ ਨੂੰ ਮਾਲ ਭੇਜ ਨਹੀਂ ਸਕਦੇ ਤੇ ਪਾਕਿਸਤਾਨ ਨਾਲ ਵਪਾਰ ਰੁਕ ਗਿਆ ਹੈ।' ਰਿਪੋਰਟਾਂ ਮੁਤਾਬਕ ਇਸ ਪਾਬੰਦੀ ਨਾਲ ਪੰਜਾਬ ਨੂੰ 1000 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਤੇ ਵਪਾਰੀ ਵਿਕਲਪੀ ਰਸਤੇ ਲੱਭ ਰਹੇ ਹਨ ਜੋ ਮਹਿੰਗੇ ਹਨ। ਹੁਸੈਨੀ ਵਾਲਾ ਬੰਦ ਰਹਿਣ ਨਾਲ ਵੀ ਪੰਜਾਬ ਦੇ ਦੱਖਣੀ ਇਲਾਕੇ ਪ੍ਰਭਾਵਿਤ ਹਨ।

ਪੰਜਾਬ ਸਰਕਾਰ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਬਾਰਡਰ ਖੋਲ੍ਹੇ ਜਾਣ ਪਰ ਸੁਰੱਖਿਆ ਕਾਰਨ ਇਨਕਾਰ ਹੋ ਰਿਹਾ ਹੈ। ਵਪਾਰੀ ਸੰਗਠਨ ਕਹਿੰਦੇ ਹਨ ਕਿ ਇਹ ਰਾਜਨੀਤੀ ਦਾ ਸ਼ਿਕਾਰ ਹੈ ਤੇ ਆਮ ਲੋਕ ਭੁਗਤ ਰਹੇ ਹਨ। ਇੱਕ ਆਰਥਿਕ ਵਿਸ਼ਲੇਸ਼ਕ ਨੇ ਕਿਹਾ, 'ਪੰਜਾਬ ਦੀ ਅਰਥ ਵਿਵਸਥਾ ਖੇਤੀ ਤੇ ਵਪਾਰ ਤੇ ਨਿਰਭਰ ਹੈ। ਬਾਰਡਰ ਬੰਦੀ ਨੇ ਇਸ ਨੂੰ ਕਮਜ਼ੋਰ ਕੀਤਾ ਹੈ ਤੇ ਬੇਰੁਜ਼ਗਾਰੀ ਵਧੀ ਹੈ।'

**ਨਫ਼ਰਤ ਦੀ ਖਾਈ ਡੂੰਘੀ ਹੋਣ ਦੇ ਨਤੀਜੇ ਤੇ ਭਵਿੱਖ**

ਇਸ ਸਾਲ ਦੇ ਘਟਨਾਕ੍ਰਮ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਨਫ਼ਰਤ ਨੂੰ ਹੋਰ ਵਧਾ ਦਿੱਤਾ ਹੈ। ਅਪਰੇਸ਼ਨ ਸੰਧੂਰ ਤੇ ਬੁਨਯਾਨ-ਅਲ-ਮਰਸੂਸ ਨੇ ਫ਼ੌਜੀ ਤਣਾਅ ਵਧਾਇਆ, ਜਦਕਿ ਸਿੰਧੂ ਜਲ ਸੰਧੀ ਨੇ ਆਰਥਿਕ ਜੰਗ ਸ਼ੁਰੂ ਕੀਤੀ। ਕਰਤਾਰਪੁਰ ਲਾਂਘੇ ਦੀ ਪਾਬੰਦੀ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਤੇ ਵਾਘਾ ਬਾਰਡਰ ਬੰਦ ਹੋਣ ਕਾਰਣ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚਿਆ ਹੈ। ਸਿੱਖ ਜਥੇਬੰਦੀਆਂ ਤੇ ਬੁੱਧੀਜੀਵੀ ਸ਼ਾਂਤੀ ਦੀ ਅਪੀਲ ਕਰ ਰਹੇ ਹਨ ਪਰ ਫਿਰਕੂ ਤੇ ਨਫਰਤੀ ਰਾਜਨੀਤੀ ਨੇ ਇਸ ਨੂੰ ਔਖਾ ਬਣਾ ਦਿੱਤਾ ਹੈ। ਪੰਜਾਬੀ ਲੋਕ ਸ਼ਾਂਤੀ ਚਾਹੁੰਦੇ ਹਨ ਤੇ ਉਮੀਦ ਕਰਦੇ ਹਨ ਕਿ 2026 ਵਿੱਚ ਹਾਲਾਤ ਸੁਧਰਨਗੇ।

***

## ਕੀ ਟਰੰਪ ਦੀਆਂ ਨੀਤੀਆਂ ਮੋਦੀ ਲਈ

ਟਰੰਪ ਨੇ ਭਾਰਤ 'ਤੇ 50% ਟੈਰਿਫ ਲਗਾਏ ਅਤੇ ਵੀਜ਼ਾ ਨਿਯਮ ਸਖ਼ਤ ਕੀਤੇ, ਜਿਸ ਨਾਲ ਅਮਰੀਕਾ ਵਿੱਚ ਰਹਿੰਦੇ ਭਾਰਤੀ ਪ੍ਰਭਾਵਿਤ ਹੋਏ। ਇਹਨਾਂ ਟੈਰਿਫਾਂ ਨੇ ਅੰਤਰਰਾਸ਼ਟਰੀ ਨਿਵੇਸ਼ ਨੂੰ ਰੋਕਿਆ ਅਤੇ ਰੁਪਏ ਨੂੰ ਡਿੱਗਣ ਲਈ ਮਜਬੂਰ ਕੀਤਾ। ਘਰੇਲੂ ਰਾਜਨੀਤੀ ਵਿੱਚ ਵੀ ਸਰਕਾਰ ਘਿਰੀ ਰਹੀ – ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਧਾਂਦਲੀ ਦੇ ਇਲਜ਼ਾਮ ਲਗਾਏ ਅਤੇ ਵਿਰੋਧੀ ਪਾਰਟੀਆਂ ਨੇ ਇਹ ਮੁੱਦੇ ਉਠਾਏ। ਅਖਿਲੇਸ਼ ਯਾਦਵ ਨੇ ਰਾਮਪੁਰ ਅਤੇ ਮਿਲਕੀਪੁਰ ਵਿੱਚ ਗੜਬੜੀਆਂ ਦੀ ਮਿਸਾਲ ਦਿੱਤੀ। ਰਾਹੁਲ ਨੇ ਜਰਮਨੀ ਵਿੱਚ ਭਾਰਤੀ ਸੰਸਥਾਵਾਂ 'ਤੇ ਕਬਜ਼ੇ ਦਾ ਮੁੱਦਾ ਉਠਾਇਆ, ਜਿਸ ਨੂੰ ਭਾਜਪਾ ਨੇ ਦੇਸ਼ ਵਿਰੋਧੀ ਕਿਹਾ।

ਘੁਸਪੈਠ ਅਤੇ ਪ੍ਰਦੂਸ਼ਣ ਵਰਗੇ ਮੁੱਦੇ ਵੀ ਸਰਕਾਰ ਲਈ ਮੁਸੀਬਤ ਬਣੇ। ਬਿਹਾਰ ਵਿੱਚ ਵੋਟਰ ਸੂਚੀ ਦੀ ਜਾਂਚ ਹੋਈ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਦਿੱਲੀ ਵਿੱਚ ਪ੍ਰਦੂਸ਼ਣ ਨੇ ਭਾਜਪਾ ਨੂੰ ਨਿਸ਼ਾਨਾ ਬਣਾਇਆ ਅਤੇ ਅਮਰੀਕਾ ਨਾਲ ਵਿਗੜਦੇ ਸੰਬੰਧਾਂ ਨੇ ਮੱਧ ਵਰਗ ਨੂੰ ਪਰੇਸ਼ਾਨ ਕੀਤਾ। ਇਹ ਸਭ ਨੇ ਭਾਜਪਾ ਦੇ ਨੈਰੇਟਿਵ ਨੂੰ ਕਮਜ਼ੋਰ ਕੀਤਾ।

ਅੰਤਰਰਾਸ਼ਟਰੀ ਸੰਬੰਧ ਅਤੇ ਕੂਟਨੀਤਕ ਅਸਫਲਤਾਵਾਂ

ਅੰਤਰਰਾਸ਼ਟਰੀ ਪੱਧਰ 'ਤੇ, ਭਾਰਤ ਨੇ ਬਹੁਤ ਕੁਝ ਗੁਆਇਆ। ਟਰੰਪ ਨੇ ਭਾਰਤ ਨੂੰ ਆਰਥਿਕ ਅਤੇ ਸੈਨਿਕ ਤੌਰ 'ਤੇ ਨੀਵਾਂ ਵਿਖਾਇਆ – ਉਹਨਾਂ ਨੇ ਭਾਰਤ ਅਤੇ ਰੂਸ ਨੂੰ 'ਮਿੱਤਰ ਅਰਥਵਿਵਸਥਾਵਾਂ' ਕਿਹਾ ਅਤੇ ਆਪਰੇਸ਼ਨ ਸਿੰਧੂਰ ਬਾਅਦ ਯੁੱਧ ਵਿਰਾਮ ਨੂੰ ਆਪਣੀ ਜਿੱਤ ਦੱਸਿਆ। ਟਰੰਪ ਨੇ ਕਿਹਾ ਕਿ ਉਹਨਾਂ ਨੇ ਭਾਰਤ ਨੂੰ ਧਮਕੀ ਦੇ ਕੇ ਯੁੱਧ ਰੋਕਿਆ, ਅਤੇ ਭਾਰਤ ਨੇ ਪੰਜ ਜੈੱਟ ਗੁਆ ਲਏ ਸਨ ਪਾਕਿਸਤਾਨ ਨਾਲ ਯੁਧ ਦੌਰਾਨ। ਇਹ ਦਾਅਵੇ ਭਾਰਤ ਦੀ ਮਜਬੂਤੀ ਨੂੰ ਨਿਸ਼ਾਨਾ ਬਣਾਉਂਦੇ ਹਨ।

ਦੱਖਣੀ ਏਸ਼ੀਆ ਵਿੱਚ, ਭੂਟਾਨ ਚੀਨ ਨਾਲ ਨੇੜੇ ਆ ਰਿਹਾ ਹੈ, ਨੇਪਾਲ ਅਤੇ ਬੰਗਲਾਦੇਸ਼ ਵਿੱਚ ਜਨਰੇਸ਼ਨ ਜ਼ੈੱਡ ਦੀ ਸੱਤਾ ਪਲਟ ਨੇ ਚੀਨ ਨੂੰ ਮਜ਼ਬੂਤ ਕੀਤਾ। ਰੂਸ ਚੀਨ 'ਤੇ ਨਿਰਭਰ ਹੈ, ਅਤੇ ਪੁਤਿਨ ਪਾਕਿਸਤਾਨ ਵਿਰੋਧੀ ਸਟੈਂਡ ਨਹੀਂ ਲੈ ਸਕਦੇ। ਬੰਗਲਾਦੇਸ਼ ਅਤੇ ਨੇਪਾਲ ਵਿੱਚ ਬਦਲਾਅ ਨੇ ਭਾਰਤ ਲਈ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹਨ।

ਵਪਾਰਕ ਸੰਬੰਧਾਂ ਵਿੱਚ ਇੱਕ ਪਾਜ਼ੇਟਿਵ ਪਹਿਲੂ ਹੈ – ਕਈ ਦੇਸ਼ਾਂ ਨਾਲ ਫ੍ਰੀ ਟਰੇਡ ਐਗਰੀਮੈਂਟ। ਪਰ ਇਹ ਭਾਰਤ ਨੂੰ ਸਿਰਫ਼ ਇੱਕ ਬਾਜ਼ਾਰ ਵਜੋਂ ਵੇਖਦੇ ਹਨ, ਜਿੱਥੇ 140 ਕਰੋੜ ਲੋਕਾਂ ਨੂੰ ਵੇਚ ਸਕਦੇ ਹਨ। ਭਾਰਤ ਕੋਲ ਵੇਚਣ ਲਈ ਮਜ਼ਦੂਰੀ ਅਤੇ ਸੇਵਾਵਾਂ ਹਨ, ਪਰ ਕੁਆਲਿਟੀ ਵਸਤੂਆਂ ਨਹੀਂ। ਏਆਈ ਵਿਸਫੋਟ ਨੇ ਭਾਰਤ ਨੂੰ ਹੋਰ ਪਿੱਛੇ ਧੱਕ ਦਿੱਤਾ – ਅਮਰੀਕੀ ਕੰਪਨੀਆਂ ਦਾ ਉਪਭੋਗਤਾ ਬਣ ਗਿਆ, ਪਰ ਵਿਕਾਸ ਨਹੀਂ ਕੀਤਾ। ਇਹ ਭਾਰਤ ਦੀ ਆਈਟੀ ਪਛਾਣ ਨੂੰ ਖਤਮ ਕਰ ਰਿਹਾ ਹੈ।

ਵਿਸ਼ਵ ਰਾਜਨੀਤੀ ਵਿੱਚ, ਭਾਰਤ ਅਮਰੀਕੀ ਐਟਮੀ ਕਰਾਰ ਬਾਅਦ ਵੱਡਾ ਪ੍ਰਭਾਵ ਗੁਆ ਰਿਹਾ ਹੈ। ਹੁਣ ਇਹ ਸਿਰਫ਼ ਬਾਜ਼ਾਰ ਵਜੋਂ ਵੇਖਿਆ ਜਾਂਦਾ ਹੈ, ਨਾ ਕਿ ਵਿਚਾਰਕ ਤਾਕਤ ਵਜੋਂ ?

2025 ਨੇ ਭਾਰਤ ਨੂੰ ਇੱਕ ਦਰਪਣ ਵਿਖਾਇਆ – ਉਸ ਵਿੱਚ ਪ੍ਰਾਪਤੀਆਂ ਵੀ ਝਲਕੀਆਂ ਅਤੇ ਕਮਜ਼ੋਰੀਆਂ ਵੀ। ਭਾਰਤ ਨੇ ਕੋਈ ਯੁੱਧ ਨਹੀਂ ਹਾਰਿਆ, ਕੋਈ ਚੋਣ ਨਹੀਂ ਹਾਰੀ, ਪਰ ਜੋ ਗੁਆਇਆ ਉਹ ਵਿਵੇਕ ਸੀ। ਇਹ ਸਾਲ ਜਵਾਬਾਂ ਨਾਲ ਬੰਦ ਨਹੀਂ ਹੁੰਦਾ, ਬਲਕਿ ਚਿਤਾਵਨੀ ਨਾਲ। ਲੋਕਤੰਤਰ ਚੋਣਾਂ ਨਾਲ ਨਹੀਂ ਟਿਕਦਾ, ਬਲਕਿ ਵਿਵੇਕ ਦੇ ਸਪਸ਼ਟ ਨੀਤੀਆਂ ਨਾਲ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

ਪਾਠਕਾਂ ਲਈ ਵਿਸ਼ੇਸ਼ ਸੂਚਨਾ
ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ
www.amritsartimes.live
ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਜ਼ਮਾਨੇ ਦੇ ਬਦਲੇ ਰੰਗ

ਘੰਟਾ, ਫਿਰ ਦੋ ਘੰਟੇ ਬੀਤ ਗਏ ਪਰ ਭਜਨਾ ਬੰਦ ਕਮਰੇ 'ਚੋਂ ਬਾਹਰ ਨਾ ਆਇਆ। ਦਿਨ ਢਲ ਰਿਹਾ ਸੀ ਤੇ ਮੈਨੂੰ ਬੱਸ ਨਾ ਮਿਲਣ ਦਾ ਡਰ ਸਤਾਉਣ ਲੱਗਾ। ਮੈਂ ਹੋਰ ਇੰਤਜ਼ਾਰ ਕਰਨੀ ਠੀਕ ਨਾ ਸਮਝੀ ਤੇ ਅਖੀਰ ਬਿਨਾਂ ਮਿਲਿਆਂ ਹੀ ਤੁਰ ਪਿਆ। ਵਿਆਹ ਵਿੱਚ ਭਜਨੇ ਵੱਲੋਂ ਕੀਤੀ ਅਣਦੇਖੀ ਨੇ ਮੈਨੂੰ ਬਹੁਤ ਉਦਾਸ ਕੀਤਾ। ਮੈਂ ਮਸੋਸਿਆ ਜਿਹਾ ਘਰ ਪਹੁੰਚਿਆ।

ਤੀਜੇ ਦਿਨ ਸਵੇਰੇ-ਸਵੇਰੇ ਭਜਨੇ ਦਾ ਟੈਲੀਫੋਨ ਆਇਆ। ਉਹ ਉੱਚੀ ਆਵਾਜ਼ ਵਿੱਚ ਬੋਲ ਰਿਹਾ ਸੀ, "ਓ ਕਿਦਾਂ ਛੋਟੇ ਭਾਈ ਠੀਕ ਐਂ, ਓ ਯਾਰ ਚੰਗਾ ਬੰਦਾ ਐਂ ਤੂੰ। ਓਦਣ ਮੈਨੂੰ ਬਿਨਾਂ ਦੱਸੇ ਹੀ ਆ ਗਿਆ। ਮੈਂ ਤੈਨੂੰ ਐੱਮ ਐੱਲ ਏ ਸਾਹਬ ਨੂੰ ਮਿਲਾਉਣਾ ਤੀ, ਕੋਈ ਗੱਲ-ਬਾਤ ਕਰਦੇ 'ਕੱਠੇ ਬਹਿ ਕੇ। ਪਤਾ ਨ੍ਹੀਂ ਤੂੰ ਕੁਸ਼ ਖਾਧਾ-ਪੀਤਾ ਵੀ ਕਿ ਨ੍ਹੀਂ। ਹੋਰ ਵਿਆਹ ਕਿੱਦਾਂ ਦਾ ਲੱਗਿਆ ? ਐਧਰ ਸਾਰੇ ਇਲਾਕੇ 'ਚ ਤਾਂ ਬੱਲੇ ਬੱਲੇ ਹੋਈ ਪਈ ਐ। ਪਰ ਕਈ ਸ਼ਰੀਕ ਤਾਂ ਭੁੱਜ ਕੇ ਕੋਲਾ ਹੋਏ ਪਏ ਨੇ।" ਗੱਲ ਮੁਕਾਉਣ ਲਈ ਮੈਂ ਰਸਮੀਂ ਤੌਰ 'ਤੇ ਕਿਹਾ, "ਬਹੁਤ ਵਧੀਆ ਹੋ ਗਿਆ ਵਿਆਹ, ਮੇਰੇ ਵੱਲੋਂ ਵਧਾਈਆਂ।" ਕਹਿ ਕੇ ਮੈਂ ਫੋਨ ਕੱਟ ਦਿੱਤਾ। ਦੋ ਕੁ ਮਿੰਟਾਂ ਬਾਅਦ ਫ਼ਿਰ ਘੰਟੀ ਖੜਕੀ। ਭਜਨਾ ਕਹਿ ਰਿਹਾ ਸੀ,"ਹਾਂ, ਜ਼ਰੂਰੀ ਗੱਲ ਤਾਂ ਰਹਿ ਹੀ ਗਈ ਸੀ ਕਰਨੇ ਆਲੀ। ਤੂੰ ਸੋਮਵਾਰ ਨੂੰ ਆ ਜਾਈਂ ਪਿੰਡ, ਆਪਾਂ ਸ਼ਹਿਰ ਚੱਲਾਂਗੇ, ਉਥੇ ਕਿਸੇ ਵਧੀਆ ਜਿਹੇ ਹੋਟਲ 'ਚ ਮੈਂ ਤੈਨੂੰ ਪਾਰਟੀ ਕਰਨੀ ਐ ਵਿਆਹ ਦੀ। ਓਦਣ ਕਸਰ ਰਹਿ ਗਈ ਤੀ ਤੇਰੀ ਸੇਵਾ 'ਚ। ਨਾਲੇ ਇੱਕ ਛੋਟਾ ਜਿਹਾ ਕੰਮ ਐ ਕਚਿਹਰੀ 'ਚ। ਵਿਆਹ ਰਜਿਸਟਰ ਕਰਾਉਣੈ, ਤੇਰੀ ਗਵਾਹੀ ਪੁਆਉਣੀ ਐ ਕਾਗਜ਼ਾਂ 'ਤੇ।" ਮੈਂ ਗੁੱਸੇ 'ਚ ਕਿਹਾ, "ਓਹ ਤੇਰਾ ਐੱਮ ਐੱਲ ਏ ਕਿੱਥੇ ਕੰਮ ਆਊਗਾ ਫਿਰ ?" "ਓ ਨ੍ਹੀਂ ਬੀਰਾ, ਜਿੱਥੇ ਭਰਾ ਦੀ ਲੋੜ ਐ, ਉਥੇ ਹੋਰ ਨ੍ਹੀਂ ਕੋਈ ਖੜ੍ਹ ਸਕਦਾ। ਨਾਲੇ ਇਨ੍ਹਾਂ ਬੜੇ ਲੋਕਾਂ ਤੋਂ ਤਾਂ ਬੜੇ ਕੰਮ ਈ ਲਈਦੇ ਐ। ਭਰਾ-ਭਰਾ ਹੀ ਹੁੰਦੈ। ਤੂੰ ਆਜੀਂ ਸਵੱਖਤੇ, ਮੈਂ ਇੰਤਜ਼ਾਰ ਕਰੂੰਗਾ ਸੋਮਵਾਰ ਨੂੰ, ਨਾਲੇ...।" ਮੈਂ ਫ਼ੋਨ ਬਿਨਾਂ ਕੱਟਿਆਂ ਹੀ ਬਾਹਰ ਆ ਕੇ ਬਹਿ ਗਿਆ। ਭਜਨੇ ਦੇ ਬੋਲਣ ਦੀ ਧੀਮੀ-ਧੀਮੀ ਆਵਾਜ਼ ਮੈਨੂੰ ਲਗਾਤਾਰ ਸੁਣਦੀ ਰਹੀ।

***

## ਭਾਈਆਂ ਬਾਝ ਬੇਲੀ ਕੋਈ

ਪਿੰਡ ਵੱਸੇ। ਸਿਰ ਜੁੜੇ। ਭਰਾ, ਭਰਾਵਾਂ ਦੀਆਂ ਬਾਹਵਾਂ ਬਣੇ। ਪਿੰਡਾਂ ਵਿਚਲੇ ਸਾਂਝੇ ਭਰਾਵਾਂ ਨੇ ਖੇਤ, ਖਲਿਆਣ ਸੰਭਾਲਣ ਦਾ ਜ਼ਿੰਮਾ ਚੁੱਕਿਆ। ਦੂਜੇ ਭਰਾ ਕਿਸਾਨੀ ਰਣਭੂਮੀ 'ਤੇ ਬੈਠੇ ਤਾਨਾਸ਼ਾਹਾਂ ਨੂੰ ਲਲਕਾਰਦੇ ਰਹੇ ਤੇ ਤੀਜੇ ਭਰਾ ਸਰਹੱਦਾਂ 'ਤੇ ਡਟੇ ਵਤਨ ਦੀ ਰਾਖੀ ਲਈ ਜਾਨਾਂ ਨਿਛਾਵਰ ਕਰਨ ਦਾ ਅਹਿਦ ਲੈ ਕੇ ਬੈਠੇ। ਇਸ ਭਾਈਵਾਦ ਦੇ ਸੰਕਲਪ ਨੇ ਹੀ 'ਖ਼ਾਲਿਸਤਾਨੀ', 'ਦੇਸ਼ ਧ੍ਰੋਹੀ', 'ਸ਼ਹਿਰੀ ਨਕਸਲੀ', 'ਅੰਦੋਲਨਜੀਵੀ' ਦੇ ਲਕਬਾਂ ਨੂੰ ਖੁੰਢਾ ਕੀਤਾ ਸੀ। ਇਸ ਵਿਚਾਰ ਸ਼ੈਲੀ ਨੇ ਹੁਕਮਰਾਨਾਂ ਦੀ ਨੀਂਦ ਉਡਾਈ ਰੱਖੀ। ਨਵਾਂ ਇਤਿਹਾਸ ਸਿਰਜਿਆ ਗਿਆ, ਜਿੱਥੇ ਵੱਖਰੇ ਖਿੱਤਿਆਂ, ਵੱਖਰੇ ਮਜ਼੍ਹਬਾਂ, ਵੱਖਰੇ ਰੰਗਾਂ, ਵੱਖਰੀਆਂ ਬੋਲੀਆਂ ਹੋਣ ਦੇ ਬਾਵਜੂਦ ਸਾਰੇ ਇੱਕੋ ਮਾਲ਼ਾ ਦੇ ਮਣਕੇ ਬਣ ਕੇ ਹਕੂਮਤਾਂ ਨੂੰ ਵੰਗਾਰਦੇ ਰਹੇ। ਸਰਕਾਰੀ ਤੰਤਰ ਨੂੰ ਅਹਿਸਾਸ ਕਰਾ ਕੇ ਹਟੇ ਕਿ ਸੀਸ ਝੁਕਾਉਣ ਵਾਲੇ ਸਮੇਂ ਲੱਦ ਚੁੱਕੇ ਨੇ। ਹਾਕਮਾਂ ਨੂੰ ਵੰਗਾਰਨ ਲਈ ਇੱਕ ਉਂਗਲ ਹੀ ਕਾਫ਼ੀ ਹੁੰਦੀ ਹੈ, ਪਰ ਇੱਥੇ ਤਾਂ ਪੰਜੇ ਉਂਗਲਾਂ ਦਾ ਮੁੱਕਾ ਤਣਿਆ ਹੋਇਆ ਸੀ। ਭਰਾਵਾਂ ਦਾ ਏਕਾ ਨਵੇਂ ਸੂਰਜ ਦੇ ਚੜ੍ਹਨ ਦਾ ਜਜ਼ਬਾ ਰੱਖਦੈ;

ਭਾਈਆਂ ਬਾਝ ਨਾ ਮਜਲਿਸਾਂ ਸੋਂਹਦੀਆਂ ਨੇ
ਅਤੇ ਭਾਈਆਂ ਬਾਝ ਬਹਾਰ ਨਾਹੀਂ।
ਭਾਈ ਮਰਨ ਤੇ ਪੈਂਦੀਆਂ ਭਜ ਬਾਹਾਂ
ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।
ਲੱਖ ਓਟ ਹੈ ਕੋਲ ਵਸੇਂਦਿਆਂ ਦੀ
ਭਾਈਆਂ ਗਿਆਂ ਜੇਡੀ ਕੋਈ ਹਾਰ ਨਾਹੀਂ।

***

## ਕਹਾਣੀ, ਕਾਰੋਬਾਰ ਅਤੇ ਕਲਾਤਮਕਤਾ ਨਾਲ ਭਰਪੂਰ ਰਿਹਾ

ਕੁਲ ਮਿਲਾ ਕੇ, ਇਹ ਚੰਗੀ ਫ਼ਿਲਮ ਸੀ ਜੋ ਦਰਸ਼ਕਾਂ ਨੂੰ ਪਹਿਲੀ ਫ਼ਿਲਮ ਵਾਂਗ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਰਹੀ।

'ਨਿੱਕਾ ਜ਼ੈਲਦਾਰ 4' ਪਹਿਲੀਆਂ ਤਿੰਨ ਫ਼ਿਲਮਾਂ ਤੋਂ ਬਹੁਤ ਵੱਖਰੇ ਵਿਸ਼ੇ ਦੀ ਸੀ ਜਿਸ ਵਿੱਚ ਸੋਨਮ ਬਾਜਵਾ ਨੂੰ ਇੱਕ ਸ਼ਰਾਬਣ ਦੇ ਤੌਰ 'ਤੇ ਪੇਸ਼ ਕਰਕੇ ਸਮਾਜ ਵਿਰੋਧੀ ਟਿੱਪਣੀ ਦਾ ਸ਼ਿਕਾਰ ਹੋਣਾ ਪਿਆ। ਇਹ ਫ਼ਿਲਮ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ ਨਾਲ ਅਜਿਹਾ ਕੁਝ ਵੀ ਪਰੋਸਦੀ ਨਜ਼ਰ ਆਈ ਜਿਸ ਨੂੰ ਸਾਡਾ ਸਮਾਜ ਮਾਨਤਾ ਨਹੀਂ ਦਿੰਦਾ। ਫ਼ਿਲਮ ਵੇਖਦਿਆਂ ਇਉਂ ਲੱਗ ਰਿਹਾ ਸੀ ਜਿਵੇਂ 'ਨਿੱਕਾ ਜ਼ੈਲਦਾਰ' ਲੜੀ ਨੂੰ ਅੱਗੇ ਤੋਰਨ ਲਈ ਹੁਣ ਇਸ ਟੀਮ ਕੋਲ ਕੋਈ ਵਧੀਆ ਕਹਾਣੀ ਨਹੀਂ ਰਹੀ।

ਪੁਰਾਣੇ ਵਿਆਹ ਸੱਭਿਆਚਾਰ ਦੀ ਪੇਸ਼ਕਾਰੀ ਕਰਦੀ ਗਿੱਪੀ ਗਰੇਵਾਲ ਅਤੇ ਐਮੀ ਵਿਰਕ ਦੀ ਜੋੜੀ ਵਾਲੀ ਫ਼ਿਲਮ 'ਸਰਵਾਲਾ ਜੀ' ਪੁਰਾਤਨ ਰੀਤੀ ਰਿਵਾਜਾਂ ਨਾਲ ਜੁੜੀ ਮਨੋਰੰਜਨ ਭਰਪੂਰ ਫ਼ਿਲਮ ਸੀ। 'ਅੰਗਰੇਜ਼' ਫ਼ਿਲਮ ਵਰਗਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰਦੀ ਇਸ ਫ਼ਿਲਮ ਦੀ ਕਹਾਣੀ ਇੰਦਰਜੀਤ ਮੋਗਾ ਨੇ ਲਿਖੀ ਜਿਸ ਨੂੰ ਮਨਦੀਪ ਕੁਮਾਰ ਨੇ ਡਾਇਰੈਕਟ ਕੀਤਾ। ਇਹ ਫ਼ਿਲਮ ਚੰਗਾ ਮਨੋਰੰਜਨ ਕਰਨ ਦੇ ਕਾਬਿਲ ਸੀ।

ਗਾਇਕ ਤੋਂ ਅਦਾਕਾਰ ਬਣੇ ਨਿਰਵੈਰ ਪੰਨੂ ਦੀ ਪਲੇਠੀ ਫ਼ਿਲਮ 'ਸੂਹੇ ਵੇ ਚੀਰੇ ਵਾਲਿਆ' ਨੂੰ ਬੀਰ ਸਿੰਘ ਨੇ ਲਿਖਿਆ ਅਤੇ ਜਨਜੋਤ ਸਿੰਘ ਨੇ ਡਾਇਰੈਕਟ ਕੀਤਾ। ਇਸ ਫ਼ਿਲਮ ਦੀ ਕਹਾਣੀ ਸਰਹੱਦੀ ਇਲਾਕੇ ਦੀ ਹੈ ਜਿੱਥੇ ਚੜ੍ਹਦੇ-ਲਹਿੰਦੇ ਪੰਜਾਬ 'ਚ ਧੜਕਦੇ ਦੋ ਜਵਾਨ ਦਿਲ ਰੇਡੀਓ ਦੀਆਂ ਤਰੰਗਾਂ ਰਾਹੀਂ ਇੱਕ ਦੂਜੇ ਦੇ ਹੋ ਜਾਂਦੇ ਹਨ। ਇਹ ਵਧੀਆ ਰੁਮਾਂਟਿਕ ਡਰਾਮਾ ਹੈ। ਵਿਸ਼ੇ ਅਤੇ ਤਕਨੀਕ ਪੱਖੋਂ ਇਹ ਫ਼ਿਲਮ ਚੰਗੀ ਰਹੀ ਅਤੇ ਦਰਸ਼ਕਾਂ ਦਾ ਰਲਿਆ ਮਿਲਿਆ ਹੁੰਗਾਰਾ ਮਿਲਿਆ।

ਮਾਂ-ਬਾਪ ਦੇ ਆਪਣੇ ਬੱਚਿਆਂ ਪ੍ਰਤੀ ਪਿਆਰ, ਵਿਸ਼ਵਾਸ ਅਤੇ ਚੰਗੇ ਭਵਿੱਖ ਲਈ ਸੰਘਰਸ਼ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕਰਦੀ ਫ਼ਿਲਮ 'ਰਾਵੀ ਦੇ ਕੰਢੇ' ਆਮ ਫ਼ਿਲਮਾਂ ਤੋਂ ਹਟ ਕੇ, ਦਿਲਾਂ ਨੂੰ ਛੂਹ ਲੈਣ ਵਾਲੀ ਕਹਾਣੀ ਸੀ। ਹੈਰੀ ਭੱਟੀ ਦੇ ਨਿਰਦੇਸ਼ਨ 'ਚ ਬਣੀ ਇਸ ਫ਼ਿਲਮ 'ਚ ਹਿੰਦੀ ਸਿਨੇਮਾ ਦਾ ਅਦਾਕਾਰ ਪੰਕਜ ਕਪੂਰ ਮੁੱਖ ਕਿਰਦਾਰ 'ਚ ਨਜ਼ਰ ਆਇਆ। ਇਹ ਇੱਕ ਚੰਗੀ ਫ਼ਿਲਮ ਸੀ, ਪਰ ਬਹੁਤੇ ਦਰਸ਼ਕ ਨਾ ਮਿਲ ਸਕੇ।

ਜੱਸ ਗਰੇਵਾਲ ਦੀ ਲਿਖੀ ਅਤੇ ਡਾਇਰੈਕਟ ਕੀਤੀ ਫ਼ਿਲਮ 'ਰੌਣਕ' ਪਰਿਵਾਰਕ ਉਲਝਣਾਂ ਵਿੱਚ ਘਿਰੀ ਜ਼ਿੰਦਗੀ ਨਾਲ ਜੂਝਦੇ ਲੋਕਾਂ ਦੀ ਕਹਾਣੀ ਸੀ ਜੋ ਬਹੁਤ ਭਾਵੁਕ ਅਤੇ ਦਿਲਾਂ ਨੂੰ ਛੂਹ ਲੈਣ ਵਾਲੀ ਸੀ। ਇਹ ਪਰਿਵਾਰਕ ਵਿਸ਼ੇ ਦੀ ਚੰਗੀ ਫ਼ਿਲਮ ਸੀ, ਪਰ ਇਹ ਚਰਚਾ ਵਿੱਚ ਨਾ ਆ ਸਕੀ।

ਪੰਜਾਬੀ ਜ਼ੁਬਾਨ ਦੇ ਠੇਠ ਪੇਂਡੂ ਸ਼ਬਦ 'ਫ਼ਫ਼ੇ ਕੁੱਟਣੀਆਂ' ਨੂੰ ਟਾਈਟਲ ਬਣਾ ਕੇ ਬਣਾਈ ਗਈ ਇਹ ਫ਼ਿਲਮ ਅਜੋਕੇ ਸਮੇਂ 'ਚ ਭੋਲੇ ਭਾਲੇ ਲੋਕਾਂ ਨਾਲ ਹੁੰਦੇ ਧੋਖੇ ਦੀਆਂ ਵੱਖ-ਵੱਖ ਕਹਾਣੀਆਂ ਨੂੰ ਸਾਂਝਾ ਕਰਦੀ ਹੋਈ ਦੋ ਚਲਾਕ ਤੇਜ਼-ਤਰਾਰ ਔਰਤਾਂ ਦੀ ਜੁੰਡਲੀ ਦੀ ਕਹਾਣੀ ਹੈ। ਕਹਾਣੀ ਦਿਲਚਸਪ ਤੇ ਮਨੋਰੰਜਨ ਭਰਪੂਰ ਹੋਣ ਕਰਕੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਦੇ ਸਮਰੱਥ ਹੈ। ਇਸ ਫ਼ਿਲਮ ਨੇ ਵੀ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ।

ਦਾਦੀ-ਪੋਤੇ ਦੇ ਪਿਆਰ ਦੀ ਕਹਾਣੀ ਦਰਸਾਉਂਦੀ 'ਮੇਰੀ ਪਿਆਰੀ ਦਾਦੀ' ਫ਼ਿਲਮ ਪਰਿਵਾਰਕ ਰਿਸ਼ਤਿਆਂ ਦਾ ਪਿਆਰ, ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦਿੰਦੀ ਹੈ। ਇਹ ਇੱਕ ਚੰਗੀ ਫ਼ਿਲਮ ਸੀ। ਜਿਸ ਨੇ ਵੀ ਇਹ ਵੇਖੀ, ਉਸ ਨੇ ਪਸੰਦ ਕੀਤੀ।

***

## 'ਜੀ ਰਾਮ ਜੀ ਅਤੇ ਮਨਰੇਗਾ' ਦੀ

ਇਸ ਸਕੀਮ ਦਾ ਪੂਰਾ ਲਾਭ ਨਾ ਲੈ ਸਕਣ ਦਾ ਹੋਰ ਕਾਰਨ ਇਹ ਸੀ ਕਿ ਇਸ ਦੇ ਕੰਮ ਪਿੰਡ ਦੇ ਅਕਾਰ ਨਾਲ ਘੱਟ ਸਨ। ਇਸ ਵਿੱਚ ਲਾਇਬਰੇਰੀ, ਸਕੂਲ, ਸਾਂਝੀ ਇਮਾਰਤ ਬਣਾਉਣੀ, ਗਲੀਆਂ ਦੀ ਸਫ਼ਾਈ, ਨਵੀਂਆਂ ਨਾਲੀਆਂ ਬਣਾਉਣੀਆਂ ਆਦਿ ਦੇ ਕੰਮ ਆਉਂਦੇ ਸਨ ਜੋ ਪਿੰਡ ਦੇ ਹਿਸਾਬ ਨਾਲ ਜ਼ਿਆਦਾ ਚਿਰ ਤਕ ਨਹੀਂ ਸਨ ਚਲ ਸਕਦੇ। ਇਸ ਪੈਸੇ ਨੂੰ ਉਤਪਾਦਕ ਕੰਮਾਂ 'ਤੇ ਹੀ ਲਾਉਣਾ ਚਾਹੀਦਾ ਹੈ ਪਰ ਜਦੋਂ ਕੋਈ ਕੰਮ ਨਾ ਹੋਵੇ ਤਾਂ ਇਸ ਸਕੀਮ ਨੂੰ ਕਿਸ ਕੰਮ ਲਈ ਵਰਤਿਆ ਜਾਵੇ ਇਸ ਦੀ ਮੁਸ਼ਕਿਲ ਆ ਜਾਂਦੀ ਹੈ। ਇਨ੍ਹਾਂ ਲਈ ਨਵੇਂ ਕੰਮਾਂ ਦੀ ਜਿਹੜੇ ਉਤਪਾਦਕ ਹੋਣ ਉਸ ਦੀ ਪਹਿਚਾਣ ਕਰਨੀ ਵੀ ਉਨ੍ਹੀਂ ਹੀ ਜ਼ਰੂਰੀ ਹੈ। ਪੰਜਾਬ ਦੇ ਹਰ ਪਿੰਡ ਦੀ ਇੱਕ ਨਵੀਂ ਉਭਰਦੀ ਸਮੱਸਿਆ ਇਹ ਹੈ ਕਿ ਜਦੋਂ ਤੋਂ ਪਿੰਡਾਂ ਦੇ ਛੱਪੜ ਪੂਰ ਦਿੱਤੇ ਗਏ ਹਨ ਉਦੋਂ ਤੋਂ ਗਲੀਆਂ ਵਿੱਚ ਪਾਣੀ ਫਿਰਦਾ ਹੈ, ਜਿਹੜਾ ਪਿੰਡਾਂ ਦੀ ਵੱਡੀ ਸਮੱਸਿਆ ਬਣਿਆ ਹੋਇਆ ਹੈ। ਕਈ ਵਾਰ ਇਹ ਸੁਝਾਅ ਦਿੱਤੇ ਗਏ ਸਨ ਕਿ ਹੁਣ ਸ਼ਹਿਰਾਂ ਵਾਂਗ ਹੀ ਪਿੰਡਾਂ ਵਿੱਚ ਵੀ ਸੀਵਰੇਜ਼ ਬਣਾ ਕੇ ਇੱਕ ਪਿੰਡ ਦੇ ਸੀਵਰੇਜ਼ ਨੂੰ ਦੂਜੇ ਪਿੰਡ ਦੇ ਸੀਵਰੇਜ਼ ਨਾਲ ਜੋੜ ਕੇ ਵੱਡੇ ਪੱਧਰ 'ਤੇ ਇਸ ਦਾ ਹੱਲ ਹੋਣਾ ਚਾਹੀਦਾ ਹੈ। ਇਸ ਦਾ ਦੂਸਰਾ ਵਿਕਲਪ ਫਿਰ ਛੱਪੜਾਂ ਦੀ ਖੁਦਾਈ ਹੈ ਜਿਸ ਤਰ੍ਹਾਂ ਕੁਝ ਪਿੰਡਾਂ ਵਿੱਚ ਕੀਤਾ ਵੀ ਗਿਆ ਹੈ ਅਤੇ ਇਕੱਠੇ ਕੀਤੇ ਪਾਣੀ ਨੂੰ ਉਪਯੋਗੀ ਵੀ ਬਣਾਇਆ ਗਿਆ ਹੈ। ਅੱਜ ਕੱਲ੍ਹ ਘਰਾਂ ਵਿੱਚ ਲੱਗੀਆਂ ਮੋਟਰਾਂ ਨਾਲ ਪਾਣੀ ਪਹਿਲਾਂ ਤੋਂ ਕਿਤੇ ਜ਼ਿਆਦਾ ਕੱਢਿਆ ਜਾਂਦਾ ਹੈ ਅਤੇ ਉਸ ਦਾ ਨਿਕਾਸ ਦਾ ਕੋਈ ਸਾਧਨ ਨਹੀਂ। ਇਹ ਤਾਂ ਇੱਕ ਉਦਾਹਰਣ ਹੈ ਇਸ ਤਰ੍ਹਾਂ ਦੇ ਹੋਰ ਉਹ ਕੰਮ ਜਿਹੜੇ ਉਪਯੋਗੀ ਹੋਣ ਉਹਨਾਂ ਨੂੰ ਇਨ੍ਹਾਂ ਸਕੀਮਾਂ ਨਾਲ ਅਪਣਾ ਲਿਆ ਜਾਣਾ ਚਾਹੀਦਾ ਹੈ। ਇਸ ਸਕੀਮ ਦਾ ਲਾਏ ਕਿਰਤੀਆਂ ਨੂੰ ਸਹਿਕਾਰੀ ਕਾਰੋਬਾਰਾਂ ਅਤੇ ਠੇਕੇਦਾਰ ਨਾਲ ਕਿਰਤੀਆਂ ਦੇ ਤੌਰ 'ਤੇ ਜੋੜਨ ਲਈ ਵੱਡੇ ਰੁਜ਼ਗਾਰ ਮੌਕੇ ਖੋਜਣ ਸਬੰਧੀ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਜੇ ਕੇਂਦਰ ਜਾਂ ਪ੍ਰਾਂਤਾਂ ਦੀਆਂ ਸਰਕਾਰਾਂ ਉਦਯੋਗਿਕ ਕਿਤੇ ਚਾਲੂ ਨਹੀਂ ਕਰ ਸਕਦੀਆਂ ਤਾਂ ਉਹਨਾਂ ਦੀ ਜਗਾਂਹ ਇਨ੍ਹਾਂ ਸਕੀਮਾਂ ਅਧੀਨ ਕੰਮ ਪੈਦਾ ਕਰਨ ਦਾ ਲਾਭ ਉਠਾਉਣਾ ਸਮਾਜ ਦੇ ਹਿੱਤ ਦੀ ਗੱਲ ਹੈ ਕਿਉਂ ਜੋ ਅੱਜ ਨਾ ਕੀਤੀ ਕਿਰਤ ਕੱਲ੍ਹ ਸਟੋਰ ਨਹੀਂ ਕੀਤੀ ਜਾਂਦੀ ਅਤੇ ਕਿਰਤ ਨੂੰ ਜਾਇਆ ਨਹੀਂ ਜਾਣ ਦੇਣਾ ਚਾਹੀਦਾ।

ਜੀ ਰਾਮ ਜੀ ਜਾਂ ਮਨਰੇਗਾ ਰੁਜ਼ਗਾਰ ਦਾ ਪੱਕਾ ਹੱਲ ਨਹੀਂ। ਸਮਾਜਿਕ ਸੁਰੱਖਿਆ ਦੇ ਅਧੀਨ ਹਰ ਇੱਕ ਲਈ 100 ਦਿਨ ਦਾ ਨਹੀਂ 300 ਦਿਨ ਦਾ ਕੰਮ ਅਤੇ ਦਿਨ ਵਿੱਚ ਅੱਠ ਘੰਟਿਆਂ ਦਾ ਕੰਮ ਜੋ ਪੂਰਨ ਰੁਜ਼ਗਾਰ ਹੈ ਉਸ ਤੋਂ ਬਗੈਰ ਸਮਾਜ ਵਿੱਚ ਖੁਸ਼ਹਾਲੀ ਨਹੀਂ ਆ ਸਕਦੀ। ਉਹ ਉਦਯੋਗੀਕਰਨ ਤੋਂ ਬਗੈਰ ਪੈਦਾ ਨਹੀਂ ਹੋ ਸਕਦਾ। ਖੇਤੀ ਵਿੱਚ ਕਿਰਤ ਦੇ ਸੀਮਤ ਮੌਕੇ ਹਨ, ਪਰ ਵਿਕਸਤ ਭਾਰਤ 2047 ਦੇ ਮਿਸ਼ਨ ਵੱਲ ਵਧਦਿਆਂ ਇਹ ਸਕੀਮ ਖੁਸ਼ਹਾਲੀ ਪੈਦਾ ਕਰਨ ਲਈ ਅਧਾਰ ਬਣ ਸਕਦੀ ਹੈ।

***

## ਮਾਮਲਾ 328 ਪਾਵਨ ਸਰੂਪਾਂ ਦੇ ਗ਼ਾਇਬ ਹੋਣ ਦਾ

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਰਾਜਨੀਤੀ ਨਾ ਬਣਾਉਣ ਅਤੇ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ 328 ਪਾਵਨ ਸਰੂਪ ਕਿੱਥੇ ਗਏ। ਉਨ੍ਹਾਂ ਨੂੰ ਦੋਸ਼ੀਆਂ ਵਿਰੁੱਧ ਕਾਰਵਾਈ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ, ਆਮ ਆਦਮੀ ਪਾਰਟੀ ਦੇ ਬਲਤੇਜ ਪੰਨੂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਉੱਤੇ ਆਰੋਪ ਲਗਾਇਆ ਕਿ ਉਹ ਜਵਾਬਦੇਹੀ ਤੋਂ ਭੱਜ ਰਹੇ ਹਨ।

ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਰਾਜਨੀਤੀ ਪ੍ਰੇਰਿਤ ਦੱਸਿਆ ਹੈ ਅਤੇ ਕਿਹਾ ਕਿ ਇਹ ਪੰਥਕ ਮਾਮਲਾ ਹੈ, ਜਿਸ ਵਿੱਚ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹੀਦਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਕੰਮ ਕਰ ਰਹੀ ਹੈ ਅਤੇ ਕੋਈ ਵੀ ਗਲਤੀ ਨਹੀਂ ਕੀਤੀ। ਪਰ ਪੰਥਕ ਆਗੂ ਬਲਦੇਵ ਸਿੰਘ ਸਿਰਸਾ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਰਿਕਾਰਡਾਂ ਨਾਲ ਛੇੜਛਾੜ ਕੀਤੀ ਅਤੇ ਸਰੂਪਾਂ ਨੂੰ ਅਣਅਧਿਕਾਰਤ ਤਰੀਕੇ ਨਾਲ ਵੰਡਿਆ ਗਿਆ।

ਇਸ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਗਠਿਤ ਕੀਤੀ ਹੈ, ਜਿਸ ਦੇ ਚੇਅਰਮੈਨ ਜਗਤਪ੍ਰੀਤ ਸਿੰਘ ਏਆਈਜੀ ਹਨ। ਇਸ ਟੀਮ ਵਿੱਚ ਹੋਰ ਅਧਿਕਾਰੀ ਵੀ ਸ਼ਾਮਲ ਹਨ, ਜੋ ਇਸ ਮਾਮਲੇ ਦੀ ਜਾਂਚ ਕਰਨਗੇ।

ਪੰਥਕ ਵਿਦਵਾਨ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਸਿੱਖ ਇਤਿਹਾਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰੂਪ ਵਜੋਂ ਪੂਜਨੀਕ ਮੰਨਿਆ ਜਾਂਦਾ ਹੈ ਅਤੇ ਇਸ ਨਾਲ ਜੁੜੀ ਕੋਈ ਵੀ ਬੇਅਦਬੀ ਪੰਥ ਵਿੱਚ ਗੰਭੀਰ ਮੰਨੀ ਜਾਂਦੀ ਹੈ। 2015 ਵਿੱਚ ਵੀ ਬਰਗਾੜੀ ਵਿੱਚ ਬੇਅਦਬੀ ਦੇ ਮਾਮਲੇ ਨੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ, ਜਿਸ ਵਿੱਚ ਪੰਥ ਨੇ ਬਾਦਲ ਸਰਕਾਰ ਨੂੰ ਦੋਸ਼ੀ ਬਣਾਇਆ ਗਿਆ ਸੀ। ਹੁਣ ਇਹ 328 ਸਰੂਪਾਂ ਦਾ ਮਾਮਲਾ ਵੀ ਉਸੇ ਤਰ੍ਹਾਂ ਦਾ ਹੈ, ਜਿੱਥੇ ਰਾਜਨੀਤੀ ਭਾਰੂ ਹੈ,ਬੇਅਦਬੀ ਦੇ ਮਸਲੇ ਨੂੰ ਦਬਾਇਆ ਜਾ ਰਿਹਾ ਹੈ। ਗੁਰਤੇਜ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਨਿਰਪੱਖ ਤਰੀਕੇ ਨਾਲ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਸਿੱਖ ਸੰਗਤ ਦੀ ਭਾਵਨਾ ਨੂੰ ਠੇਸ ਨਾ ਪਹੁੰਚੇ। ਸ਼੍ਰੋਮਣੀ ਕਮੇਟੀ ਨੂੰ ਯੋਗ ਪੰਥਕ ਮਾਹਿਰਾਂ ਦੀ ਜਾਂਚ ਕਮੇਟੀ ਬਣਾਕੇ ਇਸ ਮਾਮਲੇ ਨੂੰ ਹੱਲ ਕਰਨਾ ਚਾਹੀਦਾ ਹੈ। ਨਹੀਂ ਤਾਂ ਸਰਕਾਰ ਦੀ ਜਾਂਚ ਵਿੱਚ ਅੜਿਕਾ ਨਹੀਂ ਬਣਨਾ ਚਾਹੀਦਾ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਿਵਾਦ ਨੇ ਸਿੱਖ ਪੰਥ ਨੂੰ ਵੰਡਿਆ ਹੋਇਆ ਹੈ। ਇੱਕ ਪਾਸੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਇਸ ਮਾਮਲੇ ਨੂੰ ਦਬਾਉਣ ਵਿੱਚ ਲੱਗੇ ਹਨ, ਜਦਕਿ ਦੂਜੇ ਪਾਸੇ ਪੰਥਕ ਜਥੇਬੰਦੀਆਂ ਅਤੇ ਆਮ ਸਿੱਖ ਸੰਗਤ ਨਿਆਂ ਮੰਗ ਰਹੀ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਐੱਸਆਈਟੀ ਦੀ ਜਾਂਚ ਨਾਲ ਨਵੇਂ ਖੁਲਾਸੇ ਹੋ ਸਕਦੇ ਹਨ, ਜੋ ਇਸ ਮਾਮਲੇ ਨੂੰ ਹੋਰ ਗੰਭੀਰ ਬਣਾ ਸਕਦੇ ਹਨ ਤੇ ਬਾਦਲ ਅਕਾਲੀ ਦਲ ਦੀ ਸਿਆਸਤ ਲਈ ਬਰਗਾੜੀ ਬੇਅਦਬੀ ਕਾਂਡ ਵਾਂਗ ਵਡਾ ਸਿਆਸੀ ਸੰਕਟ ਖੜਾ ਕਰ ਸਕਦੇ ਹਨ। ਸਿੱਖ ਪੰਥ ਨੂੰ ਨਿਆਂ ਦੀ ਲੋੜ ਹੈ ਤਾਂ ਜੋ ਅਜਿਹੇ ਮਾਮਲੇ ਭਵਿੱਖ ਵਿੱਚ ਨਾ ਵਾਪਰਨ।

***

## ਜੀ ਰਾਮ ਜੀ ਬਿਲ:

ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬੈਠੀ। ਉਨ੍ਹਾਂ ਦਾ ਵਿਰੋਧ ਰਾਹੁਲ ਦੀ ਵਿਦੇਸ਼ ਯਾਤਰਾ ਨੂੰ ਮੁੱਦਾ ਬਣਾਉਣ ਤੱਕ ਸੀਮਿਤ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਨਾਲ ਤ੍ਰਿਣਮੂਲ ਕਾਂਗਰਸ, ਲੈਫਟ, ਐੱਸਪੀ, ਡੀਐੱਮਕੇ, ਆਰਜੇਡੀ, ਜੇਐੱਮਐੱਮ, ਐੱਨਸੀਪੀ ਵਰਗੀਆਂ ਸਾਰੀਆਂ ਵਿਰੋਧੀ ਪਾਰਟੀਆਂ ਇੱਕ ਹੋ ਕੇ ਇਸ ਵਿਰੁੱਧ ਸੜਕਾਂ 'ਤੇ ਨਹੀਂ ਉੱਤਰਨਗੀਆਂ ਤਾਂ ਕੋਈ ਵੀ ਅੰਦੋਲਨ ਕਾਮਯਾਬ ਨਹੀਂ ਹੋ ਸਕੇਗਾ।

ਇਹ ਹੈਰਾਨੀ ਵਾਲੀ ਗੱਲ ਹੈ ਕਿ ਦੋਹਾਂ ਸਦਨਾਂ ਤੋਂ ਪਾਸ ਹੋਣ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਕਾਨੂੰਨ ਬਣ ਜਾਣ ਤੋਂ ਬਾਅਦ ਹੁਣ ਇਸ ਦੇ ਪ੍ਰਾਵਧਾਨਾਂ 'ਤੇ ਵਿਸਥਾਰ ਨਾਲ ਚਰਚਾ ਹੋ ਰਹੀ ਹੈ । ਰਾਹੁਲ ਗਾਂਧੀ ਦਾਅਵਾ ਕਰ ਰਹੇ ਹਨ ਕਿ ਸਰਕਾਰ ਨੂੰ ਬਿਲ ਵਾਪਸ ਲੈਣ ਲਈ ਮਜਬੂਰ ਕਰਾਂਗੇ।

***

## ਨੌਜਵਾਨਾਂ ਨੂੰ ਧਰਮ ਅਤੇ ਵਿਰਸੇ ਦੀ ਜਾਣਕਾਰੀ ਦੇਣੀ

ਕਿਹਾ ਕਿ ਇਹ ਕੈਂਪ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਲਗਾਇਆ ਗਿਆ ਹੈ, ਜਿਨ੍ਹਾਂ ਨੇ ਬਾਲ ਉਮਰ ਵਿੱਚ ਅਸਹਿਨਸ਼ੀਲ ਅਤਿਆਚਾਰ ਸਹਿੰਦੇ ਹੋਏ ਵੀ ਆਪਣੇ ਧਰਮ, ਆਪਣੇ ਵਿਸ਼ਵਾਸ ਅਤੇ ਸਿੱਖ ਮਰਿਆਦਾ ਤੋਂ ਟੱਸ ਤੋਂ ਮੱਸ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਹ ਸ਼ਹਾਦਤਾਂ ਸਿੱਖ ਕੌਮ ਦੇ ਇਤਿਹਾਸ ਦਾ ਚਿਰਾਗ ਹਨ, ਜੋ ਸਦੀਵਾਂ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੱਚ, ਸਬਰ ਅਤੇ ਸਵੈਮਾਣ ਦੀ ਪ੍ਰੇਰਨਾ ਦਿੰਦੀਆਂ ਰਹਿਣਗੀਆਂ।

ਝਿੰਜਰ ਨੇ ਕਿਹਾ ਕਿ ਸ੍ਰੀ ਫਤਿਹਗੜ੍ਹ ਸਾਹਿਬ ਸਿੱਖ ਇਤਿਹਾਸ ਦਾ ਉਹ ਪਵਿੱਤਰ ਸਥਾਨ ਹੈ ਜਿੱਥੇ ਧਰਮ ਅਤੇ ਅਸੂਲਾਂ ਦੀ ਖਾਤਰ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ। ਇੱਥੇ ਲੱਗੇ ਇਸ ਕੈਂਪ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸਿੱਖ ਜੜ੍ਹਾਂ ਨਾਲ ਜੋੜਨਾ, ਉਨ੍ਹਾਂ ਨੂੰ ਦਸਤਾਰ ਦੀ ਮਹੱਤਤਾ, ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜਾਣੂ ਕਰਵਾਉਣਾ ਅਤੇ ਮਾਣ ਨਾਲ ਸਿੱਖ ਪਛਾਣ ਅਪਨਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਨੌਜਵਾਨਾਂ ਨੂੰ ਸਿਰਫ਼ ਦਸਤਾਰ ਬੰਨ੍ਹਾਉਣਾ ਹੀ ਨਹੀਂ, ਸਗੋਂ ਉਨ੍ਹਾਂ ਦੇ ਮਨਾਂ ਵਿੱਚ ਸਿੱਖੀ ਦੇ ਮੂਲ ਸਿਧਾਂਤ, ਸਵੈਮਾਣ, ਏਕਤਾ ਅਤੇ ਕੁਰਬਾਨੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ। ਇਸ ਮੌਕੇ ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਐਸਜੀਪੀਸੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਥਲ, ਐਸਜੀਪੀਸੀ ਮੈਂਬਰ ਅਵਤਾਰ ਸਿੰਘ ਰਿਆ, ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ, ਹਰਪ੍ਰੀਤ ਸਿੰਘ ਰਿੱਚੀ ਅਤੇ ਹਰਬੀਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ। ਪ੍ਰਬੰਧਕਾਂ ਅਨੁਸਾਰ ਇਸ ਕੈਂਪ ਦੌਰਾਨ ਦੋ ਦਿਨਾਂ ਵਿੱਚ 1500 ਤੋਂ ਵੱਧ ਸ਼ਰਧਾਲੂਆਂ ਨੂੰ ਦਸਤਾਰਾਂ ਬੰਨ੍ਹੀਆਂ ਗਈਆਂ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਅਤੇ ਬੱਚਿਆਂ ਵੱਲੋਂ ਵੱਡੇ ਉਤਸ਼ਾਹ ਨਾਲ ਭਾਗ ਲਿਆ ਗਿਆ।

***

## ਪੰਜ ਸਿੰਘ ਸਾਹਿਬਾਨ ਦੀ ਮੀਟਿੰਗ

ਅਹੁਦੇਦਾਰਾਂ ਨੇ ਹੁਕਮ ਦੀ ਉਲੰਘਣਾ ਕਰਦਿਆਂ ਇਜਲਾਸ ਕੀਤਾ ਸੀ। ਇਸ ਲਈ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਅਤੇ ਸਕੱਤਰ ਨੂੰ ਪੱਖ ਰੱਖਣ ਲਈ ਸੱਦਿਆ ਗਿਆ ਹੈ।

ਇਸੇ ਤਰ੍ਹਾਂ ਚੀਫ਼ ਖ਼ਾਲਸਾ ਦੀਵਾਨ ਤੋਂ ਜਾਣਕਾਰੀ ਮੰਗੀ ਗਈ ਸੀ ਕਿ ਉਨ੍ਹਾਂ ਦੇ ਕਿਹੜੇ ਮੈਂਬਰ ਅੰਮ੍ਰਿਤਧਾਰੀ ਹਨ ਅਤੇ ਕਿਹੜੇ ਨਹੀਂ ਹਨ ਪਰ ਉਨ੍ਹਾਂ ਵੱਲੋਂ ਭੇਜੀ ਜਾਣਕਾਰੀ ਅਸਪੱਸ਼ਟ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੂੰ ਯੋਗ ਸਮਾਂ ਦੇਣ ਦੇ ਬਾਵਜੂਦ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ ਜਿਸ ਕਾਰਨ ਜਥੇਦਾਰ ਨੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨੂੰ ਨਿੱਜੀ ਤੌਰ 'ਤੇ ਅੰਮ੍ਰਿਤਧਾਰੀ ਤੇ ਗ਼ੈਰ ਅੰਮ੍ਰਿਤਧਾਰੀ ਮੈਂਬਰਾਂ ਦੀ ਸੂਚੀ ਲੈ ਕੇ ਪਹੁੰਚਣ ਦਾ ਹੁਕਮ ਦਿੱਤਾ ਹੈ।

***

## ਨਿੱਕੀਆਂ ਜਿੰਦਾਂ ਦੇ ਮਹਾਨ ਸਾਕੇ ਤੋਂ ਅਗਵਾਈ ਤੇ

ਉਠਾਉਣੀ ਬਣਦੀ ਹੈ ਤਾਂ ਕਿ ਅਸੀਂ ਆਪਣੇ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨੂੰ ਦਰਪੇਸ਼ ਆ ਰਹੇ ਮਸਲਿਆਂ ਦਾ ਹੱਲ ਇੱਕ ਤਾਕਤ ਹੋ ਕੇ ਕਰਵਾ ਸਕੀਏ। ਇਸ ਇਕੱਠ ਵਿੱਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਿਚਾਰ ਪ੍ਰਗਟਾਉਂਦੇ ਹੋਏ ਸਮੁੱਚੀ ਸਿੱਖ ਕੌਮ ਨੂੰ ਆਪਣੇ ਸ਼ਹੀਦਾਂ ਦੀ ਸੋਚ ਉੱਤੇ ਪਹਿਰਾ ਦੇਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਇਸ ਇਕੱਠ ਵਿੱਚ ਸਰਬ-ਸੰਮਤੀ ਨਾਲ ਜੈਕਾਰਿਆਂ ਦੀ ਗੂੰਜ ਵਿੱਚ 12 ਮਤੇ ਪਾਸ ਕੀਤੇ ਗਏ ਜਿਸ ਵਿੱਚ ਪਹਿਲੇ ਮਤੇ ਵਿੱਚ ਸ਼ਹੀਦਾਂ ਤੋਂ ਅਗਵਾਈ ਲੈ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦ੍ਰਿੜ੍ਹਤਾ ਨਾਲ ਮੰਜ਼ਿਲ ਪ੍ਰਾਪਤੀ ਤੱਕ ਪਹਿਰਾ ਦਿੰਦਾ ਰਹੇਗਾ, ਸਿੱਖ ਨੌਜਵਾਨੀ ਦੇ ਕਾਤਲ ਹੁਕਮਰਾਨਾਂ ਨੂੰ ਹਰ ਕੀਮਤ 'ਤੇ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਮਿਲੇ, ਵਿਧਾਨਘਾੜਤਾ ਕਮੇਟੀ ਵਿੱਚ ਸਿੱਖ ਨੁਮਾਇੰਦਿਆਂ ਨੇ ਦਸਤਖ਼ਤ ਨਾ ਕਰਕੇ ਸਿੱਖ ਕੌਮ ਦੇ ਆਜ਼ਾਦ ਹੋਣ ਨੂੰ ਪ੍ਰਤੱਖ ਕਰ ਦਿੱਤਾ, 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਸੰਬੰਧੀ ਸ. ਬਲਦੇਵ ਸਿੰਘ ਵਡਾਲਾ ਵੱਲੋਂ ਕਾਨੂੰਨੀ ਅਮਲ ਅਤੇ ਸ. ਇਮਾਨ ਸਿੰਘ ਮਾਨ ਵੱਲੋਂ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਪੂਰਨ ਫਰਜ਼ਾਂ ਲਈ ਧੰਨਵਾਦ, ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਪੰਜਾਬ ਸੂਬੇ ਦੀਆਂ ਮਲਕੀਅਤਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਹੋ ਕੇ ਕੌਮ ਨਿਸ਼ਾਨੇ ਵੱਲ ਵਧੇ, ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਵਿੱਚ ਰੁਕਾਵਟ ਪਾਉਣ ਵਾਲੇ ਅਨਸਰਾਂ ਵਿਰੁੱਧ ਅਮਲ ਤੇ ਜਾਂਚ ਹੋਵੇ, ਪੰਜਾਬ ਦੀ ਸਥਿਤੀ ਨੂੰ ਬਿਹਤਰ ਕਰਨ ਲਈ ਪੰਜਾਬ ਨਾਲ ਲੱਗਦੀਆਂ ਸਰਹੱਦਾਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਵਪਾਰ ਤੇ ਯਾਤਰਾਵਾਂ ਲਈ ਖੋਲ੍ਹਿਆ ਜਾਵੇ, ਐਸ.ਜੀ.ਪੀ.ਸੀ ਦੀ ਤੁਰੰਤ ਜਰਨਲ ਚੋਣ ਕਰਵਾਉਣ ਦਾ ਐਲਾਨ ਕੀਤਾ ਜਾਵੇ, ਰੀਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਪਾਣੀਆਂ ਦਾ ਕੰਟਰੋਲ ਪੰਜਾਬ ਦੇ ਹਵਾਲੇ ਹੋਵੇ, ਜੀ ਰਾਮ ਜੀ ਕਾਨੂੰਨ ਰਾਹੀ ਮਜ਼ਦੂਰਾਂ ਨੂੰ 365 ਦਿਨ ਕੰਮ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਉਜਰਤ ਦਿੱਤਾ ਜਾਵੇ, ਪੰਜਾਬ ਅਤੇ ਸਿੱਖ ਕੌਮ ਦੇ ਸਭ ਮਸਲਿਆਂ ਦਾ ਇਕੋ ਇਕ ਹੱਲ ਕਾਮਰੇਡ ਚੀਨ, ਹਿੰਦੂ ਇੰਡੀਆ ਅਤੇ ਇਸਲਾਮਿਕ ਪਾਕਿਸਤਾਨ ਦੀ ਤ੍ਰਿਕੋਣ ਦੇ ਵਿਚਕਾਰ ਬਤੌਰ ਬਫਰ ਸਟੇਟ (ਖ਼ਾਲਿਸਤਾਨ) ਜਮਹੂਰੀਅਤ ਅਤੇ ਕੌਮਾਂਤਰੀ ਕਾਨੂੰਨਾਂ ਅਧੀਨ ਤੁਰੰਤ ਕਾਇਮ ਹੋਵੇ ਅਤੇ ਏਸ਼ੀਆ ਖ਼ਿੱਤੇ ਦੇ ਅਮਨ ਚੈਨ ਨੂੰ ਬਹਾਲ ਰੱਖਣ ਵਿੱਚ ਸਹਾਈ ਹੋਵੇਗਾ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home